


PUNJABSTAR.COM

# ਪੰਜਾਬ ਸਟਾਰ

Phone: 905-673-7666 , Fax: 1-289-206-8611

10 ਸਤੰਬਰ ਤੋਂ 16 ਸਤੰਬਰ, 2026

Email :- editor@punjabstar.com, Vo. 20. Issue:1254


## ਕੈਨੇਡਾ 'ਚ 8 ਸਾਲ ਪਹਿਲਾਂ ਆਇਆ ਪੰਜਾਬੀ ਪਰਿਵਾਰ ਡਿਪੋਰਟ



(ਪੰਜਾਬ ਸਟਾਰ ਬਿਓਰੋ): ਕੈਨੇਡਾ ਸਰਕਾਰ ਨੇ 8 ਸਾਲ ਪਹਿਲਾਂ ਇੱਥੇ ਆਏ ਇੱਕ ਭਾਰਤੀ ਪਰਿਵਾਰ ਦੀ ਸ਼ਰਨ ਮੰਗਣ ਦੀ ਬੇਨਤੀ ਰੱਦ ਕਰਦਿਆਂ ਭਾਰਤ ਵਾਪਸ ਭੇਜ (ਡਿਪੋਰਟ ਕੀਤਾ) ਦਿੱਤਾ ਹੈ। ਸਾਲ 2018 'ਚ ਭਾਰਤੇ ਦੇ ਪੰਜਾਬ ਤੋਂ ਆਏ ਅਤੇ ਕਿਊਬਕ ਸੂਬੇ ਵਿੱਚ ਰਹਿੰਦੇ ਪਰਿਵਾਰ ਨੇ ਕੈਨੇਡਾ ਨੂੰ ਆਪਣਾ ਮੁਲਕ ਸਮਝ ਕੇ 8 ਸਾਲ ਮਿਹਨਤ ਕੀਤੀ ਤੇ ਟੈਕਸ ਦਿੱਤੇ, ਪਰ ਕੈਨੇਡਾ ਦੇ ਅਵਾਸ ਵਿਭਾਗ ਨੇ ਨਾ ਤਾਂ ਉਨ੍ਹਾਂ ਦਾ ਭਾਰਤ ਵਿੱਚ ਆਪਣੀ * ਬਾਕੀ ਸਫ਼ਾ 2 'ਤੇ

## ਅਮਰੀਕਾ ਅਤੇ ਇਰਾਨ 'ਚ ਫਿਰ ਵਧਿਆ ਤਣਾਅ

### ਅਮਰੀਕਾ ਨੇ ਇਰਾਨ ਨਾਲ ਸਬੰਧਤ 5 ਤੇਲ ਟੈਂਕਰਾਂ 'ਤੇ ਕੀਤਾ ਹਮਲਾ



ਤੇਹਰਾਨ (ਪੰਜਾਬ ਸਟਾਰ ਬਿਓਰੋ): ਅਮਰੀਕਾ ਅਤੇ ਇਰਾਨ ਵਿਚਾਲੇ ਤਣਾਅ ਇੱਕ ਵਾਰ ਫਿਰ ਵਧ ਗਿਆ ਹੈ। ਅਮਰੀਕੀ ਫ਼ੌਜ ਨੇ ਮੰਗਲਵਾਰ ਨੂੰ ਇਰਾਨ ਨਾਲ ਜੁੜੇ 5 ਤੇਲ ਟੈਂਕਰਾਂ 'ਤੇ ਹਮਲਾ ਕੀਤਾ। ਇਸ ਦੇ ਕੁਝ ਘੰਟਿਆਂ ਬਾਅਦ ਇਰਾਨ ਨੇ ਜਾਰਡਨ ਵਿੱਚ ਅਮਰੀਕੀ ਫ਼ੌਜੀ ਟਿਕਾਣੇ ਵੱਲ 20 ਬੈਲਿਸਟਿਕ ਮਿਜ਼ਾਈਲਾਂ ਦਾਗੀਆਂ। ਜਾਰਡਨ ਦੀ ਫ਼ੌਜ ਨੇ ਦਾਅਵਾ ਕੀਤਾ ਕਿ ਉਸ ਦੇ ਏਅਰ ਡਿਫੈਂਸ ਸਿਸਟਮ ਨੇ 18 ਮਿਜ਼ਾਈਲਾਂ ਨੂੰ ਹਵਾ ਵਿੱਚ ਹੀ ਢਾਹ ਦਿੱਤਾ, ਜਦਕਿ ਦੋ ਮਿਜ਼ਾਈਲਾਂ ਆਬਾਦੀ * ਬਾਕੀ ਸਫ਼ਾ 2 'ਤੇ

# ਨੇਪਾਲ 'ਚ ਹੜ੍ਹਾਂ ਕਾਰਨ ਅੰਦਾਜ਼ਨ 400 ਅਰਬ ਰੁਪਏ ਦਾ ਨੁਕਸਾਨ

### 5,000 ਲੋਕ ਲਾਪਤਾ, 1,344 ਲਾਸ਼ਾਂ ਬਰਾਮਦ



(ਪੰਜਾਬ ਸਟਾਰ ਬਿਓਰੋ): ਨੇਪਾਲ ਵਿੱਚ 26 ਅਗਸਤ ਨੂੰ ਆਏ ਹੜ੍ਹਾਂ ਕਾਰਨ ਲਗਭਗ 400 ਅਰਬ ਨੇਪਾਲੀ ਰੁਪਏ ਦਾ ਨੁਕਸਾਨ ਹੋਇਆ ਹੈ। ਹੁਣ ਤੱਕ 1,344 ਲਾਸ਼ਾਂ ਬਰਾਮਦ ਕੀਤੀਆਂ ਜਾ ਚੁੱਕੀਆਂ ਹਨ, ਜਦਕਿ ਲਗਭਗ 5,000 ਲੋਕ ਅਜੇ ਵੀ ਲਾਪਤਾ ਹਨ। ਹੜ੍ਹਾਂ ਦਾ ਅਸਰ ਹੁਣ ਨੇਪਾਲ ਦੇ ਸੈਰ-ਸਪਾਟਾ ਉਦਯੋਗ 'ਤੇ ਵੀ ਦਿਖਾਈ ਦੇ ਰਿਹਾ ਹੈ। ਸੈਰ-ਸਪਾਟੇ ਦੇ ਮੁੱਖ ਸੀਜ਼ਨ ਜੋ ਸਤੰਬਰ ਤੋਂ ਨਵੰਬਰ ਤੱਕ ਚੱਲਦਾ ਹੈ ਲਈ ਹੋਟਲਾਂ ਅਤੇ ਟਰੈਵਲ ਕੰਪਨੀਆਂ ਕੋਲ ਕੀਤੀਆਂ ਗਈਆਂ * ਬਾਕੀ ਸਫ਼ਾ 2 'ਤੇ

## ਟਰੰਪ ਦਾ ਕੈਨੇਡਾ ਨੂੰ ਝਟਕਾ

### ਡੇਅਰੀ ਪ੍ਰੋਡਕਟ, ਸ਼ਰਾਬ ਤੇ ਮੋਟਰਸਾਈਕਲਾਂ ਦੀ ਅਮਰੀਕਾ 'ਚ ਐਂਟਰੀ 'ਤੇ ਰੋਕ



ਟੋਰਾਂਟੋ (ਪੰਜਾਬ ਸਟਾਰ ਬਿਓਰੋ): ਅਮਰੀਕਾ ਅਤੇ ਕੈਨੇਡਾ ਵਿਚਾਲੇ ਚੱਲ ਰਿਹਾ ਟਰੇਡ ਵਾਰ ਹੁਣ ਹੋਰ ਤਿੱਖਾ ਹੋ ਗਿਆ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕੈਨੇਡਾ ਤੋਂ ਆਉਣ ਵਾਲੇ ਕੁਝ ਡੇਅਰੀ ਪ੍ਰੋਡਕਟ, ਸ਼ਰਾਬ ਅਤੇ ਮੋਟਰਸਾਈਕਲਾਂ 'ਤੇ ਰੋਕ ਲਗਾਉਣ ਦਾ ਫੈਸਲਾ ਕੀਤਾ ਹੈ। ਇਹ ਬੈਨ 29 ਸਤੰਬਰ ਤੋਂ ਲਾਗੂ ਹੋਵੇਗਾ। ਇਹ ਫੈਸਲਾ ਕੈਨੇਡਾ ਵੱਲੋਂ ਅਮਰੀਕੀ ਸਮਾਨ 'ਤੇ 50 ਫ਼ੀਸਦੀ ਤੱਕ ਜਵਾਬੀ * ਬਾਕੀ ਸਫ਼ਾ 2 'ਤੇ

## ਟਰੰਪ ਦੀ ਦੁਸ਼ਮਣੀ ਨਾਲ ਮਾਰਕ ਕਾਰਨੀ ਨੂੰ ਵੱਡਾ ਸਿਆਸੀ ਫ਼ਾਇਦਾ



ਟੋਰਾਂਟੋ, (ਪੰਜਾਬ ਸਟਾਰ ਬਿਓਰੋ): ਅਮਰੀਕਾ ਨਾਲ ਚੱਲ ਰਹੀ ਕਾਰੋਬਾਰੀ ਜੰਗ ਦਰਮਿਆਨ ਪ੍ਰਧਾਨ ਮੰਤਰੀ ਮਾਰਕ ਕਾਰਨੀ ਦੀ ਮਕਬੂਲੀਅਤ ਵਿਚ ਤੇਜ਼ ਵਾਧਾ ਹੋ ਰਿਹਾ ਹੈ। ਜੀ ਹਾਂ, ਐਂਗਸ ਰੀਡ ਦੇ ਤਾਜ਼ਾ ਸਰਵੇਖਣ ਮੁਤਾਬਕ ਮਾਰਕ ਕਾਰਨ ਦੀ ਕਾਰਗੁਜ਼ਾਰੀ 'ਤੇ ਮੋਹਰ ਲਾਉਣ ਵਾਲਿਆਂ ਦੀ ਗਿਣਤੀ 11 ਫ਼ੀ ਸਦੀ ਵਧੀ ਹੈ ਅਤੇ ਹੁਣ 62 ਫ਼ੀ ਸਦੀ ਕੈਨੇਡੀਅਨਜ਼ ਨੇ ਪ੍ਰਧਾਨ ਮੰਤਰੀ ਵੱਲੋਂ ਲਏ ਜਾ * ਬਾਕੀ ਸਫ਼ਾ 2 'ਤੇ

## ਸਟੱਡੀ ਵੀਜ਼ਾ 'ਤੇ ਪੰਜਾਬ ਤੋਂ ਕੈਨੇਡਾ ਗਏ 16 ਨੌਜਵਾਨ ਗ੍ਰਿਫ਼ਤਾਰ

### ਮੁਲਜ਼ਮਾਂ 'ਤੇ 56 ਮਾਮਲੇ ਨੇ ਦਰਜ, ਕੈਲਗਿਰੀ ਪੁਲਿਸ ਵੱਲੋਂ ਤਸਵੀਰਾਂ ਜਾਰੀ




(ਪੰਜਾਬ ਸਟਾਰ ਬਿਓਰੋ): ਕੈਨੇਡਾ ਪੁਲਿਸ ਨੇ ਨਾਮੀ ਗੈਂਗ ਖ਼ਿਲਾਫ਼ ਹੁਣ ਤੱਕ ਦੀ ਸਭ ਤੋਂ ਵੱਡੀ ਕਾਰਵਾਈ ਕੀਤੀ ਹੈ। ਕੈਲਗਿਰੀ ਪੁਲਿਸ ਸਰਵਿਸ ਨੇ ਨਾਮੀ ਗੈਂਗ ਨਾਲ ਜੁੜੇ 16 ਗੁਰਗਿਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਨ੍ਹਾਂ ਮੁਲਜ਼ਮਾਂ 'ਤੇ ਟਾਰਗੇਟ ਫਾਇਰਿੰਗ, ਰੰਗਦਾਰੀ, ਕਿਡਨੈਪਿੰਗ ਅਤੇ ਕਾਰੋਬਾਰੀਆਂ ਨੂੰ ਧਮਕਾਉਣ ਵਰਗੇ ਗੰਭੀਰ ਦੋਸ਼ ਲੱਗੇ ਹਨ। ਪੁਲਿਸ ਮੁਤਾਬਕ ਗ੍ਰਿਫ਼ਤਾਰ ਮੁਲਜ਼ਮਾਂ ਖ਼ਿਲਾਫ਼ ਕੁੱਲ 56 ਕੇਸ ਦਰਜ ਹਨ। ਦੱਸਿਆ ਜਾ ਰਿਹਾ ਹੈ ਕਿ ਇਹ * ਬਾਕੀ ਸਫ਼ਾ 2 'ਤੇ

## ਕੈਨੇਡਾ : 2 ਪੰਜਾਬੀ ਨੌਜਵਾਨਾਂ ਦਾ ਦਿਨ-ਦਿਹਾੜੇ ਕਤਲ

### ਗੁਰਸਿਮਰਨ ਸਹੋਤਾ ਅਤੇ ਤਨਵੀਰ ਖੱਖ ਵਿਰੁੱਧ ਮੁਕੱਦਮਾ ਸ਼ੁਰੂ



ਵੈਨਕੂਵਰ, (ਪੰਜਾਬ ਸਟਾਰ ਬਿਓਰੋ): ਕੈਨੇਡਾ ਵਿਚ 2 ਪੰਜਾਬੀ ਨੌਜਵਾਨਾਂ ਦਾ ਦਿਨ-ਦਿਹਾੜੇ ਗੋਲੀਆਂ ਮਾਰ ਕੇ ਕਤਲ ਕੀਤੇ ਜਾਣ ਮਗਰੋਂ ਗ੍ਰਿਫ਼ਤਾਰ ਗੁਰਸਿਮਰਨ ਸਹੋਤਾ ਅਤੇ ਤਨਵੀਰ ਖੱਖ ਵਿਰੁੱਧ ਮੁਕੱਦਮਾ ਸ਼ੁਰੂ ਹੋ ਗਿਆ ਹੈ। ਬ੍ਰਿਟਿਸ਼ ਕੋਲੰਬੀਆ ਵਿਚ ਚਾਰ ਸਾਲ ਪਹਿਲਾਂ ਵਾਪਰੀ ਵਾਰਦਾਤ ਦੌਰਾਨ ਸਤਿੰਦਰ ਗਿੱਲ ਅਤੇ ਮਨਿੰਦਰ ਧਾਲੀਵਾਲ 'ਤੇ 21 ਗੋਲੀਆਂ ਚੱਲੀਆਂ ਅਤੇ ਦੋਵੇਂ ਜਣੇ ਮੌਕੇ 'ਤੇ ਦਮ ਤੋੜ ਗਏ। ਵਿਸਲਰ ਵਿਲੇਜ ਦੇ ਸਨਡਾਇਲ ਹੋਟਲ ਵਿਚ ਵਾਪਰੀ * ਬਾਕੀ ਸਫ਼ਾ 2 'ਤੇ

## ਅਮਰੀਕਾ 'ਚ ਤੇਲ ਕੀਮਤਾਂ ਨੇ ਤੋੜੇ ਸਾਰੇ ਰਿਕਾਰਡ

### ਇਤਿਹਾਸ 'ਚ ਪਹਿਲੀ ਵਾਰ ਲੇਬਰ ਡੇਅ ਮੌਕੇ 4 ਡਾਲਰ ਤੋਂ ਮਹਿੰਗਾ ਰਿਹਾ ਗੈਸੋਲੀਨ




ਟੈਕਸਸ (ਪੰਜਾਬ ਸਟਾਰ ਬਿਓਰੋ): ਅਮਰੀਕਾ ਵਿਚ ਤੇਲ ਕੀਮਤਾਂ ਨੇ ਲੋਕਾਂ ਦੇ ਨੱਕ ਵਿਚ ਦਮ ਕਰ ਦਿਤਾ ਹੈ ਅਤੇ ਪਿਛਲੇ ਕਈ ਦਹਾਕਿਆਂ ਦਾ ਰਿਕਾਰਡ ਟੁੱਟ ਗਿਆ ਜਦੋਂ ਲੇਬਰ ਡੇਅ ਵੀਕਐਂਡ ਦੌਰਾਨ ਵੀ ਗੈਸੋਲੀਨ ਦਾ ਔਸਤ ਭਾਅ 4.14 ਡਾਲਰ ਪ੍ਰਤੀ ਗੈਲਨ ਦਰਜ ਕੀਤਾ ਗਿਆ। ਮੀਡੀਆ ਰਿਪੋਰਟਾਂ ਮੁਤਾਬਕ ਅਮਰੀਕਾ ਵਿਚ ਲੇਬਰ ਡੇਅ ਮੌਕੇ ਕਦੇ ਵੀ ਗੈਸ ਕੀਮਤਾਂ 4 ਡਾਲਰ ਤੋਂ ਉਤੇ ਨਹੀਂ ਗਈਆਂ। ਆਖਰੀ ਵਾਰ ਸਾਲ 2012 ਵਿਚ 3.82 ਡਾਲਰ ਦਾ ਰਿਕਾਰਡ ਦਰਜ ਕੀਤਾ ਗਿਆ ਪਰ ਇਸ ਵਾਰ ਉਹ ਵੀ ਟੁੱਟ ਗਿਆ। ਟੈਕਸਸ ਕ੍ਰਿਸ਼ਚੀਅਨ ਯੂਨੀਵਰਸਿਟੀ ਵਿਚ ਐਨਰਜੀ ਫਾਇਨੈਂਸ ਦੇ ਪ੍ਰੋਫ਼ੈਸਰ ਟੌਮ ਸੈਂਗ ਨੇ ਕਿਹਾ ਕਿ ਘੁੰਮ ਫਿਰ ਕੇ ਸਾਰੀ ਗੱਲ ਈਰਾਨ ਜੰਗ ਅਤੇ ਹੋਰਮੁਜ਼ ਲਾਂਘੇ ਉਤੇ ਆ ਕੇ ਰੁਕ ਜਾਂਦੀ ਹੈ। ਜਦੋਂ ਤੱਕ ਇਹ ਸਮੱਸਿਆ ਹੱਲ ਨਹੀਂ ਹੁੰਦੀ, ਅਮਰੀਕਾ ਵਾਲਿਆਂ ਨੂੰ ਵਾਜਬ ਕੀਮਤਾਂ 'ਤੇ ਤੇਲ ਮਿਲਣਾ ਮੁਸ਼ਕਲ ਹੈ। ਦੂਜੇ ਪਾਸੇ ਡੀਜ਼ਲ ਦੀ ਔਸਤ ਕੀਮਤ 5.85 ਡਾਲਰ ਜਾਂ ਇਸ ਤੋਂ ਉਤੇ ਚੱਲ ਰਹੀ ਹੈ ਅਤੇ ਈਰਾਨ ਵੱਲੋਂ ਹੋਰਮੁਜ਼ ਲਾਂਘੇ ਉਤੇ ਮੁਕੰਮਲ ਕੰਟਰੋਲ ਕਰਨ ਦਾ ਦਾਅਵਾ ਮਹਿੰਗਾਈ ਵਧਣ ਵੱਲ ਇਸ਼ਾਰਾ ਕਰ ਰਿਹਾ ਹੈ। * ਬਾਕੀ ਸਫ਼ਾ 2 'ਤੇ

## ਵਿਨੀਪੈੱਗ 'ਚ 23ਵਾਂ ਮਹਾਨ ਨਗਰ ਕੀਰਤਨ

### 'ਧਮਕੀਆਂ' ਦੇ ਬਾਵਜੂਦ ਹਜ਼ਾਰਾਂ ਸੰਗਤਾਂ ਨੇ ਭਰੀ ਹਾਜ਼ਰੀ



(ਪੰਜਾਬ ਸਟਾਰ ਬਿਓਰੋ): ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ 23ਵਾਂ ਮਹਾਨ ਸਾਲਾਨਾ ਨਗਰ ਕੀਰਤਨ ਅੱਜ ਵਿਨੀਪੈਗ ਵਿੱਚ ਪੂਰੀ ਸ਼ਰਧਾ, ਉਤਸ਼ਾਹ ਅਤੇ ਖ਼ਾਲਸਾਈ ਜਾਹੋ-ਜਲਾਲ ਨਾਲ ਸੰਪੰਨ ਹੋਇਆ। ਗੁਰਦੁਆਰਾ ਸਿੱਖ ਸੁਸਾਇਟੀ ਆਫ਼ ਮੈਨੀਟੋਬਾ ਵੱਲੋਂ ਕਰਵਾਏ ਗਏ ਇਸ ਸਮਾਗਮ ਵਿੱਚ ਮੈਨੀਟੋਬਾ ਦੇ ਵੱਖ-ਵੱਖ ਹਿੱਸਿਆਂ ਤੋਂ ਹਜ਼ਾਰਾਂ ਦੀ ਗਿਣਤੀ ਵਿੱਚ ਸੰਗਤਾਂ ਨੇ ਸ਼ਮੂਲੀਅਤ ਕੀਤੀ।

ਇਸ ਵਾਰ ਦਾ ਨਗਰ ਕੀਰਤਨ ਭੰਨਤੋੜ ਅਤੇ ਧਮਕੀਆਂ ਦੇ ਮਾਹੌਲ ਦਰਮਿਆਨ ਹੋਇਆ। ਵਿਨੀਪੈਗ ਪੁਲੀਸ ਮੁਤਾਬਕ 4 ਸਤੰਬਰ ਨੂੰ ਸ਼ਹਿਰ ਦੇ ਕਈ ਟਰਾਂਜ਼ਿਟ ਬੋਰਡਾਂ 'ਤੇ ਸਵਾਸਤਿਕਾ ਸਮੇਤ ਨਫ਼ਰਤੀ ਚਿੰਨ੍ਹਾਂ ਵਾਲੀ ਗ੍ਰਾਫ਼ਿਟੀ ਕੀਤੇ ਜਾਣ ਦੀਆਂ ਸ਼ਿਕਾਇਤਾਂ ਮਿਲੀਆਂ ਸਨ। ਇਸ ਤੋਂ ਇਲਾਵਾ ਐਤਵਾਰ ਦੇ ਸਮਾਗਮ ਨੂੰ ਲੈ ਕੇ ਧਮਕੀਆਂ ਵੀ ਸਾਹਮਣੇ ਆਈਆਂ। ਪੁਲੀਸ ਨੇ ਮਾਮਲੇ ਨੂੰ ਸੰਭਾਵਿਤ ਨਫ਼ਰਤੀ ਅਪਰਾਧ ਮੰਨਦਿਆਂ ਜਾਂਚ ਮੇਜਰ ਕ੍ਰਾਈਮ ਯੂਨਿਟ ਦੇ ਹੇਟ ਕਰਾਈਮ ਕੋਆਰਡੀਨੇਟਰਾਂ ਨੂੰ ਸੌਂਪੀ ਹੈ।

**ਹਜ਼ਾਰਾਂ ਸੰਗਤਾਂ ਨੇ ਭਰੀ ਹਾਜ਼ਰੀ**

ਇਨ੍ਹਾਂ ਘਟਨਾਵਾਂ ਦੇ ਬਾਵਜੂਦ ਹਜ਼ਾਰਾਂ ਸਿੱਖਾਂ ਦਾ ਨਗਰ ਕੀਰਤਨ ਵਿੱਚ ਇਕੱਠੇ ਹੋਣਾ ਭਾਈਚਾਰੇ ਦੇ ਹੌਸਲੇ ਅਤੇ ਏਕਤਾ ਦਾ ਪ੍ਰਗਟਾਵਾ ਬਣਿਆ। ਲੈਜਿਸਲੇਟਿਵ ਬਿਲਡਿੰਗ ਦੇ ਪਾਰਕ ਵਿੱਚ ਸੰਗਤਾਂ ਦੀ ਵੱਡੀ ਭੀੜ ਇਕੱਠੀ ਹੋਈ, ਜੋ ਪ੍ਰਬੰਧਕਾਂ ਦੀਆਂ ਉਮੀਦਾਂ ਤੋਂ ਕਿਤੇ ਵੱਧ ਦੱਸੀ ਗਈ। ਅਰਦਾਸ ਉਪਰੰਤ ਪੰਜ ਪਿਆਰਿਆਂ ਦੀ ਅਗਵਾਈ ਹੇਠ ਨਗਰ ਕੀਰਤਨ ਦੀ ਸ਼ੁਰੂਆਤ ਹੋਈ। ਸੁੰਦਰ ਢੰਗ ਨਾਲ ਸਜਾਈ ਪਾਲਕੀ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸੁਸ਼ੋਭਿਤ ਸਨ ਅਤੇ ਪਿੱਛੇ ਸੰਗਤਾਂ ਵਾਹਿਗੁਰੂ ਦਾ ਜਾਪ ਕਰਦੀਆਂ ਅੱਗੇ ਵਧ ਰਹੀਆਂ ਸਨ।

ਨਗਰ ਕੀਰਤਨ ਦੌਰਾਨ ਰਾਗੀ ਜਥਿਆਂ ਵੱਲੋਂ ਗੁਰਬਾਣੀ ਕੀਰਤਨ ਅਤੇ ਗੁਰੂ ਜੱਸ ਕੀਤਾ ਗਿਆ। ਢਾਡੀ ਜਥਿਆਂ ਵੱਲੋਂ ਸਿੱਖ ਇਤਿਹਾਸ ਨਾਲ ਸਬੰਧਿਤ ਵਾਰਾਂ ਪੇਸ਼ ਕੀਤੀਆਂ ਗਈਆਂ। * ਬਾਕੀ ਸਫ਼ਾ 2 'ਤੇ


ਟੈਲੀਵਿਜ਼ਨ ਚੈਨਲ ਲਈ ਐਂਕਰ/ਮਾਰਕੀਟਿੰਗ ਸਟਾਫ਼ ਦੀ ਲੋੜ ਹੈ
ਮਿਸੀਸਾਗਾ ਸਥਿਤ ਟੈਲੀਵਿਜ਼ਨ ਚੈਨਲ ਨੂੰ ਐਂਕਰ (ਹੋਸਟ) ਅਤੇ ਮਾਰਕੀਟਿੰਗ ਲਈ ਲੜਕੇ/ਲੜਕੀਆਂ ਦੀ ਲੋੜ ਹੈ, ਵਧੇਰੇ ਜਾਣਕਾਰੀ ਲਈ 905-673-7666 'ਤੇ ਸੰਪਰਕ ਕਰ ਸਕਦੇ ਹਨ। ਤੁਸੀਂ ਚੰਗੇ ਪੈਸੇ ਬਣਾ ਸਕਦੇ ਹੋ।

Canada Consumer Credit Assistance ਕਰਜ਼ਾ ਰਹਿਤ ਜਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਸਿੰਘ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
www.MakeMeDebtFree.ca
416-502-3100
1888-864-3131
Jasbir Singh Hundal
Registered Credit Counsellor
Unit #20 - 7015 Tranmere Drive, Mississauga, ON, L5S 1T7

BRAR TAMBER RIGBY
PERSONAL INJURY LAWYERS
We Help Get You the Compensation You Deserve
Book a free consultation:
1-833-BRAR-LAW
PERSONAL INJURY
- Auto Accident
- Family Member Claims
- Pedestrian Hit Accident
- Short & Long-Term Disability
- Slip & Fall
- CPP Disability
- Bicycle Accident
- Wrongful Death & Fata accidents

FOR ALL YOUR REAL ESTATE NEEDS
ਕਿਸੇ ਤਰ੍ਹਾਂ ਦੀ ਵੀ ਪ੍ਰੋਪਰਟੀ ਖਰੀਦਣ ਜਾਂ ਵੇਚਣ ਲਈ ਜ਼ਰੂਰ ਸੰਪਰਕ ਕਰੋ
Harjit Brar
Sales Representative
416-417-6010
HOMELIFE HIGHER STANDARDS
HOMELIFE MAPLE LEAF REALTY LTD., BROKERAGE
Independently Owned and Operated
Ph: 905-456-9090
Vik Mehmi
Broker
416-500-6262

# ਪੇਜ ਇੱਕ ਦੀ ਬਾਕੀ

## ਕੈਨੇਡਾ 'ਚ 8 ਸਾਲ...

ਜਾਨ ਨੂੰ ਖਤਰੇ ਦਾ ਦਾਅਵਾ ਅਤੇ ਨਾ ਹੀ ਮਨੁੱਖੀ ਤਰਸ ਦੇ ਅਧਾਰ ਤੇ ਰਹਿਣ ਦੀ ਬੇਨਤੀ ਸਵੀਕਾਰ ਕੀਤੀ। ਗੁਰਾਇਆ (ਜਲੰਧਰ) ਰਹਿੰਦੇ ਪਰਿਵਾਰ ਦਾ ਮੁਖੀ ਹਰੀਸ਼ ਕੈਨੇਡਾ ਆ ਕੇ ਕਈ ਸਾਲ ਟਰੱਕ ਡਰਾਇਵਰ ਵਜੋਂ ਸੇਵਾਵਾਂ ਨਿਭਾਉਂਦਾ ਸੀ 'ਤੇ ਉਸਦੀ ਪਤਨੀ ਵੀ ਨੌਕਰੀ ਕਰਨ ਦੇ ਨਾਲ-ਨਾਲ ਆਪਣੇ 4 ਤੇ 6 ਸਾਲ ਦੇ ਬੱਚੇ ਪਾਲ ਰਹੀ ਸੀ। ਜਾਣਕਾਰੀ ਅਨੁਸਾਰ ਪਰਿਵਾਰ ਨੂੰ ਡਿਪੋਰਟ ਕਰਨ ਤੋਂ ਪਹਿਲਾਂ ਉਸ ਦੀ ਮਨੁੱਖਤਾਵਾਦੀ ਤਰਸ ਦੀ ਬੇਨਤੀ ਵੀ ਠੁਕਰਾ ਦਿੱਤੀ ਗਈ।

ਹਰੀਸ਼ ਦੇ 14 ਸਾਲਾਂ ਦੇ ਪੁੱਤਰ ਜਪੇਸ਼ ਨੇ ਕਿਹਾ ਕਿ ਕੈਨੇਡਾ ਵਿੱਚ ਉਸ ਦਾ ਬਚਪਨ ਕੈਨੇਡਾ ਵਿੱਚ ਹੀ ਬੀਤਿਆ ਹੈ ਅਤੇ ਉਸਦੇ ਦੋਸਤ-ਮਿੱਤਰ ਵੀ ਇੱਥੇ ਹੀ ਹਨ, ਪਰ ਭਾਰਤ ਜਾ ਕੇ ਉਹ ਇਕੱਲਤਾ ਮਹਿਸੂਸ ਕਰੇਗਾ। 12 ਸਾਲ ਦੇ ਛੋਟੇ ਪੁੱਤਰ ਗੌਲਾਸ਼ ਨੇ ਕਿਹਾ ਕਿ ਉਸ ਨੂੰ ਉਸ ਦੇਸ਼ (ਭਾਰਤ) ਵੱਲ ਵਿੱਚ ਧੱਕਿਆ ਜਾ ਰਿਹਾ ਹੈ, ਜਿਥੇ ਬਾਰੇ ਉਹ ਕੁਝ ਨਹੀਂ ਜਾਣਦਾ। ਉਸਦਾ ਕਹਿਣਾ ਸੀ 4 ਸਾਲ ਦੀ ਉਮਰ 'ਚ ਜਦ ਮਾਪੇ ਉਸ ਨੂੰ ਭਾਰਤ ਤੋਂ ਨਾਲ ਲੈਕੇ ਆਏ, ਉਦੋਂ ਦਾ ਉਸਨੂੰ ਕੁਝ ਯਾਦ ਨਹੀਂ।

ਪਰਿਵਾਰ ਨੇ ਦੱਸਿਆ ਕਿ 4 ਸਤੰਬਰ ਨੂੰ ਵਿਭਾਗ ਨੇ ਸੂਚਿਤ ਕੀਤਾ ਕਿ ਉਨ੍ਹਾਂ ਵਲੋਂ ਮੰਗੀ ਸ਼ਰਨ ਦੀ ਬੇਨਤੀ ਰੱਦ ਹੋਣ ਕਰਕੇ ਉਨ੍ਹਾਂ ਨੂੰ 7 ਸਤੰਬਰ ਨੂੰ ਡਿਪੋਰਟ ਕੀਤਾ ਜਾਵੇਗਾ। ਇੰਮੀਗਰੈਂਟ ਵਰਕਰ ਸੈਂਟਰ, ਇੱਕ ਸੰਗਠਨ ਜੋ ਅਜਿਹੇ ਲੋਕਾਂ ਦੇ ਮਾਮਲਿਆਂ ਪ੍ਰਤੀ ਹਮਦਰਦੀ ਰੱਖਦੀ ਹੈ, ਦੇ ਕਾਰਕੁੰਨ ਮੁਸਤਫਾ ਹੈਨਾਵੇ ਦੁੱਖ ਪ੍ਰਗਟਾਉਂਦੇ ਕਿਹਾ ਗਿਆ ਹੈ ਕਿ ਹਰੀਸ਼ ਟਰੱਕ ਡਰਾਇਵਰ ਵਜੋਂ ਕੋਵਿਡ ਸਮੇਂ ਟਰੱਕ ਚਲਾ ਕੇ ਕੈਨੇਡਾ ਦੀ ਅਰਥ-ਵਿਵਸਥਾ ਵਿੱਚ ਯੋਗਦਾਨ ਪਾਉਂਦਾ ਰਿਹਾ, ਪਰ ਉਸਦੀਆਂ ਸੇਵਾਵਾਂ ਨੂੰ ਅਣਦਿੱਖ ਕਰਕੇ ਡਿਪੋਰਟ ਕਰਨਾ ਭਾਰੀ ਅਨਿਆਂ ਹੈ। ਉਸਨੇ ਕਿਹਾ ਕਿ ਹਰੀਸ਼ ਦੇ ਦੋਹੇਂ ਬੱਚੇ, ਜਿੰਨਾਂ ਦੀ ਸੋਚ ਕੈਨੇਡਾ ਦੇ ਹਾਣ ਦੀ ਬਣੀ ਹੋਈ ਹੈ, ਨਾਲ ਤਾਂ ਮਾਪਿਆਂ ਤੋਂ ਵੱਡਾ ਅਨਿਆ ਕੀਤਾ ਗਿਆ ਹੈ।

ਸਾਲ 2018 'ਚ ਸੈਲਾਨੀ ਵੀਜੇ ਤੇ ਕੈਨੇਡਾ ਆਏ ਹਰੀਸ਼ ਨੇ ਸ਼ਰਨ ਵਜੋਂ ਬੇਨਤੀ ਕਰਦਿਆਂ ਕਿਹਾ ਸੀ ਕਿ ਉਹ ਭਾਰਤ ਵਿੱਚ ਕਰਿਆਨੇ ਦੀ ਦੁਕਾਨ ਕਰਦਾ ਸੀ, ਪਰ ਪੁਲੀਸ ਕਿਸੇ ਸਿਆਸੀ ਆਗੂ ਦੇ ਦਬਾਅ ਹੇਠ ਉਸ ਉੱਤੇ ਨਜਾਇਜ਼ ਮਾਮਲੇ ਦਰਜ ਕਰਕੇ ਤੰਗ ਕਰ ਰਹੀ ਸੀ। ਉਸਨੇ ਲਿਖਿਆ ਕਿ 12 ਅਗਸਤ 2017 ਤੋਂ 19 ਅਗਸਤ ਤੱਕ ਨਜਾਇਜ ਰਿਹਾਸਤ ਵਿੱਚ ਰੱਖ ਕੇ ਭਾਰੀ ਤਸ਼ੱਦਦ ਕੀਤਾ ਗਿਆ ਸੀ ਤੇ ਉਸਨੂੰ ਆਪਣੀ ਜਾਨ ਦਾ ਖਤਰਾ ਮਹਿਸੂਸ ਹੋਣ ਲੱਗਾ ਤੇ ਉਹ ਜਾਨ ਬਚਾਉਣ ਲਈ ਕੈਨੇਡਾ ਆਇਆ ਸੀ। ਕੈਨੇਡਾ ਸਰਹੱਦੀ ਸੁਰੱਖਿਆ ਏਜੰਸੀ (ਸੀ ਬੀ ਐਸ ਏ) ਦੇ ਅਧਿਕਾਰੀ ਨੇ ਕਿਹਾ ਕਿ ਕੱਚੇ ਵਿਦੇਸ਼ੀਆਂ ਨੂੰ ਤੁਰੰਤ ਵਾਪਸ ਭੇਜਣ ਦੇ ਹੁਕਮ ਜਾਰੀ ਹੋਣ ਅਤੇ ਉਨ੍ਹਾਂ ਨੂੰ ਹਿਰਾਸਤ ਵਿੱਚ ਲੈਣ ਤੋਂ ਬਾਅਦ ਉਨ੍ਹਾਂ ਕੋਲ ਵਾਪਸ ਨਾ ਭੇਜਣ ਦਾ ਕੋਈ ਵਿਕਲਪ ਨਹੀਂ ਬਚਦਾ। ਪਤਾ ਲੱਗਾ ਹੈ ਕਿ ਇਸੇ ਤਰ੍ਹਾਂ ਦੇ ਹੋਰ ਹਜ਼ਾਰਾਂ ਮਾਮਲੇ ਏਜੰਸੀ ਕੋਲ ਹਨ, ਜਿੰਨਾਂ ਨੂੰ ਡਿਪੋਰਟ ਕੀਤੇ ਜਾਣ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ।

## ਨੇਪਾਲ 'ਚ ਹੜ੍ਹਾਂ...

ਬੁਕਿੰਗਾਂ ਰੱਦ ਕੀਤੀਆਂ ਜਾ ਰਹੀਆਂ ਹਨ। ਕਾਠਮੰਡੂ ਦੇ ਇੱਕ ਹੋਟਲ ਵਿੱਚ ਲਗਭਗ 20% ਬੁਕਿੰਗਾਂ ਰੱਦ ਕਰ ਦਿੱਤੀਆਂ ਗਈਆਂ ਹਨ। ਹੋਟਲ ਦੇ ਮੈਨੇਜਿੰਗ ਡਾਇਰੈਕਟਰ ਅਨੁਸਾਰ, ਹੜ੍ਹਾਂ ਤੋਂ ਬਾਅਦ ਵਾਲੇ ਹਫ਼ਤੇ ਵਿੱਚ ਬੁਕਿੰਗਾਂ ਰੱਦ ਹੋਣ ਦੇ ਮਾਮਲਿਆਂ ਵਿੱਚ ਖਾਸ ਕਰਕੇ ਆਨਲਾਈਨ ਬੁਕਿੰਗਾਂ ਦੇ ਮਾਮਲੇ ਵਿੱਚ ਤੇਜ਼ੀ ਨਾਲ ਵਾਧਾ ਹੋਇਆ। ਹੜ੍ਹਾਂ ਦੀਆਂ ਤਸਵੀਰਾਂ ਕਾਰਨ ਬਹੁਤ ਸਾਰੇ ਵਿਦੇਸ਼ੀ ਸੈਲਾਨੀਆਂ ਨੂੰ ਇਹ ਭੁਲੇਖਾ ਪੈ ਗਿਆ ਹੈ ਕਿ ਪੂਰਾ ਨੇਪਾਲ ਦੇਸ਼ ਇਸ ਕੁਦਰਤੀ ਆਫ਼ਤ ਨਾਲ ਪ੍ਰਭਾਵਿਤ ਹੋਇਆ ਹੈ। ਇਸ ਧਾਰਨਾ ਨੂੰ ਦੂਰ ਕਰਨ ਲਈ, ਸਰਕਾਰ ਨੇ #NepalCalling ਮੁਹਿੰਮ ਸ਼ੁਰੂ ਕੀਤੀ ਹੈ।

ਸਰਕਾਰ ਅਨੁਸਾਰ, ਸੈਰ-ਸਪਾਟੇ ਦੇ ਜ਼ਿਆਦਾਤਰ ਪ੍ਰਮੁੱਖ ਸਥਾਨ ਅਤੇ ਹਵਾਈ ਅੱਡੇ ਜਿਨ੍ਹਾਂ ਵਿੱਚ ਕਾਠਮੰਡੂ, ਪੋਖਰਾ, ਚਿਤਵਨ, ਲੁੰਬਿਨੀ, ਜਨਕਪੁਰ, ਅੰਨਪੂਰਨਾ ਅਤੇ ਐਵਰੈਸਟ ਸ਼ਾਮਲ ਹਨ ਖੁੱਲ੍ਹੇ ਹਨ। ਹਾਲਾਂਕਿ, ਕੁਝ ਰਸਤੇ ਜਿਵੇਂ ਕਿ ਲਾਂਗਤਾਂਗ, ਗੋਸਾਈਕੁੰਡਾ, ਹੇਲੰਬੂ ਸਰਕਟ ਅਤੇ ਤਾਮਾਂਗ ਹੈਰੀਟੇਜ ਟ੍ਰੇਲ ਪ੍ਰਭਾਵਿਤ ਜਾਂ ਸੀਮਤ ਹਨ।

ਮੁੱਢਲੇ ਅਨੁਮਾਨਾਂ ਅਨੁਸਾਰ, ਹੜ੍ਹ-ਪ੍ਰਭਾਵਿਤ ਲੋਕਾਂ ਦੇ ਬਚਾਅ, ਰਾਹਤ ਅਤੇ ਤੁਰੰਤ ਪ੍ਰਬੰਧਨ ਲਈ ਅਗਲੇ ਛੇ ਮਹੀਨਿਆਂ ਦੌਰਾਨ ਲਗਭਗ 8 ਅਰਬ ਨੇਪਾਲੀ ਰੁਪਇਆਂ ਦੀ ਲੋੜ ਪਵੇਗੀ। ਸਰਕਾਰ PDNA ਰਿਪੋਰਟ ਦੇ ਆਧਾਰ 'ਤੇ ਮੁੜ-ਵਸੇਬੇ ਅਤੇ ਮੁੜ-ਨਿਰਮਾਣ ਲਈ ਲੋੜੀਂਦੇ ਫੰਡ ਜੁਟਾਉਣ ਵਾਸਤੇ ਇੱਕ ਯੋਜਨਾ ਤਿਆਰ ਕਰੇਗੀ।

NDRRMA ਦੇ ਮੁੱਢਲੇ ਅਨੁਮਾਨ ਅਨੁਸਾਰ, ਹੜ੍ਹਾਂ ਕਾਰਨ ਲਗਭਗ 7,570 ਘਰ ਪ੍ਰਭਾਵਿਤ ਹੋਏ ਹਨ। ਲਗਭਗ 55 ਕਿਲੋਮੀਟਰ ਸੜਕਾਂ, 37 ਸੜਕੀ ਪੁਲ ਅਤੇ 68 ਲਟਕਵੇਂ ਪੁਲ (ਸਸਪੈਂਸ਼ਨ ਬ੍ਰਿਜ) ਤਬਾਹ ਜਾਂ ਨੁਕਸਾਨੇ ਗਏ ਹਨ। ਹੜ੍ਹਾਂ ਨੇ 1,806 ਹੈਕਟੇਅਰ ਖੇਤੀਬਾੜੀ ਵਾਲੀ ਜ਼ਮੀਨ ਅਤੇ 13 ਪਣ-ਬਿਜਲੀ ਪ੍ਰੋਜੈਕਟਾਂ ਨੂੰ ਵੀ ਪ੍ਰਭਾਵਿਤ ਕੀਤਾ ਹੈ। ਇਸ ਤੋਂ ਇਲਾਵਾ, ਇੱਕ ਸੋਲਰ ਪ੍ਰੋਜੈਕਟ ਅਤੇ ਬਿਜਲੀ ਸੰਚਾਰ ਦੀਆਂ ਦੋ ਲਾਈਨਾਂ ਨੂੰ ਨੁਕਸਾਨ ਪਹੁੰਚਿਆ ਹੈ। ਇਸ ਨਾਲ ਲਗਭਗ 783 ਮੈਗਾਵਾਟ ਦੀ ਬਿਜਲੀ ਉਤਪਾਦਨ ਸਮਰੱਥਾ ਪ੍ਰਭਾਵਿਤ ਹੋਈ ਹੈ।

## ਟਰੰਪ ਦਾ ਕੈਨੇਡਾ...

ਟੈਰਿਫ ਲਗਾਏ ਜਾਣ ਤੋਂ ਬਾਅਦ ਲਿਆ ਗਿਆ ਹੈ।

**ਸ਼ਰਾਬ ਅਤੇ ਕੁਝ ਡੇਅਰੀ ਉਤਪਾਦਾਂ 'ਤੇ ਰੋਕ**

ਟਰੰਪ ਦੇ ਹੁਕਮ ਮੁਤਾਬਕ ਕੈਨੇਡਾ ਤੋਂ ਆਉਣ ਵਾਲੀ ਸ਼ਰਾਬ, ਵਾਈਨ ਅਤੇ ਅਲਕੋਹਲ-ਫ੍ਰੀ ਬੀਅਰ ਦੀ ਅਮਰੀਕਾ ਵਿੱਚ ਐਂਟਰੀ 'ਤੇ ਰੋਕ ਲੱਗੇਗੀ। ਇਸ ਤੋਂ ਇਲਾਵਾ ਦੁੱਧ ਤੋਂ ਬਣੇ ਕੁਝ ਉਤਪਾਦ ਵੀ ਅਮਰੀਕੀ ਬਾਜ਼ਾਰ ਵਿੱਚ ਨਹੀਂ ਆ ਸਕਣਗੇ। ਅਮਰੀਕੀ ਅਧਿਕਾਰੀਆਂ ਮੁਤਾਬਕ ਬੈਨ ਨੂੰ ਸੀਮਤ ਰੱਖਿਆ ਗਿਆ ਹੈ, ਤਾਂ ਜੋ ਅਮਰੀਕੀ ਖਪਤਕਾਰਾਂ ਲਈ ਵਸਤੂਆਂ ਦੀਆਂ ਕੀਮਤਾਂ ਵਿੱਚ ਅਚਾਨਕ ਵੱਡਾ ਵਾਧਾ ਨਾ ਹੋਵੇ।

**ਕੈਨੇਡਾ ਨੇ ਵੀ ਲਗਾਇਆ 50% ਤੱਕ ਟੈਰਿਫ**

ਟਰੰਪ ਦੇ ਨਵੇਂ ਬੈਨ ਤੋਂ ਕੁਝ ਘੰਟੇ ਪਹਿਲਾਂ ਹੀ ਕੈਨੇਡਾ ਨੇ ਕਈ ਅਮਰੀਕੀ ਵਸਤੂਆਂ 'ਤੇ 50 ਫ਼ੀਸਦੀ ਤੱਕ ਜਵਾਬੀ ਟੈਰਿਫ ਲਾਗੂ ਕੀਤਾ ਸੀ। ਕੈਨੇਡਾ ਨੇ ਇਹ ਕਦਮ ਅਮਰੀਕਾ ਵੱਲੋਂ ਲਗਾਏ ਗਏ ਟੈਰਿਫ ਦੇ ਜਵਾਬ ਵਿੱਚ ਚੁੱਕਿਆ ਹੈ। ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਟਰੰਪ ਦੀ ਵਪਾਰ ਨੀਤੀ ਦਾ ਵਿਰੋਧ ਕੀਤਾ ਹੈ। ਕੈਨੇਡਾ ਦਾ ਕਹਿਣਾ ਹੈ ਕਿ ਅਮਰੀਕਾ ਜਿੰਨੀ ਕੀਮਤ ਦੇ ਕੈਨੇਡੀਅਨ ਸਮਾਨ 'ਤੇ ਟੈਰਿਫ ਲਗਾਏਗਾ, ਲਗਭਗ ਉਸੇ ਮੁੱਲ ਦੇ ਅਮਰੀਕੀ ਸਮਾਨ 'ਤੇ ਜਵਾਬੀ ਟੈਕਸ ਲਗਾਇਆ ਜਾਵੇਗਾ।

**ਟਰੰਪ ਦੀ ਨੀਤੀ-'ਬਰਾਬਰੀ ਨਹੀਂ ਤਾਂ ਬਾਜ਼ਾਰ 'ਚ ਥਾਂ ਨਹੀਂ'**

ਟਰੰਪ ਨੇ ਕਿਹਾ ਹੈ ਕਿ ਜੇਕਰ ਕੈਨੇਡਾ ਅਮਰੀਕੀ ਕਿਸਾਨਾਂ ਅਤੇ ਕੰਪਨੀਆਂ ਨੂੰ ਬਰਾਬਰ ਮੌਕਾ ਨਹੀਂ ਦਿੰਦਾ ਤਾਂ ਕੈਨੇਡੀਅਨ ਉਤਪਾਦਾਂ ਨੂੰ ਅਮਰੀਕਾ ਵਿੱਚ ਸਰਕਾਰੀ ਖਰੀਦ ਦਾ ਲਾਭ ਵੀ ਨਹੀਂ ਮਿਲੇਗਾ। ਉਨ੍ਹਾਂ ਨੇ ਸਰਕਾਰੀ ਖਰੀਦ ਦੀ ਸੂਚੀ ਵਿੱਚੋਂ ਕੈਨੇਡਾ ਵਿੱਚ ਬਣੇ ਸਮਾਨ ਨੂੰ ਹਟਾਉਣ ਦਾ ਹੁਕਮ ਦਿੱਤਾ ਹੈ। ਟਰੰਪ ਦਾ ਦੋਸ਼ ਹੈ ਕਿ ਕੈਨੇਡਾ ਅਮਰੀਕੀ ਕੰਪਨੀਆਂ ਨੂੰ ਆਪਣੇ ਸਰਕਾਰੀ ਠੇਕਿਆਂ ਵਿੱਚ ਸਮਾਨ ਵੇਚਣ ਦੀ ਬਰਾਬਰ ਸਹੂਲਤ ਨਹੀਂ ਦਿੰਦਾ, ਜਦਕਿ ਕੈਨੇਡੀਅਨ ਕੰਪਨੀਆਂ ਨੂੰ ਅਮਰੀਕਾ ਵਿੱਚ ਇਹ ਮੌਕਾ ਮਿਲਦਾ ਹੈ। ਟਰੰਪ ਨੇ ਇਸ ਨੀਤੀ ਨੂੰ "ਨੋ ਰਿਸਿਪ੍ਰੋਸਿਟੀ-ਨੋ ਐਕਸੈੱਸ", ਯਾਨੀ "ਬਰਾਬਰੀ ਨਹੀਂ ਤਾਂ ਪਹੁੰਚ ਨਹੀਂ" ਦਾ ਨਾਮ ਦਿੱਤਾ ਹੈ।

**ਕੁਝ ਵਸਤੂਆਂ 'ਤੇ ਟੈਰਿਫ ਵਧੇ, ਕੁਝ ਨੂੰ ਰਾਹਤ**

ਟਰੰਪ ਨੇ ਕੈਨੇਡਾ ਤੋਂ ਆਉਣ ਵਾਲੇ ਕੁਝ ਉਤਪਾਦਾਂ 'ਤੇ ਟੈਰਿਫ ਦੇ ਨਿਯਮ ਵੀ ਬਦਲੇ ਹਨ। ਕੈਨੇਡਾ ਦੇ ਕਈ ਐਲੂਮੀਨੀਅਮ ਉਤਪਾਦਾਂ 'ਤੇ ਹੁਣ 50 ਫ਼ੀਸਦੀ ਟੈਰਿਫ ਲੱਗੇਗਾ। ਦੂਜੇ ਪਾਸੇ, ਬੈੱਡਸ਼ੀਟਾਂ, ਮੱਛੀ ਫੜਨ ਵਾਲੀਆਂ ਛੜਾਂ ਅਤੇ ਟਾਇਲਟ ਪੇਪਰ ਵਿੱਚ ਵਰਤੇ ਜਾਣ ਵਾਲੇ ਟਿਸ਼ੂ 'ਤੇ ਲੱਗੇ ਕੁਝ ਸ਼ੁਲਕ ਹਟਾ ਦਿੱਤੇ ਗਏ ਹਨ।

**18 ਮਹੀਨਿਆਂ ਤੋਂ ਜਾਰੀ ਹੈ ਅਮਰੀਕਾ-ਕੈਨੇਡਾ ਟਰੇਡ ਵਾਰ**

ਅਮਰੀਕਾ ਅਤੇ ਕੈਨੇਡਾ ਵਿਚਾਲੇ ਵਪਾਰਕ ਵਿਵਾਦ ਲਗਭਗ 18 ਮਹੀਨਿਆਂ ਤੋਂ ਚੱਲ ਰਿਹਾ ਹੈ। ਜੁਲਾਈ ਵਿੱਚ ਟਰੰਪ ਨੇ ਕੈਨੇਡਾ 'ਤੇ ਅਮਰੀਕੀ ਉਦਯੋਗਾਂ ਨਾਲ ਭੇਦਭਾਵ ਕਰਨ ਦਾ ਦੋਸ਼ ਲਗਾਇਆ ਸੀ। ਇਸ ਤੋਂ ਬਾਅਦ ਟਰੰਪ ਨੇ ਇੱਕ ਪੁਰਾਣੇ ਕਾਨੂੰਨ ਦੀ ਵਰਤੋਂ ਕਰਦਿਆਂ ਕੁਝ ਕੈਨੇਡੀਅਨ ਉਤਪਾਦਾਂ 'ਤੇ 50 ਫ਼ੀਸਦੀ ਤੱਕ ਟੈਰਿਫ ਲਗਾਉਣ ਦਾ ਫੈਸਲਾ ਕੀਤਾ। ਦੋਵਾਂ ਦੇਸ਼ਾਂ ਵਿਚਾਲੇ ਕਈ ਮਹੀਨੇ ਗੱਲਬਾਤ ਚੱਲਦੀ ਰਹੀ, ਪਰ 21 ਅਗਸਤ ਨੂੰ ਇਹ ਗੱਲਬਾਤ ਟੁੱਟ ਗਈ। ਇਸ ਤੋਂ ਬਾਅਦ ਦੋਵਾਂ ਦੇਸ਼ਾਂ ਵਿਚਾਲੇ ਟੈਰਿਫ ਵਾਰ ਹੋਰ ਤੇਜ਼ ਹੋ ਗਿਆ ਹੈ।

## ਟਰੰਪ ਦੀ ਦੁਸ਼ਮਣੀ...

ਰਹੇ ਫ਼ੈਸਲਿਆਂ 'ਤੇ ਮੁਕੰਮਲ ਤਸੱਲੀ ਜ਼ਾਹਰ ਕੀਤੀ ਹੈ।

**ਪ੍ਰਧਾਨ ਮੰਤਰੀ ਦੀ ਹਮਾਇਤ ਕਰਨ ਵਾਲਿਆਂ ਦੀ ਗਿਣਤੀ 11 ਫ਼ੀ ਸਦੀ ਵਧੀ**

ਮਾਰਕ ਕਾਰਨੀ ਉਤੇ ਯਕੀਨ ਹੋਣ ਦੇ ਬਾਵਜੂਦ ਅਮਰੀਕਾ ਨਾਲ ਬਾਰਗੇਨਿੰਗ ਦੀ ਤਾਕਤ ਰੱਖਣ ਦੇ ਮੁੱਦੇ 'ਤੇ ਕੈਨੇਡੀਅਨਜ਼ ਵੰਡੇ ਹੋਏ ਹਨ। 31 ਫ਼ੀ ਸਦੀ ਲੋਕਾਂ ਦਾ ਕਹਿਣਾ ਹੈ ਕਿ ਕੈਨੇਡਾ ਦਾ ਸਟੈਂਡ ਮਜ਼ਬੂਤ ਨਜ਼ਰ ਆਉਂਦਾ ਹੈ ਜਦਕਿ 34 ਫ਼ੀ ਸਦੀ ਨੇ ਕਿਹਾ ਕਿ ਕੈਨੇਡਾ ਕਮਜ਼ੋਰ ਹਾਲਾਤ ਵਿਚੋਂ ਲੰਘ ਰਿਹਾ ਹੈ। ਉਧਰ, ਕੈਨੇਡਾ-ਅਮਰੀਕਾ ਵਪਾਰ ਮਾਮਲਿਆਂ ਬਾਰੇ ਮੰਤਰੀ ਡੌਮੀਨਿਕ ਲਾਬਲਾਂ ਨੇ ਕਿਹਾ ਕਿ ਉਹ ਅਮਰੀਕਾ ਦੇ ਕਾਰੋਬਾਰੀ ਨੁਮਾਇੰਦੇ ਜੈਮੀਸਨ ਗ੍ਰੀਰ ਦੇ ਲਗਾਤਾਰ ਸੰਪਰਕ ਵਿਚ ਹਨ ਅਤੇ ਕਿਸੇ ਵੀ ਵੇਲੇ ਨਵੇਂ ਸਿਰੇ ਤੋਂ ਗੱਲਬਾਤ ਆਰੰਭੀ ਜਾ ਸਕਦੀ ਹੈ। ਉਨ੍ਹਾਂ ਅੱਗੇ ਕਿਹਾ ਕਿ ਫ਼ਿਲਹਾਲ ਅਮਰੀਕਾ ਵੱਲੋਂ ਲਾਈਆਂ ਨਵੀਆਂ ਪਾਬੰਦੀਆਂ ਦੀ ਪੁਣ-ਛਾਣ ਕੀਤੀ ਜਾ ਰਹੀ ਹੈ।

## ਸਟੱਡੀ ਵੀਜ਼ਾ 'ਤੇ...

ਨੌਜਵਾਨ ਸਟੱਡੀ ਵੀਜ਼ਾ 'ਤੇ ਪੰਜਾਬ ਤੋਂ ਕੈਨੇਡਾ ਗਏ ਸਨ ਅਤੇ ਬਾਅਦ 'ਚ ਗੈਂਗ ਨਾਲ ਜੁੜ ਗਏ। ਪੁਲਿਸ ਨੇ ਮੁਲਜ਼ਮਾਂ ਦੀਆਂ ਤਸਵੀਰਾਂ ਵੀ ਜਾਰੀ ਕੀਤੀਆਂ ਹਨ।

ਪੁਲਿਸ ਨੇ ਮੁਲਜ਼ਮਾਂ ਦੀਆਂ ਤਸਵੀਰਾਂ ਵੀ ਜਾਰੀ ਕੀਤੀਆਂ ਹਨ। ਉਨ੍ਹਾਂ ਲਿਖਿਆ ਕਿ ਕੈਲਗਰੀ ਪੁਲਿਸ ਸਰਵਿਸ (ਸੀਪੀਐਸ) ਸੰਗਠਿਤ ਅਪਰਾਧ ਇਕਾਈ ਦੱਖਣੀ ਏਸ਼ੀਆਈ ਭਾਈਚਾਰੇ ਨੂੰ ਨਿਸ਼ਾਨਾ ਬਣਾ ਕੇ ਕੀਤੀ ਜਾ ਰਹੀ ਜਬਰਦਸਤੀ ਦੀ ਲੜੀ ਦੀ ਸਾਡੀ ਚੱਲ ਰਹੀ ਜਾਂਚ ਦੇ ਹਿੱਸੇ ਵਜੋਂ ਵਿਅਕਤੀਗਤ ਸ਼ੱਕੀਆਂ ਦੀਆਂ ਤਸਵੀਰਾਂ ਜਾਰੀ ਕਰ ਰਹੀ ਹੈ। ਜਾਂਚਕਰਤਾਵਾਂ ਦਾ ਮੰਨਣਾ ਹੈ ਕਿ ਦਰਸਾਏ ਗਏ ਵਿਅਕਤੀਆਂ ਨਾਲ ਜੁੜੇ ਕਾਨੂੰਨੀ ਨਾਮ ਉਨ੍ਹਾਂ ਨਾਵਾਂ ਨਾਲ ਮੇਲ ਨਹੀਂ ਖਾਂਦੇ ਜਿਨ੍ਹਾਂ ਨਾਲ ਉਹ ਆਪਣੇ ਸਥਾਨਕ ਭਾਈਚਾਰਿਆਂ, ਕੈਨੇਡਾ ਦੇ ਅੰਦਰ, ਜਾਂ ਆਪਣੇ ਮੂਲ ਦੇਸ਼ਾਂ ਦੇ ਅੰਦਰ ਜਾਣੇ ਜਾਂਦੇ ਹਨ। ਜਨਤਾ ਨੂੰ ਕੋਈ ਵੀ ਜਾਣਕਾਰੀ ਪ੍ਰਦਾਨ ਕਰਨ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ ਜੋ ਨਿਰੰਤਰ ਜਾਂਚ ਵਿੱਚ ਕਾਨੂੰਨ ਲਾਗੂ ਕਰਨ ਵਿੱਚ ਸਹਾਇਤਾ ਕਰ ਸਕਦੀ ਹੈ, ਜਿਸ ਵਿੱਚ ਜਬਰਦਸਤੀ-ਸਬੰਧਤ ਹਿੰਸਾ ਨਾਲ ਜੁੜੇ ਅਪਰਾਧਿਕ ਨੈਟਵਰਕਾਂ ਵਿੱਚ ਸ਼ਾਮਲ ਮੰਨੇ ਜਾਂਦੇ ਵਿਅਕਤੀਆਂ ਦੀ ਪਛਾਣ ਸ਼ਾਮਲ ਹੈ। ਕੈਲਗਰੀ ਪੁਲਿਸ ਸਰਵਿਸ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਜੇਕਰ ਕਿਸੇ ਕੋਲ ਦੱਸੇ ਗਏ ਕਿਸੇ ਵੀ ਵਿਅਕਤੀ ਬਾਰੇ ਜਾਣਕਾਰੀ ਹੈ, ਤਾਂ ਉਹ ਪੁਲਿਸ ਟੀਮ ਨਾਲ ਜਾਂ ਕ੍ਰਾਈਮ ਸਟੌਪਰਸ ਨਾਲ ਸੰਪਰਕ ਕਰ ਸਕਦੇ ਹਨ।

## ਅਮਰੀਕਾ ਅਤੇ ਇਰਾਨ...

ਤੋਂ ਦੂਰ ਇਲਾਕਿਆਂ ਵਿੱਚ ਡਿੱਗੀਆਂ। ਅਮਰੀਕੀ ਸੈਂਟਰਲ ਕਮਾਂਡ ਨੇ ਕਿਹਾ ਕਿ ਇਰਾਨ ਨੇ ਪਿਛਲੇ ਦੋ ਦਿਨਾਂ ਵਿੱਚ ਅਮਰੀਕੀ ਨੇਵੀ ਦੇ ਇੱਕ ਜੰਗੀ ਜਹਾਜ਼ ਨੂੰ ਦੋ ਵਾਰ ਬੈਲਿਸਟਿਕ ਮਿਜ਼ਾਈਲਾਂ ਨਾਲ ਨਿਸ਼ਾਨਾ ਬਣਾਉਣ ਦੀ ਕੋਸ਼ਿਸ਼ ਕੀਤੀ ਸੀ। ਇਸ ਦੇ ਜਵਾਬ ਵਿੱਚ ਅਮਰੀਕੀ ਫ਼ੌਜ ਨੇ ਇਰਾਨ ਦੇ ਰੈਵੋਲਿਊਸ਼ਨਰੀ ਗਾਰਡਜ਼ ਕੋਰਪਸ ਨਾਲ ਜੁੜੇ ਤੇਲ ਟੈਂਕਰਾਂ 'ਤੇ ਹਮਲਾ ਕੀਤਾ। ਮਰੀਕਾ ਦੇ ਹਮਲੇ ਤੋਂ ਬਾਅਦ ਇਰਾਨ ਨੇ ਹੋਰਮੁਜ਼ ਸਟ੍ਰੇਟ ਵਿੱਚ 10 ਜਹਾਜ਼ਾਂ 'ਤੇ ਹਮਲੇ ਕਰਨ ਦਾ ਦਾਅਵਾ ਕੀਤਾ ਹੈ। ਇਹਨਾਂ ਵਿੱਚ 2 ਅਮਰੀਕੀ ਜਹਾਜ਼ ਅਤੇ 8 ਤੇਲ ਟੈਂਕਰ ਸ਼ਾਮਲ ਹਨ। ਇਰਾਨ ਨੇ ਕਿਹਾ ਕਿ ਇਹ ਜਹਾਜ਼ ਪਾਬੰਦੀਸ਼ੁਦਾ ਇਲਾਕੇ ਤੋਂ ਲੰਘ ਰਹੇ ਸਨ। ਇਰਾਨ ਨੇ ਅਮਰੀਕਾ ਦੇ ਇੱਕ ਸਬ-ਮਰੀਨ ਡਰੋਨ ਨੂੰ ਫੜਨ ਦੀ ਗੱਲ ਵੀ ਕਹੀ ਹੈ।

## ਕੈਨੇਡਾ : 2 ਪੰਜਾਬੀ...

ਵਾਰਦਾਤ ਤੋਂ ਸਿਰਫ਼ 36 ਮਿੰਟ ਬਾਅਦ ਆਰ.ਸੀ.ਐਮ.ਪੀ. ਨੇ ਇਕ ਕਾਲੇ ਰੰਗ ਦੀ ਕ੍ਰਾਈਸਲਰ 200 ਸੇਡਾਨ ਨੂੰ ਹਾਈਵੇਅ 99 ਅਤੇ ਡਿਪੋ ਰੋਡ ਦੇ ਇੰਟਰਸੈਕਸ਼ਨ 'ਤੇ ਰੋਕਿਆ ਜਿਸ ਵਿਚ ਤਨਵੀਰ ਖੱਖ ਅਤੇ ਗੁਰਸਿਮਰਨ ਸਹੋਤਾ ਸਣੇ ਪੰਜ ਜਣੇ ਸਵਾਰ ਸਨ। ਤਲਾਸ਼ੀ ਦੌਰਾਨ ਦੋ ਪਸਤੌਲਾਂ ਬਰਾਮਦ ਹੋਈਆਂ ਅਤੇ ਇਕ ਹੌਂਡਾ ਸੀ.ਆਰ.ਵੀ. ਗੱਡੀ ਫੂਕੇ ਜਾਣ ਦੀ ਇਤਲਾਹ ਮਿਲੀ। ਸਰਕਾਰੀ ਵਕੀਲ ਡੌਨ ਮੌਂਟਰਿਚਰਡ ਨੇ ਅਦਾਲਤ ਨੂੰ ਦੱਸਿਆ ਕਿ ਮੌਕਾ ਏ ਵਾਰਦਾਤ ਤੋਂ ਬਰਾਮਦ ਚੱਲੇ ਹੋਏ ਕਾਰਤੂਸ ਫ਼ੌਰੈਂਸਿਕ ਪੜਤਾਲ ਦੌਰਾਨ ਤਨਵੀਰ ਖੱਖ ਅਤੇ ਗੁਰਸਿਮਰਨ ਸਹੋਤਾ ਦੀਆਂ ਪਸਤੌਲਾਂ ਨਾਲ ਮੇਲ ਖਾ ਗਏ। ਸਿਰਫ਼ ਐਨਾ ਹੀ ਨਹੀਂ ਅਦਾਲਤ ਵਿਚ ਗੁਰਸਿਮਰਨ ਸਹੋਤਾ ਨੂੰ ਗ੍ਰਿਫ਼ਤਾਰ ਕਰਲ ਵਾਲੇ ਪੁਲਿਸ ਅਫ਼ਸਰ ਦੀ ਗਵਾਹੀ ਵੀ ਅਦਾਲਤ ਵਿਚ ਦਰਜ ਕੀਤੀ ਗਈ ਜਿਸ ਨੂੰ ਸਹੋਤਾ ਦੇ ਸ਼ੂਜ਼ 'ਤੇ ਖ਼ੂਨ ਦੇ ਸੰਭਾਵਤ ਨਿਸ਼ਾਨ ਨਜ਼ਰ ਆਏ ਅਤੇ ਇਨ੍ਹਾਂ ਨੂੰ ਪੜਤਾਲ ਵਾਸਤੇ ਲੈਬ ਭੇਜਿਆ ਗਿਆ।

## ਅਮਰੀਕਾ 'ਚ ਤੇਲ...

ਮਾਹਰਾਂ ਮੁਤਾਬਕ ਇਨ੍ਹਾਂ ਦਿਨਾਂ ਵਿਚ ਤੇਲ ਕੀਮਤਾਂ ਘਟਣੀਆਂ ਸ਼ੁਰੂ ਹੋ ਜਾਂਦੀਆਂ ਹਨ ਕਿਉਂਕਿ ਗਰਮ ਰੁੱਤ ਵਾਲੇ ਤੇਲ ਦੀ ਥਾਂ ਸਿਆਲ ਰੁੱਤ ਵਾਲੇ ਤੇਲ ਦੀ ਸਪਲਾਈ ਸ਼ੁਰੂ ਹੋਣ ਲਗਦੀ ਹੈ ਜੋ ਮਾਮੂਲੀ ਤੌਰ 'ਤੇ ਸਸਤਾ ਹੁੰਦਾ ਹੈ।

ਟੌਮ ਸੈਂਗ ਨੇ ਦੱਸਿਆ ਕਿ ਅਮਰੀਕਾ ਦੀਆਂ ਤੇਲ ਰਿਫ਼ਾਇਨਰੀਆਂ ਪੂਰੀ ਸਮਰੱਥਾ ਨਾਲ ਕੰਮ ਕਰ ਰਹੀਆਂ ਹਨ ਅਤੇ ਜੇ ਕੋਈ ਸਮੁੰਦਰੀ ਤੂਫ਼ਾਨ ਜਾਂ ਹੋਰ ਕੁਦਰਤੀ ਆਫ਼ਤ ਅੜਿੱਕੇ ਪੈਦਾ ਕਰਦੀ ਹੈ ਤਾਂ ਕੀਮਤਾਂ ਘਟਣ ਦੀ ਬਜਾਏ ਹੋਰ ਵਧਣਗੀਆਂ। ਸਮੱਸਿਆ ਸਿਰਫ਼ ਮੱਧ ਪੂਰਬ ਤੱਕ ਸੀਮਤ ਨਹੀਂ। ਯੁਕਰੇਨ ਵੱਲੋਂ ਰੂਸੀ ਰਿਫ਼ਾਇਨਰੀਆਂ ਉਤੇ ਡਰੋਨ ਹਮਲੇ ਕੀਤੇ ਜਾ ਰਹੇ ਹਨ ਜਦਕਿ ਚਾਇਨੀਜ਼ ਰਿਫ਼ਾਇਨਰੀਆਂ ਦੀ ਉਤਪਾਦਨ ਸਮਰੱਥਾ ਵੀ ਘਟਦੀ ਨਜ਼ਰ ਆ ਰਹੀ ਹੈ। ਭਵਿੱਖ ਦੀਆਂ ਕੀਮਤਾਂ ਉਤੇ ਗੌਰ ਕੀਤਾ ਜਾਵੇ ਤਾਂ ਨਵੰਬਰ ਵਿਚ ਗੈਸੋਲੀਨ 35 ਸੈਂਟ ਸਸਤਾ ਹੋਣਾ ਚਾਹੀਦਾ ਹੈ ਪਰ ਈਰਾਨ ਅਤੇ ਅਮਰੀਕਾ ਦਾ ਤਣਾਅ ਇਸੇ ਤਰ੍ਹਾਂ ਜਾਰੀ ਰਿਹਾ ਤਾਂ ਤੇਲ ਕੀਮਤਾਂ ਘਟਣ ਦੀ ਬਜਾਏ ਹੋਰ ਵਧ ਸਕਦੀਆਂ ਹਨ। ਕੁਝ ਰਾਜਾਂ ਵਿਚ ਹੁਣ ਵੀ ਗੈਸੋਲੀਨ ਅਮਰੀਕਾ ਦੀ ਔਸਤ ਕੀਮਤ ਤੋਂ ਸਸਤਾ ਮਿਲ ਰਿਹਾ ਹੈ ਪਰ ਹਰ ਅਮੈਰਿਕਨ ਲਾਭ ਨਹੀਂ ਪੁੱਜ ਰਿਹਾ। ਆਰਥਿਕ ਮਾਹਰਾਂ ਦਾ ਕਹਿਣਾ ਹੈ ਕਿ ਉਚੀਆਂ ਤੇਲ ਕੀਮਤਾਂ ਅਮੈਰਿਕਨਜ਼ ਦੀ ਜੇਬ 'ਤੇ ਦਬਾਅ ਪਾ ਰਹੀਆਂ ਹਨ ਅਤੇ ਬ੍ਰਾਊਨ ਯੂਨੀਵਰਸਿਟੀ ਦੇ ਟ੍ਰੈਕਰ ਮੁਤਾਬਕ ਇਸ ਵੇਲੇ ਹਰ ਅਮੈਰਿਕਨ ਪਰਵਾਰ ਗੈਸ ਜਾਂ ਡੀਜ਼ਲ ਉਤੇ 741 ਡਾਲਰ ਵਾਧੂ ਖ਼ਰਚ ਕਰਨ ਲਈ ਮਜਬੂਰ ਹੈ।

## ਵਿਨੀਪੈਗ 'ਚ 23ਵਾਂ...

ਮੈਨੀਟੋਬਾ ਦੇ ਵੱਖ-ਵੱਖ ਗਤਕਾ ਅਖਾੜਿਆਂ ਦੇ ਸਿੰਘਾਂ ਅਤੇ ਸਿੰਘਣੀਆਂ ਨੇ ਗਤਕੇ ਦੇ ਜੌਹਰ ਦਿਖਾਏ। ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਤੱਕ ਹਰ ਉਮਰ ਵਰਗ ਦੇ ਲੋਕਾਂ ਨੇ ਸੇਵਾ ਵਿੱਚ ਹਿੱਸਾ ਲਿਆ। ਨਗਰ ਕੀਰਤਨ ਵਿੱਚ ਨੀਲੀਆਂ ਅਤੇ ਪੀਲੀਆਂ ਦਸਤਾਰਾਂ ਤੇ ਦੁਪੱਟਿਆਂ ਨਾਲ ਸਜੀ ਸੰਗਤ ਦੀਆਂ ਕਤਾਰਾਂ ਨੇ ਵਿਨੀਪੈਗ ਦੀਆਂ ਸੜਕਾਂ ਨੂੰ ਖ਼ਾਲਸਾਈ ਰੰਗ ਵਿੱਚ ਰੰਗ ਦਿੱਤਾ। ਧਾਰਮਿਕ ਅਤੇ ਸਮਾਜ-ਸੇਵੀ ਸੰਸਥਾਵਾਂ ਤੋਂ ਇਲਾਵਾ ਗੈਰ-ਸਿੱਖ ਭਾਈਚਾਰੇ ਦੇ ਲੋਕਾਂ ਨੇ ਵੀ ਸਮਾਗਮ ਵਿੱਚ ਸ਼ਮੂਲੀਅਤ ਕਰਕੇ ਸਹਿਯੋਗ ਦਿੱਤਾ। ਚੋਣਾਂ ਦੇ ਮਾਹੌਲ ਦਰਮਿਆਨ ਵੱਖ-ਵੱਖ ਸਿਆਸੀ ਆਗੂਆਂ ਨੇ ਵੀ ਨਗਰ ਕੀਰਤਨ ਵਿੱਚ ਹਾਜ਼ਰੀ ਭਰੀ ਅਤੇ ਇਸ ਨੂੰ ਵਿਭਿੰਨਤਾ, ਸਾਂਝ ਅਤੇ ਭਾਈਚਾਰਕ ਏਕਤਾ ਦੀ ਮਿਸਾਲ ਦੱਸਿਆ। ਸਿੱਖ ਸੁਸਾਇਟੀ ਆਫ਼ ਮੈਨੀਟੋਬਾ ਦੇ ਪ੍ਰਧਾਨ ਨੇ ਕਿਹਾ ਕਿ ਨਗਰ ਕੀਰਤਨ ਵਿੱਚ ਭਰਵੀਂ ਹਾਜ਼ਰੀ ਸਿੱਖ ਧਰਮ ਅਤੇ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਨਾਲ ਸੰਗਤ ਦੀ ਡੂੰਘੀ ਆਸਥਾ ਦਾ ਪ੍ਰਮਾਣ ਹੈ। ਉਨ੍ਹਾਂ ਕਿਹਾ ਕਿ ਵਿਦੇਸ਼ੀ ਧਰਤੀ 'ਤੇ ਵੱਸਦਾ ਸਿੱਖ ਭਾਈਚਾਰਾ ਆਪਣੀ ਧਾਰਮਿਕ ਵਿਰਾਸਤ ਨੂੰ ਸੰਭਾਲਣ ਦੇ ਨਾਲ-ਨਾਲ ਸੇਵਾ, ਸਾਂਝੀਵਾਲਤਾ ਅਤੇ ਮਨੁੱਖਤਾ ਦਾ ਸੰਦੇਸ਼ ਵੀ ਦੇ ਰਿਹਾ ਹੈ। 23ਵਾਂ ਮਹਾਨ ਨਗਰ ਕੀਰਤਨ ਨਵੀਂ ਪੀੜ੍ਹੀ ਨੂੰ ਸਿੱਖ ਵਿਰਸੇ ਅਤੇ ਇਤਿਹਾਸ ਨਾਲ ਜੋੜਨ ਦੇ ਨਾਲ ਵਿਨੀਪੈਗ ਵਿੱਚ ਸਿੱਖ ਭਾਈਚਾਰੇ ਦੀ ਏਕਤਾ, ਆਸਥਾ ਅਤੇ ਸੇਵਾ-ਭਾਵਨਾ ਦਾ ਪ੍ਰਭਾਵਸ਼ਾਲੀ ਪ੍ਰਗਟਾਵਾ ਬਣ ਕੇ ਨਿੱਬੜਿਆ।

## ਓਨਟਾਰੀਓ : ਸਿੱਖ ਨੌਜਵਾਨ ਸਾਲਿਸਟਰ ਜਨਰਲ ਮੰਤਰਾਲੇ 'ਚ ਸੁਧਾਰ ਅਧਿਕਾਰੀ ਵਜੋਂ ਸ਼ਾਮਲ ਹੋਇਆ



ਓਨਟਾਰੀਓ : ਸਿੱਖ ਨੌਜਵਾਨ ਸਾਲਿਸਟਰ ਜਨਰਲ ਮੰਤਰਾਲੇ ਵਿੱਚ ਸੁਧਾਰ ਅਧਿਕਾਰੀ ਵਜੋਂ ਸ਼ਾਮਲ ਹੋਇਆ ਹੈ। ਮਨਪ੍ਰੀਤ ਸਿੰਘ ਨੇ ਕਿਹਾ ਕਿ ਉਨ੍ਹਾਂ ਨੂੰ ਇਹ ਸਾਂਝਾ ਕਰਦੇ ਹੋਏ ਮਾਣ ਮਹਿਸੂਸ ਹੋ ਰਿਹਾ ਹੈ ਕਿ ਉਨ੍ਹਾਂ ਨੇ ਓਨਟਾਰੀਓ ਮੰਤਰਾਲੇ ਦੇ ਸੌਲੀਸਿਟਰ ਜਨਰਲ ਨਾਲ ਇੱਕ ਸੁਧਾਰ ਅਧਿਕਾਰੀ ਵਜੋਂ ਆਪਣੀ ਯਾਤਰਾ ਅਧਿਕਾਰਤ ਤੌਰ 'ਤੇ ਸ਼ੁਰੂ ਕੀਤੀ ਹੈ। ਇਹ ਉਨ੍ਹਾਂ ਦੇ ਕਰੀਅਰ ਦਾ ਇੱਕ ਦਿਲਚਸਪ ਨਵਾਂ ਅਧਿਆਇ ਹੈ, ਅਤੇ ਉਹ ਇਸ ਮਹੱਤਵਪੂਰਨ ਭੂਮਿਕਾ ਵਿੱਚ ਸੇਵਾ ਕਰਨ, ਸਿੱਖਣ ਅਤੇ ਵਧਣ ਦੇ ਮੌਕੇ ਲਈ ਧੰਨਵਾਦੀ ਹਨ। ਅੱਗੇ ਦੀ ਯਾਤਰਾ ਅਤੇ ਇਸ ਨਵੇਂ ਅਧਿਆਇ ਵਿੱਚ ਪੇਸ਼ ਕੀਤੀ ਜਾਣ ਵਾਲੀ ਹਰ ਚੀਜ਼ ਦੀ ਉਡੀਕ ਕਰ ਰਹੇ ਹਾਂ।

# ਸਿਸਟਮ 'ਚ ਖ਼ਰਾਬੀ ਨੇ ਏਅਰਪੋਰਟ 'ਤੇ ਮਚਾਈ ਹਫੜਾ-ਦਫੜੀ

## 65 ਹਜ਼ਾਰ ਤੋਂ ਵੱਧ ਯਾਤਰੀ ਪ੍ਰਭਾਵਿਤ, 1000 ਫਲਾਈਟਾਂ ਰੱਦ



ਬ੍ਰਿਟੇਨ ਦੇ ਹਵਾਈ ਅੱਡਿਆਂ 'ਤੇ ਹਵਾਈ ਆਵਾਜਾਈ ਕੰਟਰੋਲ ਸਿਸਟਮ ਵਿੱਚ ਆਈ ਗੜਬੜ ਨੇ ਹਜ਼ਾਰਾਂ ਯਾਤਰੀਆਂ ਦੀ ਯਾਤਰਾ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਇਸ ਤਕਨੀਕੀ ਸਮੱਸਿਆ ਕਾਰਨ 1,000 ਤੋਂ ਵੱਧ ਉਡਾਣਾਂ ਰੱਦ ਹੋਣ ਦੀ ਰਿਪੋਰਟ ਹੈ, ਜਦਕਿ ਹਜ਼ਾਰਾਂ ਯਾਤਰੀਆਂ ਨੂੰ ਕਈ ਘੰਟਿਆਂ ਦੀ ਦੇਰੀ ਦਾ ਸਾਹਮਣਾ ਕਰਨਾ ਪਿਆ। ਹਾਲਾਂਕਿ ਹਵਾਈ ਆਵਾਜਾਈ ਕੰਟਰੋਲ ਪ੍ਰਦਾਤਾ Nats ਨੇ ਸ਼ਾਮ ਤੱਕ ਸਮੱਸਿਆ ਠੀਕ ਕਰਨ ਦਾ ਦਾਅਵਾ ਕੀਤਾ ਹੈ, ਪਰ ਹਵਾਈ ਅੱਡਿਆਂ 'ਤੇ ਇਸ ਦਾ ਅਸਰ ਹਾਲੇ ਵੀ ਜਾਰੀ ਹੈ।

**65 ਹਜ਼ਾਰ ਤੋਂ ਵੱਧ ਯਾਤਰੀ ਪ੍ਰਭਾਵਿਤ**

ਯੂਰਪ ਦੀ ਸਭ ਤੋਂ ਵੱਡੀ ਏਅਰਲਾਈਨ Ryanair ਨੇ ਦੱਸਿਆ ਕਿ 65,000 ਤੋਂ ਵੱਧ ਯਾਤਰੀਆਂ ਨੂੰ ਦੇਰੀ ਦਾ ਸਾਹਮਣਾ ਕਰਨਾ ਪਿਆ। ਕੁਝ ਉਡਾਣਾਂ ਵਿੱਚ ਦੇਰੀ 8 ਘੰਟਿਆਂ ਤੱਕ ਪਹੁੰਚ ਗਈ। British Airways ਨੇ ਵੀ ਇਸ ਸਮੱਸਿਆ ਦੇ ਵੱਡੇ 'knock-on' ਪ੍ਰਭਾਵ ਪੈਣ ਦੀ ਚਿਤਾਵਨੀ ਦਿੱਤੀ।

Nats ਦੇ ਮੁੱਖ ਕਾਰਜਕਾਰੀ ਅਧਿਕਾਰੀ Martin Rolfe ਨੇ ਸਮੱਸਿਆ ਲਈ ਮੁਆਫ਼ੀ ਮੰਗੀ ਅਤੇ ਕਿਹਾ ਕਿ ਸਿਸਟਮ ਹੁਣ ਆਮ ਤਰੀਕੇ ਨਾਲ ਕੰਮ ਕਰ ਰਿਹਾ ਹੈ। ਉਨ੍ਹਾਂ ਮੁਤਾਬਕ ਇਸ ਦੌਰਾਨ ਉਡਾਣਾਂ ਅਤੇ ਯਾਤਰੀਆਂ ਦਾ ਵੱਡਾ ਬੈਕਲਾਗ ਬਣ ਗਿਆ ਹੈ।

**Heathrow 'ਤੇ Arrivals ਰੋਕੀਆਂ**

London Heathrow Airport ਨੇ ਸੁਰੱਖਿਆ ਨੂੰ ਧਿਆਨ ਵਿੱਚ ਰੱਖਦਿਆਂ ਬਾਕੀ ਦਿਨ ਲਈ ਆਉਣ ਵਾਲੀਆਂ ਉਡਾਣਾਂ ਮੁਅੱਤਲ ਕਰ ਦਿੱਤੀਆਂ, ਜਦਕਿ ਰਵਾਨਗੀ ਵਾਲੀਆਂ ਉਡਾਣਾਂ ਮੁੜ ਸ਼ੁਰੂ ਕਰ ਦਿੱਤੀਆਂ ਗਈਆਂ। ਹਵਾਈ ਅੱਡੇ ਨੇ ਯਾਤਰੀਆਂ ਨੂੰ ਆਪਣੀ ਏਅਰਲਾਈਨ ਨਾਲ ਉਡਾਣ ਦੀ ਤਾਜ਼ਾ ਸਥਿਤੀ ਚੈੱਕ ਕਰਨ ਦੀ ਸਲਾਹ ਦਿੱਤੀ ਹੈ।

Bristol Airport ਨੇ ਦੱਸਿਆ ਕਿ ਉਡਾਣਾਂ ਮੁੜ ਆਉਣ ਅਤੇ ਜਾਣ ਲੱਗ ਪਈਆਂ ਹਨ, ਪਰ ਵਿਘਨ ਅਗਲੇ ਦਿਨ ਤੱਕ ਜਾਰੀ ਰਹਿਣ ਦੀ ਸੰਭਾਵਨਾ ਹੈ।

**ਹੋਰ Airports 'ਤੇ ਵੀ ਅਸਰ**

Manchester ਅਤੇ East Midlands Airports ਨੇ ਕਿਹਾ ਕਿ ਬੁੱਧਵਾਰ ਨੂੰ ਪੂਰਾ ਫਲਾਈਟ ਸ਼ਡਿਊਲ ਚਲਾਉਣ ਦੀ ਉਮੀਦ ਹੈ। ਇਸ ਦੇ ਬਾਵਜੂਦ ਦਿਨ ਦੇ ਬਾਕੀ ਸਮੇਂ ਵਿੱਚ ਵਿਘਨ ਜਾਰੀ ਰਹਿਣ ਦੀ ਚਿਤਾਵਨੀ ਦਿੱਤੀ ਗਈ ਹੈ।

FlightRadar ਮੁਤਾਬਕ ਪੂਰੇ UK ਦੇ ਹਵਾਈ ਅੱਡਿਆਂ 'ਤੇ 1,000 ਤੋਂ ਵੱਧ ਉਡਾਣਾਂ ਰੱਦ ਹੋਈਆਂ ਹਨ।

**Nats ਨੇ ਕਿਹਾ—ਸਿਸਟਮ 'ਫਿਟ ਫਾਰ ਪਰਪਜ਼'**

Nats ਦੇ CEO Martin Rolfe ਨੇ ਕਿਹਾ ਕਿ ਉਨ੍ਹਾਂ ਦੀ ਸੰਸਥਾ ਦੇ ਸਿਸਟਮ ਇਸ ਤਰ੍ਹਾਂ ਦੀ ਸਥਿਤੀ ਨਾਲ ਨਜਿੱਠਣ ਲਈ ਸਮਰੱਥ ਹਨ।

ਉਨ੍ਹਾਂ ਦੱਸਿਆ ਕਿ ਗੜਬੜ ਕਰੀਬ ਛੇ ਘੰਟਿਆਂ ਤੱਕ ਰਹੀ ਹੋ ਸਕਦੀ ਹੈ ਅਤੇ ਮਾਮਲੇ ਦੀ ਪੂਰੀ ਜਾਂਚ ਕੀਤੀ ਜਾ ਰਹੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇਸ ਸਮੇਂ ਮੁੱਖ ਧਿਆਨ ਉਡਾਣਾਂ ਅਤੇ ਯਾਤਰੀਆਂ ਦੀ ਸਥਿਤੀ ਆਮ ਕਰਨ 'ਤੇ ਹੈ।

# ਬੇਅਦਬੀਆਂ ਦੇ ਝੂਠੇ ਦੋਸ਼ ਲਾ ਕੇ ਅਕਾਲੀ ਦਲ ਨੂੰ ਬਦਨਾਮ ਕੀਤਾ ਗਿਆ: ਸੁਖਬੀਰ ਬਾਦਲ




ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਕਿਹਾ ਹੈ ਕਿ ਬੇਅਦਬੀਆਂ ਦੇ ਝੂਠੇ ਦੋਸ਼ ਲਾ ਕੇ ਅਕਾਲੀ ਦਲ ਨੂੰ ਬਦਨਾਮ ਕੀਤਾ ਗਿਆ ਸੀ, ਪਰ ਪੰਜਾਬ ਦੇ ਸੂਝਵਾਨ ਲੋਕ ਹੁਣ ਵਿਰੋਧੀਆਂ ਦੀਆਂ ਚਾਲਾਂ ਨੂੰ ਪੂਰੀ ਤਰ੍ਹਾਂ ਸਮਝ ਚੁੱਕੇ ਹਨ।

ਅੱਜ ਇੱਥੇ ਅਨਾਜ ਮੰਡੀ ਵਿਖੇ ਅਕਾਲੀ ਆਗੂ ਮੱਖਣ ਬਰਾੜ ਦੀ ਅਗਵਾਈ ਹੇਠ ਹੋਈ ਭਰਵੀਂ 'ਪੰਜਾਬ ਬਚਾਓ ਰੈਲੀ' ਨੂੰ ਸੰਬੋਧਨ ਕਰਦਿਆਂ ਸੁਖਬੀਰ ਬਾਦਲ ਨੇ ਕਿਹਾ ਕਿ ਲੰਘੇ ਦਸ ਸਾਲਾਂ ਵਿੱਚ 650 ਧਾਰਮਿਕ ਬੇਅਦਬੀਆਂ ਹੋਈਆਂ ਹਨ, ਜਿਨ੍ਹਾਂ ਵਿੱਚੋਂ ਮਲੇਰਕੋਟਲਾ ਬੇਅਦਬੀ ਕੇਸ ਵਿੱਚ ਆਮ ਆਦਮੀ ਪਾਰਟੀ ਦਾ ਵਿਧਾਇਕ ਕਸੂਰਵਾਰ ਪਾਇਆ ਗਿਆ ਸੀ। ਉਨ੍ਹਾਂ ਕਿਹਾ ਕਿ ਅਕਾਲੀ ਦਲ ਨੂੰ ਕਮਜ਼ੋਰ ਕਰਨ ਲਈ ਵਿਰੋਧੀ ਪਾਰਟੀਆਂ ਦੀ ਸਾਰੀ ਤਾਕਤ ਲੱਗੀ ਹੋਈ ਹੈ, ਪਰ ਸਾਡੇ ਬਜ਼ੁਰਗਾਂ ਦੀਆਂ ਕੁਰਬਾਨੀਆਂ ਨਾਲ 105 ਸਾਲ ਪਹਿਲਾਂ ਖੜ੍ਹੀ ਹੋਈ ਪਾਰਟੀ ਕਦੇ ਖ਼ਤਮ ਨਹੀਂ ਹੋਵੇਗੀ। ਉਨ੍ਹਾਂ ਕਿਹਾ ਕਿ ਪੰਜਾਬ ਦੀ ਤਰੱਕੀ ਅਤੇ ਖੁਸ਼ਹਾਲੀ ਮਰਹੂਮ ਮੁੱਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਹੇਠ ਅਕਾਲੀ ਸਰਕਾਰ ਵੇਲੇ ਹੋਈ ਸੀ। ਸੁਖਬੀਰ ਬਾਦਲ ਨੇ ਕਿਹਾ ਕਿ ਅਕਾਲੀ ਦਲ ਨਾ ਕਦੇ ਡਰਿਆ ਹੈ ਅਤੇ ਨਾ ਹੀ ਕਦੇ ਝੁਕਿਆ ਹੈ। ਉਨ੍ਹਾਂ ਕਿਹਾ ਕਿ ਅੱਜ ਪੰਜਾਬ ਅੰਦਰੋਂ ਕਾਨੂੰਨ ਦਾ ਰਾਜ ਪੂਰੀ ਤਰ੍ਹਾਂ ਖ਼ਤਮ ਹੋ ਗਿਆ ਹੈ ਅਤੇ ਪੰਜਾਬ ਦੇ ਲੋਕ ਡਰੇ ਤੇ ਘਬਰਾਏ ਹੋਏ ਹਨ, ਇਸ ਲਈ ਅੱਜ ਪੰਜਾਬ ਨੂੰ ਬਚਾਉਣ ਦਾ ਵੇਲਾ ਆ ਗਿਆ ਹੈ।

ਉਨ੍ਹਾਂ ਐਲਾਨ ਕੀਤਾ ਕਿ ਪੰਜਾਬ ਅੰਦਰ ਅਕਾਲੀ ਦਲ ਦੀ ਸਰਕਾਰ ਬਣਨ 'ਤੇ ਸੂਬੇ ਦੇ ਪਾਣੀਆਂ ਦੀ ਇੱਕ ਵੀ ਬੂੰਦ ਬਾਹਰ ਨਹੀਂ ਜਾਣ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਅਕਾਲੀ ਸਰਕਾਰ ਵੇਲੇ ਚੱਲਦੀਆਂ ਭਲਾਈ ਸਕੀਮਾਂ, ਜਿਨ੍ਹਾਂ ਵਿੱਚ ਮੁੱਖ ਤੌਰ 'ਤੇ ਸੇਵਾ ਕੇਂਦਰ ਸ਼ਾਮਲ ਹਨ, ਨੂੰ ਫਿਰ ਤੋਂ ਚਾਲੂ ਕੀਤਾ ਜਾਵੇਗਾ ਅਤੇ ਪੰਜਾਬ ਦੀਆਂ ਸਰਕਾਰੀ ਨੌਕਰੀਆਂ ਉੱਤੇ ਇੱਥੋਂ ਦੇ ਨੌਜਵਾਨਾਂ ਦਾ ਪੂਰਾ ਹੱਕ ਹੋਵੇਗਾ। 'ਆਪ' ਅਤੇ 'ਵਾਰਿਸ ਪੰਜਾਬ' ਉੱਤੇ ਤਿੱਖੇ ਸ਼ਬਦੀ ਹਮਲੇ ਕਰਦਿਆਂ ਉਨ੍ਹਾਂ ਕਿਹਾ ਕਿ 'ਵਾਰਿਸ ਪੰਜਾਬ' ਨੂੰ ਅਸਲ ਵਿੱਚ 'ਆਪ' ਨੇ ਹੀ ਖੜ੍ਹਾ ਕੀਤਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਮੁੱਖ ਮੰਤਰੀ ਦੇ ਪਰਿਵਾਰ ਨੇ ਗੁਰੀ ਚਹਿਲ ਮਾਮਲੇ ਵਿੱਚ ਪੰਜ ਕਰੋੜ ਰੁਪਏ ਦਾ ਨਜ਼ਰਾਨਾ ਹਾਸਲ ਕੀਤਾ ਹੈ, ਜਿਸ ਦੇ ਸਬੂਤ ਵੀ ਸਾਹਮਣੇ ਆ ਚੁੱਕੇ ਹਨ। ਉਨ੍ਹਾਂ ਤਨਜ਼ ਕਸਦਿਆਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਪਹਿਲਾਂ ਕਲਾਕਾਰ ਹੁੰਦਿਆਂ ਲੋਕਾਂ ਨੂੰ ਹਸਾਇਆ ਸੀ ਅਤੇ ਹੁਣ ਪੰਜਾਬ ਦੇ ਲੋਕਾਂ ਨੂੰ ਰੋਣ ਲਾ ਦਿੱਤਾ ਹੈ। ਮੁੱਖ ਮੰਤਰੀ ਨੇ ਪੰਜ ਸਾਲ ਲੋਕਾਂ ਨੂੰ ਝੂਠ ਅਤੇ ਚੁਟਕਲਿਆਂ ਵਿੱਚ ਹੀ ਲੰਘਾ ਦਿੱਤੇ ਹਨ। ਇਸ ਮੌਕੇ ਅਕਾਲੀ ਆਗੂ ਮੱਖਣ ਬਰਾੜ ਨੇ ਸੁਖਬੀਰ ਸਿੰਘ ਬਾਦਲ ਸਮੇਤ ਬਾਹਰੋਂ ਆਏ ਸੀਨੀਅਰ ਆਗੂਆਂ ਦਾ ਸਵਾਗਤ ਕੀਤਾ ਅਤੇ ਹਲਕੇ ਵੱਲੋਂ ਪੂਰਨ ਸਹਿਯੋਗ ਦੇਣ ਦਾ ਭਰੋਸਾ ਦਿਵਾਇਆ। ਇਸ ਸਮਾਗਮ ਵਿੱਚ ਸੀਨੀਅਰ ਅਕਾਲੀ ਆਗੂ ਸਿਕੰਦਰ ਸਿੰਘ ਮਲੂਕਾ, ਜ਼ਿਲ੍ਹਾ ਪ੍ਰਧਾਨ ਨਿਹਾਲ ਸਿੰਘ ਤਲਵੰਡੀ, ਰਜਿੰਦਰ ਸਿੰਘ ਡੱਲਾ, ਰਾਜਵਿੰਦਰ ਸਿੰਘ ਧਰਮਕੋਟ, ਗੁਰਜੰਟ ਸਿੰਘ ਚਾਹਲ, ਜੋਗਿੰਦਰ ਸਿੰਘ ਸੰਧੂ, ਬਲਜੀਤ ਸਿੰਘ ਕੰਗ, ਪਰਮਜੀਤ ਸਿੰਘ ਧਰਮ ਸਿੰਘ ਵਾਲਾ, ਸੁਖਵਿੰਦਰ ਸਿੰਘ ਦਾਤੇਵਾਲਾ, ਇਕਬਾਲਦੀਪ ਸਿੰਘ ਹੈਰੀ, ਬਲਜੀਤ ਸਿੰਘ ਅਤੇ ਨੰਬਰਦਾਰ ਨਛੱਤਰ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਜ਼ਿਲ੍ਹਾ ਅਤੇ ਸਰਕਲ ਆਗੂ ਹਾਜ਼ਰ ਸਨ।

REXDALE Financial Services
ਪੰਜਾਬੀਆਂ ਦਾ ਆਪਣਾ ਲੋਨ ਦਾ ਡੀਪੂ
Tired Of Paying High Interest?
PAY OFF YOUR DEBTS!!!
BANKS SAY NO? WE SAY YES !
YOU NEED A MORTGAGE ?
WE'LL ARRANGE IT FOR YOU
NO MATTER WHAT YOUR REASON IS !
Increase Your Cash Flow by Upto 50%
SELF-EMPLOYED OR UN-EMPLOYED
Some Conditions Apply
Dir: 416-677-0047
NO CREDIT ANY CREDIT
Office: 416-674-7050
Fax: 416-674-9009
EMail:paulgahunia@hotmail com
Jaspal Singh Gahunia
# M08006400
Lic # 10686
19 Woodbine Downs Blvd., Suite#201,
Etobicoke, ON. M9W 6N5
The Mortgage Centre

Best Bargain
Carpet & Flooring
Sale & Custom Installation done by Professionals
FREE Shop at Home Service
Residential - Commercial - Industrial
* Hardwood * Laminate * Vinyl Flooring * Wall to Wall Carpets
* Hall Runners * Custom Made Area Rugs * Tiles * Accessories
Specialized in Hotel, Motel and Banquet Halls Carpet and Wallpaper and Tiles
beaulieu CANADA
TORLYS smart floors
ਵਾਜਬ ਕੀਮਤਾਂ ਅਤੇ ਵਧੀਆ ਸੇਵਾਵਾਂ
Gurpreet Singh
Tel: 905-696-7877 Cell: 416-937-2856
1332 Khalsa Drive, Unit#21, Mississauga, ON L5S 0A2
Email:- info@bbcflooring.ca

BEST TRUCK REPAIR & TIRE CENTER
ਅਸੀਂ ਸੇਫਟੀ, ਇੰਸਪੈਕਸ਼ਨ ਅਤੇ ਹਰ ਤਰ੍ਹਾਂ ਦੇ ਟਰੱਕਾਂ, ਟ੍ਰੇਲਰਜ਼ ਦੀ ਰਿਪੇਅਰ ਕਰਦੇ ਹਾਂ, ਅਤੇ ਅਸੀਂ ਹਰ ਬਰੈਂਡ ਦੇ ਨਵੇਂ ਅਤੇ ਪੁਰਾਣੇ ਟਾਇਰ ਵੀ ਵੇਚਦੇ ਹਾਂ
ਅਸੀਂ ਕਿਸੇ ਵੀ ਐਡਵਰਟਾਈਜ਼ ਕੀਤੀ ਕੀਮਤ ਨੂੰ ਬੀਟ ਕਰਦੇ ਹਾਂ
WINTER SPECIAL SALE
Brand new truck Alignment machine & you will get print out as well.
Winter ਲਈ ਆਪਣੇ ਟਰੱਕ ਨੂੰ ਤਿਆਰ ਕਰਵਾਓ,
ਹਰ ਕੰਮ ਬਹੁਤ ਵਾਜਬ ਕੀਮਤ 'ਤੇ ਕਰਵਾ ਸਕਦੇ ਹੋ
4 Rear Break & Drum
USA Mace
Special Rates
with Installation
CAT Batteries 1000c Under Warranty
$550
Installation Included
MICHELIN BFGoodrich DUNLOP GOODYEAR Hankook Xceed AEOLUS ROADLUX
We specialize in Engine, Transmission, Differential Rebuilt & all kind of Electric work.
Ph: 905-625-0055, 416-624-8351
1715 Sismet Road, Mississauga, ON. L4W 1P9
www.besttruckrepairandtire.ca
ਟਰੱਕਾਂ ਅਤੇ ਟ੍ਰੇਲਰਾਂ ਦੇ ਨਵੇਂ/ਪੁਰਾਣੇ ਟਾਇਰ
ਅਸੀਂ Chevron & Delo ਦਾ ਤੇਲ ਹੀ ਵਰਤਦੇ ਹਾਂ
Chevron Delo
open 7 Days a Week.

# ਮੈਕਸੀਕੋ 'ਚ ਆਤਿਸ਼ਬਾਜ਼ੀ ਵਿਚ ਧਮਾਕਾ ਹੋਣਾ ਕਾਰਨ 10 ਦੀ ਮੌਤ, 64 ਜ਼ਖ਼ਮੀ

## ਸੈਂਕੜੇ ਲੋਕ ਆਤਿਸ਼ਬਾਜ਼ੀ ਦੇਖਣ ਲਈ ਹੋਏ ਸਨ ਇਕੱਠੇ



ਮੈਕਸੀਕੋ ਦੇ ਇੱਕ ਚਰਚ ਵਿੱਚ ਧਾਰਮਿਕ ਸਮਾਗਮ ਦੌਰਾਨ ਆਤਿਸ਼ਬਾਜ਼ੀ ਦੇ ਸਮਾਨ ਵਿਚ ਜ਼ਬਰਦਸਤ ਧਮਾਕਾ ਹੋਇਆ ਹੈ। ਇਸ ਘਟਨਾ ਵਿੱਚ ਦਸ ਲੋਕਾਂ ਦੀ ਮੌਤ ਹੋ ਗਈ ਅਤੇ 64 ਲੋਕ ਜ਼ਖ਼ਮੀ ਹੋ ਗਏ। ਧਮਾਕੇ ਕਾਰਨ ਇੱਕ ਕੰਧ ਵੀ ਡਿੱਗ ਪਈ। ਇਹ ਹਾਦਸਾ ਸ਼ਨੀਵਾਰ ਰਾਤ ਨੂੰ ਮੈਕਸੀਕੋ ਦੇ 'ਮੈਕਸੀਕੋ' ਰਾਜ ਦੇ ਟੇਮਾਸਕਾਲਸਿੰਗੋ ਕਸਬੇ ਵਿੱਚ 'ਨੁਏਸਤਰਾ ਸੇਨੋਰਾ ਡੇ ਲਾ ਲੂਜ਼' ਚਰਚ ਨੇੜੇ ਵਾਪਰਿਆ। ਆਤਿਸ਼ਬਾਜ਼ੀ ਦਾ ਪ੍ਰਦਰਸ਼ਨ ਦੇਖਣ ਲਈ ਸੈਂਕੜੇ ਲੋਕ ਉੱਥੇ ਇਕੱਠੇ ਹੋਏ ਸਨ। ਧਮਾਕੇ ਦੇ ਕਾਰਨਾਂ ਦਾ ਅਜੇ ਤੱਕ ਪਤਾ ਨਹੀਂ ਲੱਗ ਸਕਿਆ ਹੈ।

ਮੈਕਸੀਕੋ ਰਾਜ ਦੇ ਅਟਾਰਨੀ ਜਨਰਲ ਦੇ ਦਫ਼ਤਰ ਨੇ ਇਸ ਘਟਨਾ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਸਥਾਨਕ ਬਿਸ਼ਪ ਨੇ ਦੱਸਿਆ ਕਿ ਜ਼ਖ਼ਮੀਆਂ ਵਿੱਚ ਦੋ ਪਾਦਰੀ ਵੀ ਸ਼ਾਮਲ ਹਨ। ਟੇਮਾਸਕਾਲਸਿੰਗੋ ਦੀ ਆਬਾਦੀ ਲਗਭਗ 66,000 ਹੈ ਅਤੇ ਇਹ ਮੈਕਸੀਕੋ ਸਿਟੀ ਤੋਂ ਲਗਭਗ 160 ਕਿਲੋਮੀਟਰ ਉੱਤਰ-ਪੱਛਮ ਵੱਲ ਸਥਿਤ ਹੈ। ਸੋਸ਼ਲ ਮੀਡੀਆ 'ਤੇ ਸਾਂਝੀ ਕੀਤੀ ਗਈ ਇੱਕ ਵੀਡੀਓ ਵਿਚ ਧਮਾਕੇ ਤੋਂ ਬਾਅਦ ਦੇ ਹਾਲਾਤ ਦਿਖਾਈ ਦਿੱਤੇ। ਇਸ ਵਿੱਚ ਦਰਜਨਾਂ ਲੋਕਾਂ ਨੂੰ ਧੂੰਏਂ ਅਤੇ ਮਲਬੇ ਦੇ ਵਿਚਕਾਰ ਬਚੇ ਹੋਏ ਲੋਕਾਂ ਦੀ ਭਾਲ ਕਰਦੇ ਹੋਏ ਦੇਖਿਆ ਜਾ ਸਕਦਾ ਹੈ।

# ਹਿਮਾਚਲ ਪ੍ਰਦੇਸ਼ ਦੇ ਸਕੂਲ 'ਚ ਸਿੱਖ ਬੱਚੇ ਨਾਲ ਰੈਗਿੰਗ ਦੀ ਜਥੇਦਾਰ ਗੜਗੱਜ ਨੇ ਕੀਤੀ ਨਿੰਦਾ



ਅੰਮ੍ਰਿਤਸਰ : ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਹਿਮਾਚਲ ਪ੍ਰਦੇਸ਼ ਦੇ ਸੋਲਨ ਜ਼ਿਲ੍ਹੇ ਦੇ ਇਕ ਬੋਰਡਿੰਗ ਸਕੂਲ ਵਿਚ ਇਕ ਸਿੱਖ ਬੱਚੇ ਨਾਲ ਕੀਤੀ ਗਈ ਰੈਗਿੰਗ ਦੀ ਘਟਨਾ ਦੀ ਕਰੜੇ ਸ਼ਬਦਾਂ ਵਿਚ ਨਿੰਦਾ ਕੀਤੀ ਹੈ। ਉਨ੍ਹਾਂ ਕਿਹਾ ਕਿ ਇਹ ਬਹੁਤ ਹੀ ਮੰਦਭਾਗੀ ਘਟਨਾ ਹੈ ਕਿ ਇਕ ਸਿੱਖ ਬੱਚੇ ਨਾਲ ਸਕੂਲ ਦੇ ਹੀ ਦੂਜੇ ਬੱਚਿਆਂ ਨੇ ਇਹੋ ਜਿਹੇ ਹਰਕਤ ਕੀਤੀ, ਜਿਸ ਨੂੰ ਰੋਕਣ ਦੀ ਪੂਰੀ ਜ਼ਿੰਮੇਵਾਰੀ ਸਕੂਲ ਪ੍ਰਸ਼ਾਸਨ ਦੀ ਹੈ। ਉਨ੍ਹਾਂ ਕਿਹਾ ਕਿ ਕਿਸੇ ਵੀ ਬੱਚੇ ਨਾਲ ਇਹੋ ਜਿਹੀ ਹਰਕਤ ਨਹੀਂ ਹੋਣੀ ਚਾਹੀਦੀ। ਗੜਗੱਜ ਨੇ ਕਿਹਾ ਕਿ ਉਨ੍ਹਾਂ ਨੇ ਪੀੜਤ ਸਿੱਖ ਬੱਚੇ ਦੇ ਪ੍ਰਵਾਰ ਅਤੇ ਬੱਚੇ ਨਾਲ ਗੱਲਬਾਤ ਕੀਤੀ ਹੈ ਅਤੇ ਉਨ੍ਹਾਂ ਨੂੰ ਚੜ੍ਹਦੀ ਕਲਾ ਵਿਚ ਰਹਿਣ ਦਾ ਸੰਦੇਸ਼ ਦਿੰਦਿਆਂ ਭਰੋਸਾ ਦਿਤਾ ਹੈ ਸ੍ਰੀ ਅਕਾਲ ਤਖ਼ਤ ਸਾਹਿਬ ਪ੍ਰਵਾਰ ਨਾਲ ਖੜ੍ਹਾ ਹੈ। ਉਨ੍ਹਾਂ ਕਿਹਾ ਕਿ ਇਸ ਘਟਨਾ ਦੀ ਇਕ ਵੀਡੀਉ ਸੋਸ਼ਲ ਮੀਡੀਆ ਉਤੇ ਸਾਹਮਣੇ ਆਈ ਹੈ, ਇਸ ਲਈ ਸਮੂਹ ਮੀਡੀਆ ਅਤੇ ਵੈੱਬ ਚੈਨਲਾਂ ਨੂੰ ਪ੍ਰਵਾਰ ਦੀ ਭਾਵਨਾ ਅਨੁਸਾਰ ਇਹ ਆਖਿਆ ਕਿ ਵਾਇਰਲ ਵੀਡੀਉ ਨੂੰ ਅਪਣੇ ਚੈਨਲਾਂ ਉਤੇ ਪ੍ਰਕਾਸ਼ਤ ਨਾ ਕੀਤਾ ਜਾਵੇ ਅਤੇ ਨਾ ਹੀ ਬੱਚੇ ਦੀ ਪਛਾਣ ਜਨਤਕ ਕੀਤੀ ਜਾਵੇ ਕਿਉਂਕਿ ਇਹ ਉਸ ਦੇ ਭਵਿੱਖ ਨਾਲ ਜੁੜਿਆ ਮਾਮਲਾ ਹੈ। ਉਨ੍ਹਾਂ ਕਿਹਾ ਕਿ ਭਾਵੇਂ ਕਿ ਪੀੜਤ ਬੱਚਿਆਂ ਦੇ ਪ੍ਰਵਾਰਕ ਮੈਂਬਰਾਂ ਦੀ ਸ਼ਿਕਾਇਤ ਤੋਂ ਬਾਅਦ ਹਿਮਾਚਲ ਪ੍ਰਦੇਸ਼ ਪੁਲਿਸ ਨੇ ਇਸ ਮਾਮਲੇ ਵਿਚ ਰੈਗਿੰਗ ਕਰਨ ਵਾਲੇ ਦੋਸ਼ੀਆਂ ਵਿਰੁਧ ਸਖ਼ਤ ਧਾਰਾਵਾਂ ਤਹਿਤ ਪਰਚਾ ਦਰਜ ਕਰ ਕੇ ਕਾਰਵਾਈ ਸ਼ੁਰੂ ਕਰ ਦਿਤੀ ਹੈ ਪਰੰਤੂ ਇਸ ਘਟਨਾ ਵਿਚ ਸਕੂਲ ਪ੍ਰਸ਼ਾਸਨ ਤੇ ਪ੍ਰਿੰਸੀਪਲ ਦੀ ਭੂਮਿਕਾ ਗ਼ੈਰ-ਸੰਜੀਦਾ ਤੇ ਠੀਕ ਨਹੀਂ ਰਹੀ ਹੈ। ਉਨ੍ਹਾਂ ਕਿਹਾ ਕਿ ਬੱਚਿਆਂ ਦੇ ਮਾਪਿਆਂ ਵਲੋਂ ਸਕੂਲ ਪ੍ਰਿੰਸੀਪਲ ਵਿਰੁਧ ਸ਼ਿਕਾਇਤਾਂ ਕੀਤੀਆਂ ਜਾ ਰਹੀਆਂ ਹਨ, ਇਸ ਲਈ ਉਨ੍ਹਾਂ ਨੇ ਸਕੂਲ ਪ੍ਰਸ਼ਾਸਨ ਨਾਲ ਗੱਲ ਕਰ ਕੇ ਅਜਿਹੇ ਪ੍ਰਿੰਸੀਪਲ ਨੂੰ ਤੁਰਤ ਬਦਲਣ ਲਈ ਆਖਿਆ ਹੈ ਜੋ ਬੱਚਿਆਂ ਵਿਚ ਅਨੁਸ਼ਾਸਨ ਕਾਇਮ ਨਹੀਂ ਰੱਖ ਸਕਦਾ। ਉਨ੍ਹਾਂ ਕਿਹਾ ਕਿ ਸਕੂਲ ਪ੍ਰਸ਼ਾਸਨ ਨੇ ਭਰੋਸਾ ਦਿਤਾ ਹੈ ਕਿ ਉਹ ਇਕ ਹਫ਼ਦੇ ਵਿਚ ਪ੍ਰਿੰਸੀਪਲ ਬਦਲ ਦੇਣਗੇ।

# ਮਿਆਮੀ ਹਵਾਈ ਅੱਡੇ 'ਤੇ ਜਹਾਜ਼ ਹਾਦਸਾਗ੍ਰਸਤ; 5 ਦੀ ਮੌਤ



ਅਮਰੀਕਾ ਦੇ ਮਿਆਮੀ ਹਵਾਈ ਅੱਡੇ 'ਤੇ ਇੱਕ ਜਹਾਜ਼ ਹਾਦਸਾਗ੍ਰਸਤ ਹੋ ਗਿਆ, ਜਿਸ ਵਿੱਚ ਘੱਟੋ-ਘੱਟ ਪੰਜ ਲੋਕਾਂ ਦੀ ਮੌਤ ਹੋ ਗਈ, ਜਦਕਿ ਪੰਜ ਹੋਰਨਾਂ ਦੇ ਜ਼ਖ਼ਮੀ ਹੋਣ ਦੀ ਖ਼ਬਰ ਹੈ। ਰਾਇਟਰਜ਼ ਦੀ ਇਕ ਰਿਪੋਰਟ ਅਨੁਸਾਰ, ਸਥਾਨਕ ਅਧਿਕਾਰੀਆਂ ਨੇ ਦੱਸਿਆ ਕਿ ਐਤਵਾਰ ਨੂੰ ਮਿਆਮੀ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਉਤਰਨ ਵੇਲੇ ਐਮਾਜ਼ਾਨ ਪ੍ਰਾਈਮ ਏਅਰ ਦਾ ਇੱਕ ਕਾਰਗੋ ਜਹਾਜ਼ ਰਨਵੇਅ ਤੋਂ ਅੱਗੇ ਨਿਕਲ ਗਿਆ ਅਤੇ ਹਾਦਸਾਗ੍ਰਸਤ ਹੋ ਗਿਆ, ਜਿਸ ਕਾਰਨ ਘੱਟੋ-ਘੱਟ ਪੰਜ ਲੋਕਾਂ ਦੀ ਮੌਤ ਹੋ ਗਈ।

ਖਬਰ ਹੈ ਕਿ ਪ੍ਰਾਈਮ ਏਅਰ ਦੀ ਉਡਾਣ 7598 ਦੁਪਹਿਰ 2:00 ਵਜੇ (ਸਥਾਨਕ ਸਮੇਂ) ਤੋਂ ਕੁਝ ਸਮਾਂ ਪਹਿਲਾਂ ਹਵਾਈ ਅੱਡੇ ਦੇ ਕਰਾਸ-ਰਨਵੇਅ ਤੋਂ ਅੱਗੇ ਨਿਕਲ ਗਈ ਅਤੇ ਜ਼ਮੀਨ 'ਤੇ ਖੜ੍ਹੇ ਕਈ ਵਾਹਨਾਂ ਨਾਲ ਟਕਰਾ ਗਈ। ਅਧਿਕਾਰੀਆਂ ਨੇ ਐਤਵਾਰ ਦੁਪਹਿਰ ਨੂੰ ਇਕ ਪ੍ਰੈਸ ਕਾਨਫਰੰਸ ਦੌਰਾਨ ਇਹ ਜਾਣਕਾਰੀ ਸਾਂਝੀ ਕੀਤੀ। ਹਾਦਸੇ ਤੋਂ ਬਾਅਦ ਹਵਾਈ ਅੱਡੇ 'ਤੇ ਹਫੜਾ-ਦਫੜੀ ਮੱਚ ਗਈ। ਮਿਆਮੀ-ਡੇਡ ਫਾਇਰ ਚੀਫ ਰੇ ਜਾਦੱਲਾ ਨੇ ਦੱਸਿਆ ਕਿ ਇਸ ਘਟਨਾ ਵਿੱਚ ਪੰਜ ਲੋਕ ਜ਼ਖ਼ਮੀ ਹੋਏ ਹਨ, ਜਿਨ੍ਹਾਂ ਵਿੱਚੋਂ ਤਿੰਨ ਦੀ ਹਾਲਤ ਗੰਭੀਰ ਬਣੀ ਹੋਈ ਹੈ। ਜਾਦੱਲਾ ਨੇ ਦੱਸਿਆ ਕਿ ਘੱਟੋ-ਘੱਟ ਦੋ ਵਿਅਕਤੀ ਉਨ੍ਹਾਂ ਵਾਹਨਾਂ ਵਿੱਚ ਫਸੇ ਹੋਏ ਸਨ ਜਿਨ੍ਹਾਂ ਨਾਲ ਜਹਾਜ਼ ਟਕਰਾਇਆ ਸੀ, ਜਦਕਿ ਪਾਇਲਟ ਅਤੇ ਸਹਿ-ਪਾਇਲਟ ਵੀ ਜਹਾਜ਼ ਦੇ ਅੰਦਰ ਫਸੇ ਹੋਏ ਸਨ। ਰਾਇਟਰਜ਼ ਦੀ ਇੱਕ ਰਿਪੋਰਟ ਅਨੁਸਾਰ, ਜਾਦੱਲਾ ਨੇ ਇਹ ਵੀ ਦੱਸਿਆ ਕਿ ਐਮਰਜੈਂਸੀ ਕਰਮਚਾਰੀਆਂ ਨੇ ਜਹਾਜ਼ ਵਿੱਚੋਂ ਹੋ ਰਹੀ ਬਾਲਣ ਦੀ ਲੀਕੇਜ ਨੂੰ ਰੋਕਣ ਦੀ ਕੋਸ਼ਿਸ਼ ਵਿੱਚ ਕਾਫ਼ੀ ਸਮਾਂ ਬਿਤਾਇਆ।

# ਉੱਘੇ ਸਮਾਜ ਸੇਵੀ ਐਸ.ਪੀ. ਸਿੰਘ ਉਬਰਾਏ ਦੇ ਸਨਮਾਨ ਹਿੱਤ ਫਰਿਜ਼ਨੋ 'ਚ ਵਿਸ਼ੇਸ਼ ਸਮਾਗਮ

## ਇੰਡੋ-ਯੂ.ਐਸ. ਹੈਰੀਟੇਜ ਵੱਲੋਂ ਮਨਜੀਤ ਕੁਲਾਰ ਦੇ ਸਹਿਯੋਗ ਨਾਲ ਕਰਵਾਇਆ ਗਿਆ ਸਮਾਗਮ



ਫਰਿਜ਼ਨੋ (ਕੈਲੀਫੋਰਨੀਆ) — ਗੁਰਿੰਦਰਜੀਤ ਸਿੰਘ 'ਨੀਟਾ ਮਾਛੀਕੇ' / ਕੁਲਵੰਤ ਉੱਭੀ ਧਾਲੀਆਂ : ਵਿਸ਼ਵ ਪ੍ਰਸਿੱਧ ਸਮਾਜ ਸੇਵੀ ਅਤੇ 'ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ' ਦੇ ਮੁਖੀ ਡਾ. ਐਸ. ਪੀ. ਸਿੰਘ ਉਬਰਾਏ ਦੇ ਸਨਮਾਨ ਹਿੱਤ ਇੰਡੋ-ਯੂ.ਐਸ. ਹੈਰੀਟੇਜ ਵੱਲੋਂ ਮਨਜੀਤ ਕੁਲਾਰ ਦੇ ਸਹਿਯੋਗ ਨਾਲ ਫਰਿਜ਼ਨੋ ਦੇ ਨੌਰਥ ਪੁਆਇੰਟ ਈਵੈਂਟ ਸੈਂਟਰ ਵਿਖੇ ਵਿਸ਼ੇਸ਼ ਸਮਾਗਮ ਕਰਵਾਇਆ ਗਿਆ। ਸਮਾਗਮ ਦੌਰਾਨ ਵੱਖ-ਵੱਖ ਬੁਲਾਰਿਆਂ ਨੇ ਡਾ. ਉਬਰਾਏ ਵੱਲੋਂ ਦੇਸ਼-ਵਿਦੇਸ਼ ਵਿੱਚ ਮਨੁੱਖਤਾ ਦੀ ਸੇਵਾ ਲਈ ਕੀਤੇ ਜਾ ਰਹੇ ਕਾਰਜਾਂ ਦੀ ਭਰਪੂਰ ਸ਼ਲਾਘਾ ਕੀਤੀ।

ਸਮਾਗਮ ਦੀ ਸ਼ੁਰੂਆਤ ਗੁਰਿੰਦਰਜੀਤ ਸਿੰਘ 'ਨੀਟਾ ਮਾਛੀਕੇ' ਨੇ ਹਾਜ਼ਰੀਨ ਅਤੇ ਮਹਿਮਾਨਾਂ ਨੂੰ ਨਿੱਘੀ ਜੀ ਆਇਆਂ ਆਖਦਿਆਂ ਕੀਤੀ। ਇਸ ਉਪਰੰਤ ਗਾਇਕ ਕਮਲਜੀਤ ਬੈਨੀਪਾਲ ਨੇ ਖੂਬਸੂਰਤ ਗੀਤ ਨਾਲ ਸਮਾਗਮ ਨੂੰ ਸੰਗੀਤਕ ਰੰਗ ਦਿੱਤਾ।

ਇੰਡੋ-ਯੂ.ਐਸ. ਹੈਰੀਟੇਜ ਦੇ ਕਨਵੀਨਰ ਸਾਧੂ ਸਿੰਘ ਸੰਘਾ ਨੇ ਆਏ ਹੋਏ ਮਹਿਮਾਨਾਂ ਦਾ ਸਵਾਗਤ ਕਰਦਿਆਂ ਸੰਸਥਾ ਵੱਲੋਂ ਕੀਤੇ ਜਾ ਰਹੇ ਸਮਾਜਿਕ ਅਤੇ ਵਿਰਾਸਤੀ ਕਾਰਜਾਂ ਬਾਰੇ ਜਾਣਕਾਰੀ ਦਿੱਤੀ। ਸੰਸਥਾ ਦੇ ਸਕੱਤਰ ਹੈਰੀ ਮਾਨ ਨੇ ਡਾ. ਐਸ. ਪੀ. ਸਿੰਘ ਉਬਰਾਏ ਦੇ ਮਨੁੱਖਤਾ ਪੱਖੀ ਉਪਰਾਲਿਆਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਨਿਰਸਵਾਰਥ ਸੇਵਾ ਸਮੁੱਚੇ ਪੰਜਾਬੀ ਭਾਈਚਾਰੇ ਲਈ ਮਾਣ ਵਾਲੀ ਗੱਲ ਹੈ। ਇਸ ਮੌਕੇ ਸੰਬੋਧਨ ਕਰਨ ਵਾਲੇ ਹੋਰ ਬੁਲਾਰਿਆਂ ਵਿੱਚ ਡਾ. ਅਰਜਨ ਸਿੰਘ ਜੋਸ਼ਨ, ਸੁਰਿੰਦਰ ਸਿੰਘ ਨਿੱਝਰ, ਪਾਲ ਸਹੋਤਾ (ਸਾਬਕਾ ਪ੍ਰਧਾਨ, ਐਨ.ਆਰ.ਆਈ. ਸਭਾ), ਮਹਿੰਦਰ ਸਿੰਘ ਸੰਧਾਵਾਲੀਆ, ਸ਼ਾਇਰ ਹਰਜਿੰਦਰ ਕੰਗ, ਸੁਖਬੀਰ ਭੰਡਾਲ (ਮੈਂਬਰ, ਪੀ.ਸੀ.ਏ.) ਅਤੇ ਗੁਰਜਤਿੰਦਰ ਸਿੰਘ ਰੰਧਾਵਾ (ਐਡੀਟਰ, ਪੰਜਾਬ ਮੇਲ ਯੂ.ਐਸ.ਏ.) ਸ਼ਾਮਲ ਸਨ। ਬੁਲਾਰਿਆਂ ਨੇ ਡਾ. ਉਬਰਾਏ ਦੀ ਸੇਵਾ ਭਾਵਨਾ ਨੂੰ ਮਿਸਾਲੀ ਦੱਸਦਿਆਂ ਕਿਹਾ ਕਿ ਉਨ੍ਹਾਂ ਨੇ ਮਨੁੱਖਤਾ ਦੀ ਸੇਵਾ ਨੂੰ ਆਪਣੀ ਜ਼ਿੰਦਗੀ ਦਾ ਮਿਸ਼ਨ ਬਣਾਇਆ ਹੋਇਆ ਹੈ।

ਸਮਾਗਮ ਦੇ ਅਖੀਰ ਵਿੱਚ ਡਾ. ਐਸ. ਪੀ. ਸਿੰਘ ਉਬਰਾਏ ਨੇ ਸੰਬੋਧਨ ਕਰਦਿਆਂ 'ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ' ਵੱਲੋਂ ਕੀਤੇ ਜਾ ਰਹੇ ਲੋਕ-ਭਲਾਈ ਕਾਰਜਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਦੱਸਿਆ ਕਿ ਵਿਦੇਸ਼ਾਂ ਵਿੱਚ ਮੁਸ਼ਕਲ ਹਾਲਾਤਾਂ ਵਿੱਚ ਫਸੇ ਸੈਂਕੜੇ ਨੌਜਵਾਨਾਂ ਨੂੰ ਬਲੱਡ ਮਨੀ ਅਦਾ ਕਰਕੇ ਰਿਹਾਅ ਕਰਵਾਉਣ ਵਿੱਚ ਸੰਸਥਾ ਨੇ ਅਹਿਮ ਭੂਮਿਕਾ ਨਿਭਾਈ ਹੈ। ਇਸੇ ਤਰ੍ਹਾਂ ਵਿਦੇਸ਼ਾਂ ਵਿੱਚ ਮੌਤ ਦਾ ਸ਼ਿਕਾਰ ਹੋਏ ਅਨੇਕਾਂ ਪੰਜਾਬੀਆਂ ਅਤੇ ਭਾਰਤੀਆਂ ਦੀਆਂ ਮ੍ਰਿਤਕ ਦੇਹਾਂ ਨੂੰ ਆਪਣੇ ਖਰਚੇ 'ਤੇ ਉਨ੍ਹਾਂ ਦੇ ਪਰਿਵਾਰਾਂ ਤੱਕ ਪਹੁੰਚਾਉਣ ਦੀ ਸੇਵਾ ਵੀ ਲਗਾਤਾਰ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਟਰੱਸਟ ਵੱਲੋਂ ਪੰਜਾਬ ਵਿੱਚ ਸਿੱਖਿਆ ਅਤੇ ਸਿਹਤ ਸੇਵਾਵਾਂ ਦੇ ਖੇਤਰ ਵਿੱਚ ਵੀ ਵੱਡੇ ਪੱਧਰ 'ਤੇ ਕੰਮ ਕੀਤਾ ਜਾ ਰਿਹਾ ਹੈ। ਲੋੜਵੰਦ ਵਿਦਿਆਰਥੀਆਂ ਦੀ ਪੜ੍ਹਾਈ ਵਿੱਚ ਸਹਾਇਤਾ ਕਰਨ ਦੇ ਨਾਲ-ਨਾਲ ਆਰਥਿਕ ਤੌਰ 'ਤੇ ਕਮਜ਼ੋਰ ਪਰਿਵਾਰਾਂ ਤੱਕ ਮੈਡੀਕਲ ਸਹੂਲਤਾਂ ਪਹੁੰਚਾਉਣ, ਇਲਾਜ ਲਈ ਮਦਦ ਕਰਨ ਅਤੇ ਹੋਰ ਮਨੁੱਖਤਾ ਪੱਖੀ ਪ੍ਰੋਜੈਕਟਾਂ ਨੂੰ ਅੱਗੇ ਵਧਾਉਣਾ ਸੰਸਥਾ ਦੀਆਂ ਮੁੱਖ ਤਰਜੀਹਾਂ ਵਿੱਚ ਸ਼ਾਮਲ ਹੈ।

ਡਾ. ਉਬਰਾਏ ਨੇ ਕਿਹਾ ਕਿ "ਮਨੁੱਖਤਾ ਦੀ ਸੇਵਾ ਹੀ ਸਭ ਤੋਂ ਵੱਡਾ ਧਰਮ ਹੈ" ਅਤੇ ਉਨ੍ਹਾਂ ਦੀ ਕੋਸ਼ਿਸ਼ ਹੈ ਕਿ ਜਿੱਥੇ ਵੀ ਕੋਈ ਲੋੜਵੰਦ ਮੁਸ਼ਕਲ ਵਿੱਚ ਹੋਵੇ, ਉਸ ਤੱਕ ਸੰਭਵ ਸਹਾਇਤਾ ਪਹੁੰਚਾਈ ਜਾਵੇ। ਸਮਾਗਮ ਦੌਰਾਨ ਡਾ. ਐਸ. ਪੀ. ਸਿੰਘ ਉਬਰਾਏ ਵੱਲੋਂ ਦੁਨੀਆ ਭਰ ਵਿੱਚ ਕੀਤੀਆਂ ਜਾ ਰਹੀਆਂ ਨਿਰਸਵਾਰਥ ਸੇਵਾਵਾਂ ਦੀ ਭਰਪੂਰ ਪ੍ਰਸ਼ੰਸਾ ਕੀਤੀ ਗਈ ਅਤੇ ਫਰਿਜ਼ਨੋ ਦੇ ਪੰਜਾਬੀ ਭਾਈਚਾਰੇ ਵੱਲੋਂ ਉਨ੍ਹਾਂ ਦਾ ਨਿੱਘਾ ਸਨਮਾਨ ਕੀਤਾ ਗਿਆ। ਇਸ ਮੌਕੇ ਇੰਡੋ ਯੂ. ਐਸ. ਵੱਲੋ ਉਹਨਾਂ ਨੂੰ ਸਨਮਾਨ ਚਿੰਨ ਦੇਕੇ ਸਨਮਾਨਿਤ ਕੀਤਾ ਗਿਆ । ਇਸ ਪ੍ਰੋਗਰਾਮ ਨੂੰ ਨੇਪਰੇ ਚਾੜਨ ਲਈ ਇੰਡੋ ਯੂ. ਐਸ ਹੈਰੀਟੇਜ ਦੇ ਸਮੂਹ ਮੈਂਬਰਾਂ ਸਾਧੂ ਸਿੰਘ ਸੰਘਾ, ਨਿਰਮਲ ਸਿੰਘ ਧਨੌਲਾ, ਮਨਜੀਤ ਕੁਲਾਰ, ਸਤਵੰਤ ਵਿਰਕ, ਰਣਜੀਤ ਗਿੱਲ,ਹੈਰੀ ਮਾਨ, ਕੁਲਵਿੰਦਰ ਸਿੰਘ ਢੀਡਸਾ, ਮਾਸਟਰ ਸੁਲੱਖਣ ਸਿੰਘ ਧਨੌਲਾ,ਕਮਲਜੀਤ ਬੈਨੀਪਾਲ, ਰਾਜ ਵੈਰੋਕੇ, ਸੰਤੋਖ ਸਿੰਘ ਢਿੱਲੋਂ , ਪੁਸ਼ਪਿੰਦਰ ਪਾਤੜਾਂ ਅਤੇ ਨੀਟਾ ਮਾਛੀਕੇ ਆਦਿ ਦੇ ਨਾਮ ਜਿਕਰਯੋਗ ਹਨ।

# UK 'ਚ ਪ੍ਰਵਾਸੀਆਂ ਵਿਰੁੱਧ ਮੁੜ ਸ਼ੁਰੂ ਹੋਏ ਦੰਗੇ

## ਪੁਲਿਸ ਦੀ ਮੁਸਤੈਦੀ ਨਾਲ ਬਚੀ 140 ਪ੍ਰਵਾਸੀਆਂ ਦੀ ਜਾਨ




ਲੰਡਨ : ਯੂ.ਕੇ. ਵਿਚ ਪ੍ਰਵਾਸੀਆਂ ਵਿਰੁੱਧ ਦੰਗੇ ਮੁੜ ਸ਼ੁਰੂ ਹੁੰਦੇ ਨਜ਼ਰ ਆਏ ਜਦੋਂ ਪੋਰਟਸਮਥ ਦੇ ਸਮੁੰਦਰੀ ਕੰਢੇ 'ਤੇ ਲਗਾਤਾਰ ਆ ਰਹੀਆਂ ਕਿਸ਼ਤੀਆਂ ਦਾ ਵਿਰੋਧ ਕਰ ਰਹੇ ਸੈਂਕੜੇ ਲੋਕ ਪੁਲਿਸ ਨਾਲ ਭਿੜ ਗਏ। ਐਤਵਾਰ ਦੇਰ ਸ਼ਾਮ ਪ੍ਰਵਾਸੀਆਂ ਨਾਲ ਭਰੀ ਇਕ ਕਿਸ਼ਤੀ ਡੁੱਬਣ ਅਤੇ ਕੋਸਟ ਗਾਰਡਜ਼ ਵੱਲੋਂ 140 ਪ੍ਰਵਾਸੀਆਂ ਨੂੰ ਬਚਾਉਣ ਦੀ ਖ਼ਬਰ ਸੋਸ਼ਲ ਮੀਡੀਆ 'ਤੇ ਜੰਗਲ ਦੀ ਅੱਗ ਵਾਂਗ ਫੈਲ ਗਈ ਜਿਸ ਮਗਰੋਂ ਵੱਡੀ ਗਿਣਤੀ ਵਿਚ ਸਥਾਨਕ ਲੋਕ ਇਕੱਤਰ ਹੋਣ ਲੱਗੇ। ਹਾਲਾਤ ਦੀ ਨਜ਼ਾਕਤ ਨੂੰ ਸਮਝਦਿਆਂ ਦੰਗੇ ਕੰਟਰੋਲ ਕਰਨ ਵਾਲੀ ਪੁਲਿਸ ਤੈਨਾਤ ਕਰ ਦਿਤੀ ਗਈ ਅਤੇ ਸਮੁੰਦਰ ਵਿਚੋਂ ਕੱਢ ਕੇ ਲਿਆਂਦੇ ਪ੍ਰਵਾਸੀਆਂ ਦੀ ਸੁਰੱਖਿਆ ਯਕੀਨੀ ਬਣਾਉਣ ਦੇ ਪ੍ਰਬੰਧ ਕੀਤੇ ਗਏ। ਅੱਧੀ ਰਾਤ ਤੱਕ ਹਾਲਾਤ ਤਣਾਅਪੂਰਨ ਬਣੇ ਰਹੇ ਅਤੇ ਰਾਇਟ ਕੰਟਰੋਲ ਪੁਲਿਸ ਵੱਲੋਂ ਮੁਜ਼ਾਹਰਾਕਾਰੀਆਂ ਨੂੰ ਖਿੰਡਾਉਣ ਦੇ ਯਤਨ ਜਾਰੀ ਰਹੇ।

ਦੂਜੇ ਪਾਸੇ ਵਿਖਾਵਾਕਾਰੀ ਪੁਲਿਸ ਮੁਲਾਜ਼ਮਾਂ ਨੂੰ 'ਸ਼ਰਮ ਕਰੋ' ਦੇ ਮਿਹਣੇ ਦਿੰਦੇ ਸੁਣੇ ਗਏ। ਕਈ ਪੜਾਵਾਂ ਵਿਚ ਵਾਪਰੀ ਘਟਨਾਕ੍ਰਮ ਨਾਲ ਸਬੰਧਤ ਵੀਡੀਓਜ਼ ਵਾਇਰਲ ਹੋ ਰਹੀਆਂ ਹਨ ਜਿਨ੍ਹਾਂ ਵਿਚ ਪ੍ਰਵਾਸੀਆਂ ਨੂੰ ਸਮੁੰਦਰ ਵਿਚੋਂ ਬਾਹਰ ਕੱਢ ਕੇ ਲਿਆਉਂਦੇ ਕੋਸਟ ਗਾਰਡਜ਼ ਦੇਖੇ ਜਾ ਸਕਦੇ ਹਨ ਜਦਕਿ ਦੂਜੇ ਪਾਸੇ ਪ੍ਰਵਾਸੀਆਂ ਦਾ ਵਿਰੋਧ ਕਰਨ ਵਾਲੇ ਨਫ਼ਰਤ ਭਰੇ ਨਾਹਰੇ ਲਾਉਂਦੇ ਸੁਣੇ ਜਾ ਸਕਦੇ ਹਨ। ਦੱਸਿਆ ਜਾ ਰਿਹਾ ਹੈ 140 ਪ੍ਰਵਾਸੀਆਂ ਨੂੰ ਲੈ ਕੇ ਫਰਾਂਸ ਦੇ ਸਮੁੰਦਰੀ ਕੰਢੇ ਨੇੜਿਉਂ ਲੰਘ ਰਹੀ ਕਿਸ਼ਤੀ ਦੇ ਹਾਲਾਤ ਡਾਵਾਂਡੋਲ ਨਜ਼ਰ ਆਏ। ਫ਼ਰਾਂਸ ਦੇ ਕੋਸਟਗਾਰਡਜ਼ ਨੇ ਕਿਸ਼ਤੀ ਨੂੰ ਰੋਕਣ ਵਾਜਬ ਨਾ ਸਮਝਿਆ ਅਤੇ ਬ੍ਰਿਟਿਸ਼ ਕੋਸਟ ਗਾਰਡਜ਼ ਨੂੰ ਇਤਲਾਹ ਦੇ ਦਿਤੀ ਗਈ। ਤਕਰੀਬਨ 170 ਮੀਲ ਦਾ ਸਫ਼ਰ ਸੁਖਾਲਾ ਨਹੀਂ ਸੀ ਜਿਸ ਦੇ ਮੱਦੇਨਜ਼ਰ ਮਦਦ ਵਾਸਤੇ ਲਾਈਫ਼ ਬੋਟਸ ਭੇਜੀਆਂ ਗਈਆਂ ਅਤੇ ਨਿਗਰਾਨੀ ਵਾਸਤੇ ਇਕ ਹੈਲੀਕਾਪਟਰ ਤੈਨਾਤ ਕੀਤਾ ਗਿਆ। ਕੋਸਟ ਗਾਰਡਜ਼ ਦੇ ਇਕ ਬੁਲਾਰੇ ਨੇ ਦੱਸਿਆ ਕਿ ਬਾਰਡਰ ਫ਼ੋਰਸ, ਹੈਂਪਸ਼ਾਇਰ ਪੁਲਿਸ ਅਤੇ ਸਾਊਥ ਸੈਂਟਰਲ ਐਂਬੂਲੈਂਸ ਸਰਵਿਸਿਜ਼ ਨੂੰ ਸਮੁੰਦਰੀ ਕੰਢੇ 'ਤੇ ਤੈਨਾਤ ਕੀਤਾ ਗਿਆ। ਪਰ ਮੁਸੀਬਤ ਤਾਂ ਉਸ ਵੇਲੇ ਸ਼ੁਰੂ ਹੋਈ ਜਦੋਂ ਪ੍ਰਵਾਸੀਆਂ ਨੂੰ ਬਚਾਏ ਜਾਣ ਵਿਰੁੱਧ ਸੈਂਕੜਿਆਂ ਦੇ ਗਿਣਤੀ ਵਿਚ ਲੋਕ ਪੁੱਜਣ ਲੱਗੇ।
















# ਬ੍ਰਿਟੇਨ 'ਚ ਸਿੱਖ ਕੁੜੀਆਂ ਨੂੰ ਫਸਾ ਰਿਹਾ ਪਾਕਿਸਤਾਨੀ ਗਰੂਮਿੰਗ ਗੈਂਗ

## ਪਹਿਲਾਂ ਭਰੋਸਾ ਜਿੱਤਦੇ ਫਿਰ ਕਰਵਾਉਂਦੇ ਧਰਮ ਪਰਿਵਰਤਨ



ਬ੍ਰਿਟੇਨ ਵਿੱਚ ਸਿੱਖ ਕੁੜੀਆਂ ਨੂੰ ਕਥਿਤ ਤੌਰ 'ਤੇ ਨਿਸ਼ਾਨਾ ਬਣਾਉਣ, ਉਨ੍ਹਾਂ ਨਾਲ ਨੇੜਤਾ ਵਧਾ ਕੇ ਬ੍ਰੇਨਵਾਸ਼ ਕਰਨ ਅਤੇ ਬਾਅਦ ਵਿੱਚ ਧਰਮ ਪਰਿਵਰਤਨ ਕਰਵਾਉਣ ਦੇ ਦਾਅਵੇ ਨੇ ਇੱਕ ਵਾਰ ਫਿਰ ਚਰਚਾ ਛੇੜ ਦਿੱਤੀ ਹੈ। ਯੂਕੇ ਦੇ ਇੱਕ ਚੈਨਲ ਦੇ ਪੌਡਕਾਸਟ ਵਿੱਚ ਇੱਕ ਸਿੱਖ ਨੌਜਵਾਨ ਨੇ ਪਾਕਿਸਤਾਨੀ ਮੂਲ ਦੇ ਕਥਿਤ ਗਰੂਮਿੰਗ ਗੈਂਗ 'ਤੇ ਗੈਰ-ਮੁਸਲਿਮ, ਖਾਸ ਕਰਕੇ ਸਿੱਖ ਕੁੜੀਆਂ ਨੂੰ ਨਿਸ਼ਾਨਾ ਬਣਾਉਣ ਦੇ ਇਲਜ਼ਾਮ ਲਗਾਏ ਹਨ। ਹਾਲਾਂਕਿ, ਇਨ੍ਹਾਂ ਦਾਅਵਿਆਂ ਦੀ ਸੁਤੰਤਰ ਪੁਸ਼ਟੀ ਨਹੀਂ ਹੋਈ ਹੈ।

**ਪਹਿਲਾਂ ਸਿੱਖ ਨੌਜਵਾਨਾਂ ਨੂੰ ਅਪਮਾਨਿਤ ਕਰਨ ਦਾ ਦਾਅਵਾ**

ਨੌਜਵਾਨ ਮੁਤਾਬਕ ਕਥਿਤ ਤੌਰ 'ਤੇ ਇਸ ਪ੍ਰਕਿਰਿਆ ਦੀ ਸ਼ੁਰੂਆਤ ਸਿੱਖ ਨੌਜਵਾਨਾਂ ਨੂੰ ਕੁੜੀਆਂ ਸਾਹਮਣੇ ਨੀਵਾਂ ਦਿਖਾਉਣ ਤੋਂ ਹੁੰਦੀ ਹੈ। ਉਸ ਨੇ ਦਾਅਵਾ ਕੀਤਾ ਕਿ ਸਕੂਲ, ਕਾਲਜ ਅਤੇ ਕੰਮਕਾਜ ਵਾਲੀਆਂ ਥਾਵਾਂ 'ਤੇ ਮਜ਼ਾਕ, ਤਾਅਨੇ, ਨਸਲੀ ਜਾਂ ਜਾਤੀ ਟਿੱਪਣੀਆਂ ਅਤੇ ਕਥਿਤ ਸਰੀਰਕ ਬਦਸਲੂਕੀ ਰਾਹੀਂ ਸਿੱਖ ਨੌਜਵਾਨਾਂ ਦੀ ਸਮਾਜਿਕ ਸਥਿਤੀ ਕਮਜ਼ੋਰ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਉਸ ਦੇ ਅਨੁਸਾਰ ਇਸ ਦਾ ਮਕਸਦ ਮੁਸਲਿਮ ਨੌਜਵਾਨਾਂ ਨੂੰ ਵਧੇਰੇ ਪ੍ਰਭਾਵਸ਼ਾਲੀ ਦਿਖਾਉਣਾ ਹੁੰਦਾ ਹੈ।

**ਦੋਸਤੀ ਰਾਹੀਂ ਭਰੋਸਾ ਬਣਾਉਣ ਦਾ ਦਾਅਵਾ**

ਨੌਜਵਾਨ ਨੇ ਦੱਸਿਆ ਕਿ ਇਸ ਤੋਂ ਬਾਅਦ ਸਿੱਖ ਕੁੜੀਆਂ ਨਾਲ ਦੋਸਤੀ ਵਧਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਉਸ ਮੁਤਾਬਕ ਕੁਝ ਮੁਸਲਿਮ ਸਹੇਲੀਆਂ ਵੀ ਇਸ ਵਿੱਚ ਭੂਮਿਕਾ ਨਿਭਾਉਂਦੀਆਂ ਹਨ ਅਤੇ ਕੁੜੀ ਦੇ ਮਨ ਵਿੱਚ ਉਸ ਨੌਜਵਾਨ ਪ੍ਰਤੀ ਭਰੋਸਾ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਮਹਿੰਗੇ ਤੋਹਫ਼ੇ, ਨਕਦ ਰਕਮ, ਰੈਸਟੋਰੈਂਟ, ਕਲੱਬ ਅਤੇ ਬਾਰ ਵਿੱਚ ਲਿਜਾਣ ਰਾਹੀਂ ਭਾਵਨਾਤਮਕ ਨੇੜਤਾ ਵਧਾਉਣ ਦਾ ਵੀ ਦਾਅਵਾ ਕੀਤਾ ਗਿਆ ਹੈ।

ਅਗਲੇ ਪੜਾਅ ਵਿੱਚ ਕੁੜੀ ਦੇ ਸਿੱਖ ਧਰਮ ਬਾਰੇ ਸਵਾਲ ਅਤੇ ਸ਼ੰਕੇ ਪੈਦਾ ਕਰਨ ਦੀ ਕੋਸ਼ਿਸ਼ ਕੀਤੇ ਜਾਣ ਦਾ ਦਾਅਵਾ ਹੈ। ਨਾਲ ਹੀ ਇਸਲਾਮ ਨੂੰ ਬਿਹਤਰ ਜਾਂ ਮਹਾਨ ਦੱਸਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਨੌਜਵਾਨ ਮੁਤਾਬਕ ਇਸ ਤੋਂ ਬਾਅਦ ਕੁੜੀ ਨੂੰ ਪਰਿਵਾਰ ਅਤੇ ਪੁਰਾਣੇ ਦੋਸਤਾਂ ਤੋਂ ਦੂਰ ਕਰਨ ਦੀ ਕੋਸ਼ਿਸ਼ ਹੁੰਦੀ ਹੈ। ਪਰਿਵਾਰ ਨਾਲ ਗੱਲਬਾਤ ਘਟਾਉਣ, ਦੋਸਤਾਂ ਨਾਲ ਸੰਪਰਕ ਤੋੜਨ ਅਤੇ ਮਾਨਸਿਕ ਤੌਰ 'ਤੇ ਇਕੱਲਾ ਕਰਨ ਵਰਗੀਆਂ ਸਥਿਤੀਆਂ ਪੈਦਾ ਕਰਨ ਦਾ ਦਾਅਵਾ ਕੀਤਾ ਗਿਆ ਹੈ।

**6 ਮਹੀਨੇ ਪਹਿਲਾਂ ਵੀ ਸਾਹਮਣੇ ਆਇਆ ਸੀ ਅਜਿਹਾ ਦਾਅਵਾ**

ਕਰੀਬ ਛੇ ਮਹੀਨੇ ਪਹਿਲਾਂ ਵੀ ਬ੍ਰਿਟੇਨ ਵਿੱਚ ਰਹਿੰਦੀ ਇੱਕ ਕੁੜੀ ਨੇ ਇਸੇ ਤਰ੍ਹਾਂ ਦੇ ਦਾਅਵੇ ਕੀਤੇ ਸਨ। ਇੰਗਲੈਂਡ ਵਿੱਚ ਰਹਿਣ ਵਾਲੇ ਪੰਜਾਬੀ ਨਵਦੀਪ ਸਿੰਘ ਵੱਲੋਂ ਪੋਸਟ ਕੀਤੀ ਵੀਡੀਓ ਵਿੱਚ ਕੁੜੀ ਨੇ ਦਾਅਵਾ ਕੀਤਾ ਸੀ ਕਿ ਯੂਕੇ ਵਿੱਚ 'ਕੌਰ-ਟੂ-ਖਾਨ' ਮੂਵਮੈਂਟ ਚੱਲ ਰਹੀ ਹੈ, ਜਿਸ ਤਹਿਤ ਸਿੱਖ ਕੁੜੀਆਂ ਨੂੰ ਕਥਿਤ ਤੌਰ 'ਤੇ ਫਸਾ ਕੇ ਧਰਮ ਪਰਿਵਰਤਨ ਕਰਵਾਇਆ ਜਾਂਦਾ ਹੈ।

ਕੁੜੀ ਨੇ ਦਾਅਵਾ ਕੀਤਾ ਸੀ ਕਿ ਸਿੱਖ ਕੁੜੀ ਨੂੰ 'ਕੌਰ' ਤੋਂ 'ਖਾਨ' ਬਣਾਉਣ ਲਈ 10 ਹਜ਼ਾਰ ਪੌਂਡ ਦਿੱਤੇ ਜਾਂਦੇ ਹਨ। ਉਸ ਮੁਤਾਬਕ ਹਿੰਦੂ ਜਾਂ ਈਸਾਈ ਕੁੜੀ ਦੇ ਧਰਮ ਪਰਿਵਰਤਨ ਲਈ 5 ਹਜ਼ਾਰ ਪੌਂਡ ਦੀ ਰਕਮ ਦੱਸੀ ਜਾਂਦੀ ਹੈ। ਸਿੱਖ ਕੁੜੀ ਲਈ ਦੱਸੀ 10 ਹਜ਼ਾਰ ਪੌਂਡ ਦੀ ਰਕਮ ਕਰੀਬ 11 ਲੱਖ ਰੁਪਏ ਅਤੇ 5 ਹਜ਼ਾਰ ਪੌਂਡ ਕਰੀਬ ਸਾਢੇ 5 ਲੱਖ ਰੁਪਏ ਬਣਦੀ ਹੈ। ਇਨ੍ਹਾਂ ਦਾਅਵਿਆਂ ਦੀ ਵੀ ਸੁਤੰਤਰ ਤੌਰ 'ਤੇ ਪੁਸ਼ਟੀ ਨਹੀਂ ਹੋਈ ਹੈ।

# ਕੀ ਅਮਰੀਕਾ ਕਪਾਨੀ, ਸੌਂਦ ਅਤੇ ਥਿੰਦ ਨੂੰ ਭੁੱਲ ਗਿਆ?

## ਸਿੱਖਾਂ ਖ਼ਿਲਾਫ਼ ਪੋਸਟਰ 'ਤੇ ਭਾਜਪਾ ਦਾ ਸਵਾਲ




ਭਾਜਪਾ ਨੇ ਅੱਜ ਅਮਰੀਕੀ ਇਮੀਗ੍ਰੇਸ਼ਨ ਵਿਭਾਗ ਦੇ ਉਨ੍ਹਾਂ ਪੋਸਟਰਾਂ 'ਤੇ ਸਖ਼ਤ ਇਤਰਾਜ਼ ਜਤਾਇਆ ਹੈ ਜਿਨ੍ਹਾਂ ਵਿੱਚ ਪ੍ਰਵਾਸੀਆਂ ਨੂੰ "Mr Singh" ਵਜੋਂ ਲੇਬਲ ਕੀਤਾ ਗਿਆ ਹੈ ਅਤੇ ਕਿਹਾ ਹੈ ਕਿ ਕਈ ਉੱਦਮੀ ਸਿੱਖਾਂ ਨੇ ਆਪਣੀ ਕਾਬਲੀਅਤ ਅਤੇ ਲਗਨ ਨਾਲ ਅਮਰੀਕਾ ਨੂੰ ਅਮੀਰ ਬਣਾਇਆ ਹੈ।

ਭਾਰਤ ਵਿੱਚ ਅਮਰੀਕੀ ਰਾਜਦੂਤ ਸਰਜੀਓ ਗੋਰ ਨੂੰ ਲਿਖੇ ਇੱਕ ਬਿਆਨ ਵਿੱਚ ਭਾਜਪਾ ਬੁਲਾਰੇ ਆਰ.ਪੀ. ਸਿੰਘ ਨੇ ਇੱਕ ਅਧਿਕਾਰਤ ਅਮਰੀਕੀ ਸਰਕਾਰੀ ਦੇਸ਼ ਨਿਕਾਲੇ (ਡਿਪੋਰਟੇਸ਼ਨ) ਦੀ ਮੁਹਿੰਮ ਵਿੱਚ ਸਿੱਖ ਪਛਾਣ ਅਤੇ "ਸਿੰਘ" ਉਪਨਾਮ ਨੂੰ ਇੱਕ ਵਿਅੰਗ (ਕੈਰੀਕੇਚਰ) ਵਜੋਂ ਵਰਤੇ ਜਾਣ 'ਤੇ ਸਖ਼ਤ ਇਤਰਾਜ਼ ਪ੍ਰਗਟ ਕੀਤਾ।

ਆਰ ਪੀ ਸਿੰਘ ਨੇ ਕਿਹਾ, "ਅਮਰੀਕਾ ਨੂੰ ਆਪਣੇ ਇਮੀਗ੍ਰੇਸ਼ਨ ਕਾਨੂੰਨਾਂ ਨੂੰ ਲਾਗੂ ਕਰਨ ਅਤੇ ਗੈਰ-ਕਾਨੂੰਨੀ ਇਮੀਗ੍ਰੇਸ਼ਨ ਵਿਰੁੱਧ ਕਾਰਵਾਈ ਕਰਨ ਦਾ ਪੂਰਾ ਅਧਿਕਾਰ ਹੈ। ਪਰ ਕਾਨੂੰਨ ਲਾਗੂ ਕਰਨਾ ਕਦੇ ਵੀ ਨਸਲੀ, ਜਾਤੀਗਤ ਜਾਂ ਧਾਰਮਿਕ ਰੂੜ੍ਹੀਵਾਦੀ ਸੋਚ (ਸਟੀਰੀਓਟਾਈਪਿੰਗ) ਦਾ ਬਹਾਨਾ ਨਹੀਂ ਬਣਨਾ ਚਾਹੀਦਾ।"

ਉਨ੍ਹਾਂ ਪੁੱਛਿਆ ਕਿ ਕੀ ਅਮਰੀਕਾ ਫਾਈਬਰ ਆਪਟਿਕਸ ਦੇ ਮੋਢੀ ਡਾ. ਨਰਿੰਦਰ ਸਿੰਘ ਕਪਾਨੀ; ਅਮਰੀਕੀ ਕਾਂਗਰਸ ਲਈ ਚੁਣੇ ਗਏ ਪਹਿਲੇ ਸਿੱਖ ਅਤੇ ਪਹਿਲੇ ਏਸ਼ਿਆਈ-ਅਮਰੀਕੀ ਦਲੀਪ ਸਿੰਘ ਸੌਂਦ; ਅਤੇ ਨਾਗਰਿਕਤਾ ਅਤੇ ਧਾਰਮਿਕ ਆਜ਼ਾਦੀ ਲਈ ਲੜਨ ਵਾਲੇ ਸਿੱਖ ਅਮਰੀਕੀ ਫ਼ੌਜੀ ਭਗਤ ਸਿੰਘ ਥਿੰਦ ਨੂੰ ਭੁੱਲ ਗਿਆ ਹੈ?

ਭਾਜਪਾ ਆਗੂ ਨੇ ਸੱਤਾਧਾਰੀ ਪਾਰਟੀ ਵੱਲੋਂ ਬੋਲਦਿਆਂ ਕਿਹਾ, "ਸਿੱਖ ਅਮਰੀਕਾ ਵਿੱਚ ਸਿਰਫ਼ ਟਰੱਕ ਚਲਾਉਣ ਲਈ ਨਹੀਂ ਆਏ ਸਨ। ਅਸੀਂ ਵਿਗਿਆਨੀਆਂ, ਕਿਸਾਨਾਂ, ਉੱਦਮੀਆਂ, ਸੈਨਿਕਾਂ, ਲੋਕ ਸੇਵਕਾਂ ਅਤੇ ਰਾਸ਼ਟਰ-ਨਿਰਮਾਤਾਵਾਂ ਵਜੋਂ ਆਏ ਹਾਂ। ਇੱਕ ਸਦੀ ਤੋਂ ਵੱਧ ਸਮੇਂ ਤੋਂ, ਸਿੱਖਾਂ ਨੇ ਅਮਰੀਕਾ ਦੀ ਅਰਥਵਿਵਸਥਾ, ਵਿਗਿਆਨਕ ਤਰੱਕੀ, ਖੇਤੀਬਾੜੀ, ਹਥਿਆਰਬੰਦ ਫ਼ੌਜਾਂ ਅਤੇ ਜਨਤਕ ਜੀਵਨ ਵਿੱਚ ਯੋਗਦਾਨ ਪਾਇਆ ਹੈ।"

ਉਨ੍ਹਾਂ ਕਿਹਾ ਕਿ ਅਮਰੀਕਾ ਵਿੱਚ ਸਿੱਖਾਂ ਦੇ ਯੋਗਦਾਨ ਦੇ ਪਿਛੋਕੜ ਵਿੱਚ, ਅਮਰੀਕੀ ਸਰਕਾਰ ਦੀ ਮੁਹਿੰਮ ਜਿਸ ਵਿੱਚ ਇੱਕ ਸਿੱਖ ਵਿਅਕਤੀ ਨੂੰ ਦਰਸਾਇਆ ਗਿਆ ਹੈ ਅਤੇ "ਮਿਸਟਰ ਸਿੰਘ" ਨੂੰ ਇੱਕ ਰੂੜ੍ਹੀਵਾਦੀ ਤੌਰ 'ਤੇ ਵਰਤਿਆ ਗਿਆ ਹੈ, ਡੂੰਘੀ ਤਰ੍ਹਾਂ ਅਪਮਾਨਜਨਕ ਹੈ।

ਸਿੰਘ ਨੇ ਕਿਹਾ, "ਇਹ ਸਿਰਫ਼ ਇੱਕ ਵਿਅਕਤੀ ਦਾ ਨਹੀਂ, ਸਗੋਂ ਇੱਕ ਮਾਣਮੱਤੇ ਭਾਈਚਾਰੇ ਦਾ ਅਪਮਾਨ ਹੈ ਜਿਸ ਦੇ ਮੈਂਬਰਾਂ ਨੇ ਅਮਰੀਕਾ ਲਈ ਕੰਮ ਕੀਤਾ ਹੈ, ਸੇਵਾ ਕੀਤੀ ਹੈ ਅਤੇ ਕੁਰਬਾਨੀਆਂ ਦਿੱਤੀਆਂ ਹਨ। ਹਰ ਤਰ੍ਹਾਂ ਨਾਲ ਇਮੀਗ੍ਰੇਸ਼ਨ ਕਾਨੂੰਨ ਲਾਗੂ ਕਰੋ ਪਰ ਇਹ ਮਾਣ, ਨਿਰਪੱਖਤਾ ਅਤੇ ਸਤਿਕਾਰ ਨਾਲ ਕਰੋ। ਸਿੱਖ ਪਛਾਣ ਨੂੰ ਕਦੇ ਵੀ ਮਜ਼ਾਕ ਦਾ ਪਾਤਰ ਨਹੀਂ ਬਣਾਉਣਾ ਚਾਹੀਦਾ।"

LEGAL SERVICES & IMMIGRATION MATTERS
ਕਿਸੇ ਤਰ੍ਹਾਂ ਦੇ ਕਨੂੰਨੀ ਜਾਂ ਇਮੀਗਰੇਸ਼ਨ ਕੇਸ ਲਈ ਮਿਲੋ

* Divorce Cases: Mutual & Contested
* Drink & Driving
* Trafic Tickets
* Domestic Violence Cases
* Notary Services

* RAD appeals (Refugee Appeals)
* IAD appeals (any kind of immigration appeals)
* Judicial Review
* Writ of Mandamus (if your case is being delayed by Immigration)
* Application for asylum (Refugee)
* If your visitor visa work permit or PR application is refused just call us

* Expert Guidance
* Personalized Assistance in every matter

THE SOLUTION YOU NEED CALL US:
519-740-7080

* ਨੋਟਰੀ ਦੀਆਂ ਸੇਵਾਵਾਂ * ਸੈਪਰੇਸ਼ਨ ਐਗਰੀਮੈਂਟ,
* ਤਲਾਕ * ਡ੍ਰਿੰਕ ਐਂਡ ਡ੍ਰਾਈਵਿੰਗ ਦਾ ਕੇਸ
* ਟ੍ਰੈਫਿਕ ਟਿਕਟ * ਘਰੇਲੂ ਹਿੰਸਾ
* ਅਮਰੀਕਾ, ਇੰਗਲੈਂਡ ਵੀਜ਼ਾ ਐਪਲੀਕੇਸ਼ਨ ਭਰਨੀ
* ਰੈਕਰਡ ਸਸਪੈਂਸ਼ਨ ਅਤੇ ਯੂਐਸ ਵੇਵਰ
* ਨੈਕਸਸ, ਫਾਸਟ ਕਾਰਡ, ਸੀਡੀਆਰਪੀ,
* ਕੈਨੇਡੀਅਨ ਪੈਨਸ਼ਨ ਦੀ ਐਪਲੀਕੇਸ਼ਨ ਭਰਨੀ
* ਕੋਈ ਵੀ ਇੰਡੀਅਨ ਸਰਕਾਰੀ ਕਾਗਜ਼ ਪੱਤਰ ਦੀ ਪੰਜਾਬੀ ਤੋਂ ਅੰਗ੍ਰੇਜ਼ੀ ਵਿੱਚ ਟ੍ਰਾਂਸਲੇਸ਼ਨ
* ਪੀਆਰ ਕਾਰਡ ਅਪਲਾਈ ਜਾਂ ਰਿਨੀਊ ਕਰਨਾ
* ਇੰਡੀਆ ਵਿੱਚ ਜ਼ਮੀਨ ਜਾਂ ਪਰਿਵਾਰਕ ਝਗੜੇ

Passport Services for Indian Citizens
* New Passport * Passport Renewal
* Lost or Damaged Passport Replacement
* OCI applications, OCI Card Renewal
* Visa Services: Tourist Visa, E-Visa

Land or Family Disputes in India
* Partition of Property * Removing Illegal Possession * Land Encroachment
* Matrimonial Property Disputes

Cambridge:- 181 Groh Ave., Suite# 201-C, Cambridge, ON N3C 1Y8
Mississauga: 7035 Maxwell Rd., Suite# 203, Mississauga, ON L5S 1R5

ਪੰਜਾਬ ਸਟਾਰ ਟੀਵੀ
ਹੁਣ ਤੁਸੀਂ ਆਪਣੇ ਘਰ
IPTV ਤੇ ਵੀ ਦੇਖ ਸਕਦੇ ਹੋ

PUNJAB STAR TV

IPTV
Roku
eBaba Ent
webtv
YUPPTV
GET IT ON Google Play
Shava tv
jadoo tv
Cruze tv
amazon fireTV

ਸੱਭਿਆਚਾਰਕ, ਧਾਰਮਿਕ ਅਤੇ ਰਾਜਨੀਤਿਕ ਪਰੋਗਰਾਮਾਂ ਨਾਲ
ਭਾਰਤ, ਪੰਜਾਬ, ਕੈਨੇਡਾ ਅਤੇ ਪੂਰੀ ਦੁਨੀਆ ਨਾਲ ਤੁਹਾਨੂੰ ਜੋੜ ਕੇ ਰੱਖਦਾ ਹੈ

ਪੰਜਾਬ ਸਟਾਰ ਟੀਵੀ

ਪੰਜਾਬ ਸਟਾਰ ਟੀਵੀ ਹੁਣ ਤੁਸੀਂ ਅਮਰੀਕਾ ਅਤੇ ਕੈਨੇਡਾ ਆਪਣੇ
ਘਰ ਆਈ ਪੀ ਟੀਵੀ ਬੌਕਸ 'ਤੇ ਦੇਖ ਸਕਦੇ। ਵਧੇਰੇ ਜਾਣਕਾਰੀ ਲਈ
ਲਖਵਿੰਦਰ ਸੰਧੂ 905-673-7666

NOW WIDELY AVAILABLE IN AMERICA & CANADA
For informatin call Lakhwinder Sandhu
905-673-7666

# ਰਾਹੁਲ ਗਾਂਧੀ ਨੂੰ ਭਗਵੰਤ ਮਾਨ ਦਾ ਜਵਾਬ

## ਕਿਹਾ 'ਲਾਸ਼ਾਂ 'ਤੇ ਸਿਆਸਤ ਨਾ ਕਰੋ'





ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਬੁੱਧਵਾਰ ਨੂੰ ਰਾਹੁਲ ਗਾਂਧੀ ਨੂੰ ਕਿਹਾ ਕਿ ਉਹ ਇੱਕ ਪਿੰਡ ਵਾਸੀ ਦੀ ਕਥਿਤ ਖ਼ੁਦਕੁਸ਼ੀ ਮਾਮਲੇ ਨੂੰ ਲੈ ਕੇ ਲਾਸ਼ਾਂ 'ਤੇ ਸਿਆਸਤ ਨਾ ਕਰਨ। ਐਕਸ (X) 'ਤੇ ਹਿੰਦੀ ਵਿੱਚ ਇੱਕ ਪੋਸਟ ਵਿੱਚ, ਮਾਨ ਨੇ ਕਿਹਾ ਕਿ ਪੁਲੀਸ ਇਸ ਮਾਮਲੇ ਵਿੱਚ ਪਹਿਲਾਂ ਹੀ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰ ਚੁੱਕੀ ਹੈ। ਸੰਗਰੂਰ ਜ਼ਿਲ੍ਹੇ ਦੇ ਦਿੜ੍ਹਬਾ ਦਾ ਰਹਿਣ ਵਾਲਾ 47 ਸਾਲਾ ਦਲਿਤ ਵਿਅਕਤੀ ਗੁਲਜ਼ਾਰ ਸਿੰਘ ਸੋਮਵਾਰ ਰਾਤ ਨੂੰ ਜ਼ਹਿਰੀਲੀ ਚੀਜ਼ ਨਿਗਲਣ ਤੋਂ ਬਾਅਦ ਮਰ ਗਿਆ। ਉਸ ਦੇ ਪਰਿਵਾਰ ਨੇ ਕਿਹਾ ਕਿ ਉਸ ਨੇ 6 ਸਤੰਬਰ ਨੂੰ ਦਿੜ੍ਹਬਾ ਵਿੱਚ ਇੱਕ ਸਮਾਗਮ ਦੌਰਾਨ ਚੀਮਾ ਤੋਂ ਇਲਾਕੇ ਵਿੱਚ ਨਸ਼ਿਆਂ ਦੀ ਸਪਲਾਈ ਬਾਰੇ ਸਵਾਲ ਕੀਤਾ ਸੀ। ਬੁੱਧਵਾਰ ਨੂੰ ਪਹਿਲਾਂ, ਗਾਂਧੀ ਨੇ ਕਥਿਤ ਖ਼ੁਦਕੁਸ਼ੀ ਨੂੰ ਲੈ ਕੇ 'ਆਪ' ਸਰਕਾਰ 'ਤੇ ਤਿੱਖਾ ਹਮਲਾ ਬੋਲਿਆ ਅਤੇ ਮੰਗ ਕੀਤੀ ਕਿ ਮਾਨ ਤੁਰੰਤ ਚੀਮਾ ਤੋਂ ਅਸਤੀਫ਼ਾ ਲੈਣ ਅਤੇ ਨਿਰਪੱਖ ਜਾਂਚ ਯਕੀਨੀ ਬਣਾਉਣ।

ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਨੇ ਦੋਸ਼ ਲਾਇਆ ਕਿ 'ਆਪ' ਸਰਕਾਰ ਤਹਿਤ ਇੱਕ "ਖ਼ਤਰਨਾਕ ਪੈਟਰਨ" ਉਭਰ ਰਿਹਾ ਹੈ ਕਿ ਜੇ ਕੋਈ ਨਾਕਾਮੀਆਂ ਬਾਰੇ ਸਵਾਲ ਕਰਦਾ ਹੈ, ਤਾਂ ਉਸ ਦਾ ਜਵਾਬ ਧਮਕੀਆਂ ਅਤੇ ਤਸ਼ੱਦਦ ਦੇ ਰੂਪ ਵਿੱਚ ਮਿਲਦਾ ਹੈ। ਕਾਂਗਰਸ ਨੇਤਾ ਨੂੰ ਜਵਾਬ ਦਿੰਦਿਆਂ ਮਾਨ ਨੇ ਕਿਹਾ, "ਰਾਹੁਲ ਗਾਂਧੀ ਜੀ, ਲਾਸ਼ਾਂ ਉੱਤੇ ਸਿਆਸਤ ਨਾ ਕਰੋ, ਪੰਜਾਬੀਆਂ ਨੂੰ ਇਸ ਕਿਸਮ ਦੀ ਸਿਆਸਤ ਪਸੰਦ ਨਹੀਂ ਹੈ।"

ਉਨ੍ਹਾਂ ਇੱਕ ਵੀਡੀਓ ਕਲਿੱਪ ਸਾਂਝੀ ਕਰਦਿਆਂ ਕਿਹਾ, "ਇਸ ਨੂੰ ਦੇਖੋ, ਜਦੋਂ ਕਾਂਗਰਸੀ ਨੇਤਾ ਪੀੜਤ ਦੇ ਪਿੰਡ ਗਏ ਅਤੇ ਇਸ ਗੰਦੀ ਸਿਆਸਤ ਵਿੱਚ ਸ਼ਾਮਲ ਹੋਣ ਦੀ ਕੋਸ਼ਿਸ਼ ਕੀਤੀ, ਤਾਂ ਲੋਕਾਂ ਨੇ ਉਨ੍ਹਾਂ ਨੂੰ ਭਜਾ ਦਿੱਤਾ।" ਮੁੱਖ ਮੰਤਰੀ ਨੇ ਕਿਹਾ ਕਿ ਪੁਲਿਸ ਨੇ ਪਹਿਲਾਂ ਹੀ ਸਾਰੇ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਇਸ ਦੌਰਾਨ ਮੁੱਖ ਮੰਤਰੀ ਮਾਨ ਨੇ ਪੰਜਾਬ ਵਿੱਚ ਨਸ਼ੇ ਦੀ ਲਤ ਦੇ ਫੈਲਣ ਲਈ ਪਿਛਲੀਆਂ ਅਕਾਲੀ-ਭਾਜਪਾ ਅਤੇ ਕਾਂਗਰਸ ਸਰਕਾਰਾਂ ਨੂੰ ਜ਼ਿੰਮੇਵਾਰ ਠਹਿਰਾਇਆ। ਉਨ੍ਹਾਂ ਕਿਹਾ, " ਕਿਸੇ ਵੀ ਨਸ਼ਾ ਤਸਕਰ ਨੂੰ ਬਖ਼ਸ਼ਿਆ ਨਹੀਂ ਜਾਵੇਗਾ।"

# ਬਲੱਡ ਸ਼ੂਗਰ ਬਾਰੇ ਜਾਗਰੂਕਤਾ ਤੇ ਗਿੱਧੇ ਦੀ ਧਮਾਲ...

## 'ਫ਼ਲਾਵਰ ਸਿਟੀ ਫ਼ਰੈਂਡਜ਼ ਕਲੱਬ' ਨੇ ਸਿਹਤ ਸਬੰਧੀ ਜਾਗਰੂਕਤਾ ਨੂੰ ਕਮਿਊਨਿਟੀ ਦੀ ਅੰਤਰੀਵ ਭਾਵਨਾ ਨਾਲ ਜੋੜਿਆ

ਬਰੈਂਪਟਨ, (ਡਾ. ਝੰਡ) – ਲੰਘੇ ਐਤਵਾਰ 6 ਸਤੰਬਰ ਨੂੰ ਫ਼ਲਾਵਰ ਸਿਟੀ ਫ਼ਰੈਂਡਜ਼ ਕਲੱਬ ਦੇ ਮੈਂਬਰਾਂ ਵੱਲੋਂ ਸਿਹਤ ਸਬੰਧੀ 'ਸੀਨੀਅਰਜ਼ ਵਿੱਚ ਡਾਇਬਟੀਜ਼' ਵਿਸ਼ੇ 'ਤੇ ਸਥਾਨਕ ਪਾਲ ਪਲੈਸ਼ੀ ਕਮਿਊਨਿਟੀ ਸੈਂਟਰ ਵਿੱਚ ਜਾਗਰੂਕਤਾ ਸੈਮੀਨਾਰ ਆਯੋਜਿਤ ਕੀਤਾ ਗਿਆ ਜਿਸ ਵਿੱਚ ਸਰਟੀਫਾਈਡ ਡਾਇਬਟੀਜ਼ ਸ਼ੂਗਰ ਐਜੂਕੇਟਰ ਨੇਹਾ ਕੌਸ਼ਲ ਵੱਲੋਂ ਬਲੱਡ ਸ਼ੂਗਰ ਬਾਰੇ ਜਾਣਕਾਰੀ ਸਾਂਝੀ ਕੀਤੀ ਗਈ। ਇਸ ਸੈਮੀਨਾਰ ਲਈ ਕਲੱਬ ਨੂੰ ਬਰੈਂਪਟਨ ਸਿਟੀ ਵੱਲੋਂ ਵਿਸ਼ੇਸ਼ ਸਹਿਯੋਗ ਪ੍ਰਾਪਤ ਹੋਇਆ। ਕਲੱਬ ਦੇ 125 ਮੈਂਬਰਾਂ ਨੇ ਬਲੱਡ ਸ਼ੂਗਰ ਸਬੰਧੀ ਇਸ ਜਾਣਕਾਰੀ ਦਾ ਭਰਪੂਰ ਲਾਭ ਉਠਾਇਆ।

ਕਲੱਬ ਦੇ ਮੈਂਬਰਾਂ ਤੇ ਮਹਿਮਾਨਾਂ ਦਾ ਸੁਆਗ਼ਤ ਕਰਦਿਆਂ ਹੋਇਆਂ ਕਲੱਬ ਦੇ ਚੇਅਰਪਰਸਨ ਗਿਅਨ ਪਾਲ ਨੇ ਕਿਹਾ, "ਸੀਨੀਅਰਾਂ ਦੀ ਚੰਗੀ ਸਿਹਤ ਤੋਂ ਭਾਵ ਉਨ੍ਹਾਂ ਲਈ ਵਧੇਰੇ ਆਜ਼ਾਦੀ, ਆਤਮ-ਨਿਰਭਰਤਾ, ਆਤਮ-ਵਿਸ਼ਵਾਸ ਅਤੇ ਚੰਗੇਰੀ ਜੀਵਨ-ਜਾਚ ਹੈ। ਲੋਕਾਂ ਨੂੰ ਸਮਾਜਿਕ ਤੌਰ 'ਤੇ ਇਕੱਠੇ ਕਰਨਾ ਮਹੱਤਵਪੂਰਨ ਹੈ, ਪਰ ਇਸਦੇ ਨਾਲ ਹੀ ਉਨ੍ਹਾਂ ਨੂੰ ਲੋੜੀਂਦਾ ਗਿਆਨ ਪ੍ਰਦਾਨ ਕਰਨਾ ਅਜਿਹੇ ਇਕੱਠਾਂ ਦੀ ਮਹੱਤਤਾ ਵਿੱਚ ਹੋਰ ਵੀ ਵਾਧਾ ਕਰਦਾ ਹੈ।" ਉਨ੍ਹਾਂ ਕਿਹਾ ਕਿ ਦੁਨੀਆਂ-ਭਰ ਵਿੱਚ ਅੱਜਕੱਲ੍ਹ ਸ਼ੂਗਰ ਦੀ ਬੀਮਾਰੀ ਬਹੁਤ ਵੱਧ ਗਈ ਹੈ ਅਤੇ ਸਾਡੇ ਸੀਨੀਅਰ ਇਸ ਦਾ ਵਧੇਰੇ ਸ਼ਿਕਾਰ ਹੋ ਰਹੇ ਹਨ। ਇਸਦੇ ਬਚਾਅ ਲਈ ਸੰਤੁਲਿਤ ਭੋਜਨ, ਲੋੜੀਂਦੀ ਵਰਜਿਸ਼, ਮੈਡੀਟੇਸ਼ਨ, ਆਦਿ ਬਾਰੇ ਲੋਕਾਂ ਨੂੰ ਜਾਗਰੂਕ ਕਰਕੇ ਇਸ ਬੀਮਾਰੀ ਤੋਂ ਕਾਫ਼ੀ ਹੱਦ ਤੀਕ ਬਚਾਅ ਕੀਤਾ ਜਾ ਸਕਦਾ ਹੈ। ਇਸਦੇ ਨਾਲ ਹੀ ਉਨ੍ਹਾਂ ਵੱਲੋਂ ਨੇਹਾ ਕੌਸ਼ਲ ਨੂੰ ਬਲੱਡ ਸ਼ੂਗਰ ਅਤੇ ਇਸਦੇ ਬਚਾਅ ਬਾਰੇ ਗੱਲ ਕਰਨ ਲਈ ਬੇਨਤੀ ਕੀਤੀ ਗਈ।

ਨੇਹਾ ਕੌਸ਼ਲ ਨੇ ਇਸਦੇ ਬਾਰੇ ਗੱਲ ਕਰਦਿਆਂ ਕਿਹਾ ਕਿ ਟਰਮ 'ਡਾਇਬਟੀਜ਼' ਦੇ ਬਾਰੇ ਅੱਜਕੱਲ੍ਹ ਹਰੇਕ ਚੇਤੰਨ ਵਿਅੱਕਤੀ ਨੂੰ ਜਾਣਕਾਰੀ ਹੈ, ਕਿਉਂਕਿ ਇਹ ਬੀਮਾਰੀ ਹੁਣ ਲੱਗਭੱਗ ਹਰੇਕ ਉਮਰ-ਵਰਗ ਵਿੱਚ ਹੀ ਬੜੀ ਆਮ ਹੋ ਗਈ ਹੈ ਪਰ ਸਾਡੇ ਸੀਨੀਅਰਜ਼ ਇਸ ਨਾਲ ਸੱਭ ਤੋਂ ਵਧੇਰੇ ਪੀੜਤ ਹਨ। ਡਾਇਬਟੀਜ਼ ਦੇ ਵਿੱਚ ਰਿਸਕ ਫ਼ੈਕਟਰ, ਬਲੱਡ ਗੁਲੂਕੋਜ਼ ਮੈਨੇਜਮੈਂਟ, ਖ਼ੁਰਾਕ, ਪੋਰਸ਼ਨ ਕੰਟਰੋਲ, ਵਰਜਿਸ਼, ਵਗ਼ੈਰਾ ਸੱਭ ਕੁਝ ਆ ਜਾਂਦਾ ਹੈ। ਉਨ੍ਹਾਂ ਨੇ ਇਨ੍ਹਾਂ ਸਾਰੇ ਲਘੂ-ਵਿਸ਼ਿਆਂ ਬਾਰੇ ਸੰਖੇਪ ਵਿੱਚ ਦੱਸਿਆ। ਇਸ ਦੌਰਾਨ ਸੱਭ ਤੋਂ ਰੌਚਕ ਜਾਣਕਾਰੀ ਪੰਜਾਬੀ ਅਤੇ ਸਾਊਥ ਇੰਡੀਅਨ ਖਾਣਿਆਂ ਬਾਰੇ ਸੀ ਕਿ ਕਿਵੇਂ ਇਨ੍ਹਾਂ ਵਿੱਚ ਮਸਾਲਿਆਂ ਦੀ ਵੰਨਗੀ ਤੇ ਉਨ੍ਹਾਂ ਦੀ ਮਾਤਰਾ ਅਤੇ ਖਾਣਾ ਬਨਾਉਣ ਦੇ ਤਰੀਕਿਆਂ ਨੂੰ ਸਹੀ ਰੱਖ ਕੇ ਇਨ੍ਹਾਂ ਨੂੰ ਵਧੇਰੇ ਗੁਣਕਾਰੀ ਬਣਾਇਆ ਜਾ ਸਕਦਾ ਹੈ ਅਤੇ ਡਾਇਬਟੀਜ਼ ਦੇ ਖ਼ਤਰੇ ਤੋਂ ਪਰੇ ਰੱਖਿਆ ਜਾ ਸਕਦਾ ਹੈ। ਇਸਦੇ ਨਾਲ ਹੀ ਉਨ੍ਹਾਂ ਵੱਲੋਂ ਸਰੀਰਕ ਵਰਜਿਸ਼ ਅਤੇ ਮਾਨਸਿਕ ਤੰਦਰੁਸਤੀ ਲਈ ਮੈਡੀਟੇਸ਼ਨ ਬਾਰੇ ਵੀ ਭਰਪੂਰ ਰੌਸ਼ਨੀ ਪਾਈ ਗਈ। ਉਪਰੰਤ, ਸੁਆਲ-ਜੁਆਬ ਸੈਸ਼ਨ ਵਿੱਚ ਗੁਰਵਿੰਦਰ ਲਾਂਬਾ, ਹਰਸਿਮਰਤ ਪੈਂਫ਼ਰ ਅਤੇ ਇਕਬਾਲ ਆਹਲੂਵਾਲੀਆ ਵੱਲੋਂ ਉਨ੍ਹਾਂ ਨੂੰ ਇਸ ਸਬੰਧੀ ਸੁਆਲ ਕੀਤੇ ਗਏ ਜਿਨ੍ਹਾਂ ਦੇ ਜੁਆਬ ਉਨ੍ਹਾਂ ਵੱਲੋਂ ਤਸੱਲੀਪੂਰਵਕ ਦਿੱਤੇ ਗਏ।

ਇਸ ਜਾਗਰੂਕਤਾ ਸੈਸ਼ਨ ਤੋਂ ਬਾਅਦ ਹਾਸੇ-ਠੱਠੇ, ਚੁਟਕਲਿਆਂ, ਮਖ਼ੌਲ, ਨੱਚਣ, ਗਾਉਣ ਤੇ ਗਿੱਧੇ ਦਾ ਸੈਸ਼ਨ ਸ਼ੁਰੂ ਹੋ ਗਿਆ। ਪ੍ਰੰਪਰਿਕ ਪੰਜਾਬੀ ਲੋਕ-ਨਾਚ ਗਿੱਧੇ ਦੀ ਇਸ ਸੈਸ਼ਨ ਵਿੱਚ ਪ੍ਰਧਾਨਤਾ ਰਹੀ। ਇਸ ਦੌਰਾਨ ਪਾਈਆਂ ਗਈਆਂ ਬੋਲੀਆਂ ਦੀ ਸੁਰ-ਤਾਲ ਅਤੇ ਪੈਰਾਂ ਦੀ ਥਿਰਕਣ ਨੇ ਮੈਂਬਰਾਂ ਦਾ ਵਿਸ਼ੇਸ਼ ਧਿਆਨ ਖਿੱਚਿਆ। ਪੰਜਾਬੀ ਸੱਭਿਆਚਾਰ ਦੇ ਇਹ ਅੰਗ ਗਿੱਧਾ ਅਤੇ ਭੰਗੜਾ ਪੰਜਾਬੀਆਂ ਨੂੰ ਖ਼ਾਸ ਕਿਸਮ ਦੀ ਊਰਜਾ ਅਤੇ ਤਾਜ਼ਗੀ ਬਖ਼ਸ਼ਦੇ ਹਨ। ਹੁਣ ਤਾਂ ਹੋਰ ਕਮਿਊਨਿਟੀਆਂ ਵੀ ਇਨ੍ਹਾਂ ਦਾ ਖ਼ੂਬ ਅਨੰਦ ਮਾਣ ਰਹੀਆਂ ਹਨ। ਇਸ ਦੌਰਾਨ ਕਲੱਬ ਮੈਂਬਰਾਂ ਦੇ ਇਸ ਮਹੀਨੇ ਵਿੱਚ ਆਏ ਜਨਮ-ਦਿਨ ਕੇਕ ਕੱਟ ਕੇ ਮਨਾਏ ਗਏ ਅਤੇ ਸਮੂਹ ਕਲੱਬ ਮੈਂਬਰਾਂ ਵੱਲੋਂ ਉਨ੍ਹਾਂ ਨੂੰ ਜਨਮ-ਦਿਨ ਦੀ ਮੁਬਾਰਕਬਾਦ ਦਿੱਤੀ ਗਈ।

ਕਲੱਬ ਦੀ ਪ੍ਰਧਾਨ ਜਸਵਿੰਦਰ ਦੈਂਦ ਵੱਲੋਂ ਨੇਹਾ ਕੌਸ਼ਲ ਅਤੇ ਸਮੂਹ ਮੈਂਬਰਾਂ ਦਾ ਧੰਨਵਾਦ ਕੀਤਾ ਗਿਆ। ਉਨ੍ਹਾਂ ਕਿਹਾ ਕਿ ਸਾਡੀ ਇਸ ਕਲੱਬ ਦਾ ਮੁੱਖ-ਮਕਸਦ ਆਪਣੇ ਮੈਂਬਰਾਂ ਨੂੰ ਇਕੱਠੇ ਬਿਠਾਉਣਾ, ਉਨ੍ਹਾਂ ਦੇ ਗਿਆਨ ਵਿੱਚ ਵਾਧਾ ਕਰਨਾ ਅਤੇ ਉਨ੍ਹਾਂ ਦੀ ਸਿਹਤ ਦਾ ਖ਼ਿਆਲ ਰੱਖਣਾ ਹੈ ਜਿਸ ਵਿੱਚ ਅਸੀਂ ਪੂਰੇ ਕਾਮਯਾਬ ਹੋ ਰਹੇ ਹਾਂ। ਅਖ਼ੀਰ ਵਿੱਚ ਕਲੱਬ ਦੇ ਚੇਅਰਪਰਸਨ ਗਿਆਨ ਪਾਲ ਵੱਲੋਂ ਸੈਮੀਨਾਰ ਦੇ ਮੁੱਖ-ਬੁਲਾਰੇ ਨੇਹਾ ਕੌਸ਼ਲ ਅਤੇ ਹੋਰ ਬੁਲਾਰਿਆਂ, ਕਾਰਜਕਾਰਨੀ ਦੇ ਮੈਂਬਰਾਂ ਅਤੇ ਸਮੂਹ ਕਲੱਬ ਮੈਂਬਰਾਂ ਦਾ ਧੰਨਵਾਦ ਕੀਤਾ ਗਿਆ। ਇਸ ਦੌਰਾਨ ਉਨ੍ਹਾਂ ਬਰੈਂਪਟਨ ਸਿਟੀ ਦਾ ਵਿਸ਼ੇਸ਼ ਧੰਨਵਾਦ ਕੀਤਾ ਜਿਸਦੇ ਸਹਿਯੋਗ ਨਾਲ ਡਾਇਬਟੀਜ਼ ਸਬੰਧੀ ਜਾਗਰੂਕਤਾ ਦਾ ਇਹ ਸੈਮੀਨਾਰ ਆਯੋਜਿਤ ਕੀਤਾ ਗਿਆ।




# ਪੀ.ਐੱਸ.ਬੀ. ਸੀਨੀਅਰਜ਼ ਕਲੱਬ ਵੱਲੋਂ ਪੰਜਾਬ ਐਂਡ ਸਿੰਧ ਬੈਂਕ ਦੇ ਸੀਈਓ ਸਵਰੂਪ ਕੁਮਾਰ ਸਾਹਾ ਤੇ ਜੀ.ਐੱਮ. ਚਮਨ ਲਾਲ ਸ਼ੀਂਹਮਾਰ ਦਾ ਕੀਤਾ ਗਿਆ ਭਰਵਾਂ ਸੁਆਗ਼ਤ

ਬਰੈਂਪਟਨ, (ਡਾ. ਝੰਡ): ਪਿਛਲੇ ਦਹਾਕੇ ਤੋਂ ਬਰੈਂਪਟਨ ਵਿੱਚ ਸਫ਼ਲਤਾ ਪੂਰਵਕ ਵਿਚਰ ਰਹੀ ਪੀ.ਐੱਸ.ਬੀ. ਸੀਨੀਅਰਜ਼ ਕਲੱਬ ਵੱਲੋਂ ਇੱਕ ਸੰਖੇਪ ਪਰ ਪ੍ਰਭਾਵਸ਼ਾਲੀ ਸਮਾਗ਼ਮ ਦੌਰਾਨ ਪੰਜਾਬ ਐਂਡ ਸਿੰਧ ਬੈਂਕ ਦੇ ਇਸ ਸਮੇਂ ਸੀਈਓ ਸਵਰੂਪ ਕੁਮਾਰ ਸਾਹਾ ਤੇ ਜੀ.ਐੱਮ. ਚਮਨ ਲਾਲ ਸ਼ੀਂਹਮਾਰ ਦਾ ਭਰਵਾਂ ਸੁਆਗ਼ਤ ਕੀਤਾ ਗਿਆ। ਉਹ ਦੋਵੇਂ ਪਿਛਲੇ ਦਿਨੀਂ ਭਾਰਤ ਦੀ ਵਿੱਤ-ਮੰਤਰੀ ਨਿਰਮਲਾ ਸੀਥਾਰਮਨ ਦੇ ਕੈਨੇਡਾ ਪਧਾਰੇ ਵਫ਼ਦ ਦੇ ਨਾਲ ਭਾਰਤ ਅਤੇ ਕੈਨੇਡਾ ਦੀਆਂ ਸਰਕਾਰਾਂ ਵਿਚਕਾਰ ਵਿਓਪਾਰ ਦੀਆਂ ਸੰਭਾਵਨਾਵਾਂ ਵਧਾਉਣ ਲਈ ਕੀਤੇ ਜਾਣ ਵਾਲੇ ਉਪਰਾਲਿਆਂ ਬਾਰੇ ਹੋਣ ਵਾਲੀ ਗੱਲਬਾਤ ਵਿੱਚ ਸ਼ਾਮਲ ਹੋਣ ਲਈ ਆਏ ਸਨ। ਕਲੱਬ ਦੇ ਪ੍ਰਧਾਨ ਹਰਚਰਨ ਸਿੰਘ ਵੱਲੋਂ ਦੋਹਾਂ ਉੱਚ-ਅਧਿਕਾਰੀਆਂ ਨੂੰ ਸ਼ਾਨਦਾਰ ਬੁਕੇ ਦੇ ਕੇ ਉਨ੍ਹਾਂ ਦਾ ਸੁਆਗ਼ਤ ਕੀਤਾ ਗਿਆ। ਉਨ੍ਹਾਂ ਨੂੰ ਨਿੱਘੀ 'ਜੀ-ਆਇਆਂ' ਕਹਿੰਦਿਆਂ ਹੋਇਆਂ ਕਲੱਬ ਦੇ ਚੇਅਰਪਰਸਨ ਗੁਰਚਰਨ ਸਿੰਘ ਖੱਖ ਨੇ ਇਸ ਕਲੱਬ ਅਤੇ ਆਪਣੀ ਮਾਪੇ- ਸੰਸਥਾ ਪੰਜਾਬ ਐਂਡ ਸਿੰਧ ਬੈਂਕ ਵਿਚਕਾਰ ਗੂੜ੍ਹੇ ਰਿਸ਼ਤੇ ਦੀ ਗੱਲ ਕਰਦੇ ਹੋਏ ਬੈਂਕ ਦੇ ਇਸ ਸਮੇਂ ਕੈਨੇਡਾ ਰਹਿੰਦੇ ਹੋਏ ਸਾਬਕਾ ਕਰਮਚਾਰੀਆਂ ਅਤੇ ਐੱਨ.ਆਰ.ਆਈਜ਼ ਨੂੰ ਦਰਪੇਸ਼ ਮੁਸ਼ਕਲਾਂ ਬਾਰੇ ਵੀ ਜਾਣਕਾਰੀ ਸਾਂਝੀ ਕੀਤੀ।

ਪੰਜਾਬ ਐਂਡ ਸਿੰਧ ਬੈਂਕ ਦੇ ਇਤਿਹਾਸ ਬਾਰੇ ਆਪਣੇ ਵਿਚਾਰ ਸਾਂਝੇ ਕਰਦਿਆਂ ਹੋਇਆਂ ਬੈਂਕ ਦੇ ਜਨਰਲ ਮੈਨੇਜਰ ਚਮਨ ਲਾਲ ਵੱਲੋਂ ਆਪਣੇ ਸੰਬੋਧਨ ਵਿੱਚ ਕਰਮਚਾਰੀਆਂ ਅਤੇ ਅਫ਼ਸਰਾਂ ਦੀਆਂ ਕਈ ਪੁਸ਼ਤਾਂ ਵੱਲੋਂ ਬੈਂਕ ਦੇ ਵਿਕਾਸ ਵਿੱਚ ਪਾਏ ਗਏ ਭਰਵੇਂ ਯੋਗਦਾਨ ਦੀ ਸ਼ਲਾਘਾ ਕੀਤੀ ਗਈ। ਉਨ੍ਹਾਂ ਕਿਹਾ ਕਿ ਬੈਂਕ ਦੀ ਤਰੱਕੀ ਵਿੱਚ ਇਨ੍ਹਾਂ ਸਾਰਿਆਂ ਦਾ ਵੱਡਾ ਹਿੱਸਾ ਹੈ। ਉਨ੍ਹਾਂ ਵੱਲੋਂ ਪੀ.ਐੱਸ.ਬੀ. ਕਲੱਬ ਦੇ ਮੈਂਬਰਾਂ ਵੱਲੋਂ ਸਾਬਕਾ ਕਰਮਚਾਰੀਆਂ ਤੇ ਅਧਿਕਾਰੀਆਂ ਨੂੰ ਬੈਂਕ ਨਾਲ ਮੁੜ ਜੋੜਨ ਦੇ ਕੀਤੇ ਗਏ ਇਸ ਉਪਰਾਲੇ ਦੀ ਭਾਰੀ ਸਰਾਹਨਾ ਕੀਤੀ ਗਈ।





ਆਪਣੇ ਸੰਬੋਧਨ ਦੌਰਾਨ ਬੈਂਕ ਦੇ ਵਿਕਾਸ ਅਤੇ ਇਸ ਦੇ ਆਧੁਨਿਕੀਕਰਨ ਬਾਰੇ ਦੱਸਦਿਆਂ ਹੋਇਆਂ ਬੈਂਕ ਦੇ ਐੱਮ.ਡੀ. ਤੇ ਸੀਈਓ ਸਵਰੂਪ ਕੁਮਾਰ ਸਾਹਾ ਨੇ ਬੈਂਕ ਦੀ ਪ੍ਰਫੁੱਲਤਾ ਲਈ ਗ੍ਰਾਹਕ-ਸੇਵਾ ਦੇ ਮਹੱਤਤਾ ਉੱਪਰ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਇਸ ਸਮੇਂ ਬੈਂਕ ਲਈ ਆਪਣੇ ਓਵਰਸੀਜ਼ ਕਸਟਮਰਜ਼ ਨਾਲ ਮਜ਼ਬੂਤ ਰਿਸ਼ਤਾ ਕਾਇਮ ਕਰਨ ਅਤੇ ਉਨ੍ਹਾਂ ਦਾ ਸਹਿਯੋਗ ਦੀ ਪ੍ਰਾਪਤ ਕਰਨ ਦੀ ਜ਼ਰੂਰਤ ਹੈ। ਬੈਂਕ ਦੇ ਸਾਬਕਾ ਕਰਮਚਾਰੀਆਂ ਦੀਆਂ ਸੇਵਾਵਾਂ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਕਿਹਾ ਕਿ ਉਨ੍ਹਾਂ ਵਿੱਚੋਂ ਬਹੁਤ ਸਾਰਿਆਂ ਵੱਲੋਂ ਇਸ ਬੈਂਕ ਦੇ ਸ਼ੁਰੂਆਤੀ ਪੜਾਅ ਵਿੱਚ ਆਪਣੀਆਂ ਕੀਮਤੀ ਸੇਵਾਵਾਂ ਇਸ ਬੈਂਕ ਨੂੰ ਪ੍ਰਦਾਨ ਕੀਤੀਆਂ ਗਈਆਂ।

ਉਨ੍ਹਾਂ ਵੱਲੋਂ ਪੀ.ਐੱਸ.ਬੀ. ਸੀਨੀਅਰਜ਼ ਕਲੱਬ ਦੀਆਂ ਅਜੋਕੀਆਂ ਸਰਗਰਮੀਆਂ ਦੀ ਵੀ ਭਰਪੂਰ ਸਰਾਹਨਾ ਕੀਤੀ ਗਈ। ਉਪਰੰਤ, ਸਾਰਿਆ ਨੇ ਮਿਲ਼ ਕੇ ਇਕ ਰੈਸਟੋਰੈਂਟ 'ਚ ਡਿਨਰ ਕੀਤਾ ਅਤੇ ਇਸ ਤੋਂ ਬਾਅਦ ਬੈਂਕ ਦੇ ਇਨ੍ਹਾਂ ਦੋਹਾਂ ਉੱਚ-ਅਧਿਕਾਰੀਆਂ ਨੂੰ ਕਲੱਬ ਇਸ ਮੌਕੇ ਪ੍ਰੇਮ-ਪਿਆਰ ਦੀ ਨਿਸ਼ਾਨੀ ਵਜੋਂ ਸ਼ਾਨਦਾਰ ਪਲੇਕਸ ਨਾਲ ਸਨਮਾਨਿਤ ਕੀਤਾ ਗਿਆ। ਕਲੱਬ ਦੇ ਐੱਮ. ਡੀ. ਤੇ ਸੀਈਓ ਸਵਰੂਪ ਕੁਮਾਰ ਸਾਹਾ ਨੂੰ ਇਹ ਪਲੇਕ ਕਲੱਬ ਦੇ ਵਾਈਸ-ਪ੍ਰੈਜ਼ੀਡੈਂਟ ਗਿਆਨ ਪਾਲ ਵੱਲੋਂ ਭੇਂਟ ਕੀਤੀ ਗਈ, ਜਦਕਿ ਜਨਰਲ ਮੈਨੇਜਰ ਚਮਨ ਲਾਲ ਨੂੰ ਪਲੇਕ ਕਲੱਬ ਦੇ ਡਾਇਰੈਕਟਰ ਸੁਖਦੇਵ ਸਿੰਘ ਬੇਦੀ ਵੱਲੋਂ ਦਿੱਤੀ ਗਈ।

ਇਸ ਮੌਕੇ ਕਲੱਬ ਵੱਲੋਂ ਉਨ੍ਹਾਂ ਨੂੰ ਇੱਕ ਮੰਗ-ਪੱਤਰ ਵੀ ਦਿੱਤਾ ਗਿਆ ਜਿਸ ਵਿੱਚ ਬੈਂਕ ਦੇ ਸਾਬਕਾ ਕਰਮਚਾਰੀਆਂ ਅਤੇ ਐੱਨ.ਆਰ.ਆਈਜ਼ ਦੀਆਂ ਮੁਸ਼ਕਲਾਂ ਨੂੰ ਦਰਸਾਇਆ ਗਿਆ ਹੈ। ਦੋਹਾਂ ਉੱਚ-ਅਧਿਕਾਰੀਆਂ ਵੱਲੋਂ ਇਸ ਮੰਗ-ਪੱਤਰ 'ਤੇ ਹਮਦਰਦੀ ਨਾਲ ਵਿਚਾਰ ਕਰਨ ਉਪਰੰਤ ਇਨ੍ਹਾਂ ਮੁਸ਼ਕਲਾਂ ਨੂੰ ਹੱਲ ਕਰਨ ਦਾ ਵਿਸ਼ਵਾਸ ਦਿਵਾਇਆ ਗਿਆ।

ਅਜਵਾ ਖਜੂਰਾਂ ਖਾਓ ਤੰਦਰੁਸਤ ਰਹੋ
ਦਿਲ, ਦਿਮਾਗ, ਲਿਵਰ ਅਤੇ ਗੁਰਦਿਆਂ ਲਈ ਬਹੁਤ ਹੀ ਲਾਭਕਾਰੀ
AJWA DATE
FRESH SEED POWDER
UNROASTED | 100% NATURAL | PREMIUM QUALITY
HEART BRAIN LIVER KIDNEYS




100% NATURAL PRODUCT
PRODUCT OF CANADA
Visit nutraselect.ca to learn the amazing health benefits of our fresh ajwa date seed powder
NUTRA SELECT
ਅਜਵਾ ਖਜੂਰਾਂ ਦਾ ਪਾਊਡਰ ਮੰਗਵਾਉਣ ਲਈ ਫੋਨ ਕਰੋ
905-923-0414

ਅਜਵਾ ਖਜੂਰ ਕੀ ਹੈ?
ਅਜਵਾ ਖਜੂਰ ਇੱਕ ਵਿਸ਼ੇਸ਼ ਤਰ੍ਹਾਂ ਦੀ ਖਜੂਰ ਹੈ ਜਿਹੜੀ ਸਿਹਤ ਸਬੰਧੀ ਆਪਣੇ ਚੰਗੇ ਗੁਣਾਂ ਕਰਕੇ ਜਾਣੀ ਜਾਂਦੀ ਹੈ। ਅਜਵਾ ਖਜੂਰਾਂ ਆਪਣੇ ਗੁਣਾਂ ਕਰਕੇ ਬਹੁਤ ਮਸ਼ਹੂਰ ਅਤੇ ਮਹਿੰਗੀਆਂ ਵੀ ਹਨ। ਕਿਉਂਕਿ ਅਜਵਾ ਖਜੂਰ ਦਾ ਬੀਜ ਬਹੁਤ ਹੀ ਗੁਣਕਾਰੀ ਹੈ ਮਨੁੱਖੀ ਸਰੀਰ 'ਤੇ ਇਸ ਦੇ ਪ੍ਰਭਾਵ ਬਹੁਤ ਹੀ ਲਾਜੁਆਬ ਅਤੇ ਲਾਭਦਾਇਕ ਹਨ।
ਅਜਵਾ ਖਜੂਰ ਦੇ ਫਾਇਦੇ:
ਅਜਵਾ ਖਜੂਰਾਂ ਵਿੱਚ ਐਂਟੀਔਕਸੀਡੈਂਟ, ਫਾਈਬਰ ਵਧੇਰੇ ਮਾਤਰਾ ਵਿੱਚ ਹੁੰਦਾ ਹੈ, ਐਂਟੀ ਇਨਫਲਮੇਟੋਰੀ ਅਤੇ ਐਂਟੀ ਮਾਈਕ੍ਰੋਬਲ ਗੁਣਾਂ ਕਰਕੇ ਦਿਲ ਦੇ ਰੋਗਾਂ, ਖਰਾਬ ਬਲੱਡ ਸਰਕੂਲੇਸ਼ਨ, ਹਾਈ ਬਲੱਡ ਪ੍ਰੈਸ਼ਰ, ਕਮਜ਼ੋਰੀ, ਇਨਫਰਟਿਲੀ ਅਤੇ ਬੰਦ ਨਾੜੀਆਂ ਨੂੰ ਖੋਲ੍ਹਣ, ਖਰਾਬ ਕੋਲੈਸਟ੍ਰੋਲ ਨੂੰ ਘਟਾਉਣ ਵਿੱਚ ਵੀ ਮਦਦਗਾਰ ਹੈ।
ਅਜਵਾ ਖਜੂਰ ਦਾ ਪਾਊਡਰ ਸਾਡੇ ਤੋਂ ਹੀ ਕਿਉਂ ਲਓ?
ਸਾਨੂੰ ਮਾਣ ਹੈ ਅਸੀਂ ਆਪਣੇ ਕਸਟਮਜ਼ ਲਈ ਵਧੀਆ ਕੁਆਇਲਟੀ ਦਾ ਅਜਵਾ ਪਾਊਡਰ ਕੈਨੇਡਾ ਵਿੱਚ ਹੀ ਤਿਆਰ ਕਰਦੇ ਹਾਂ, ਕਿਉਂਕਿ ਅਸੀਂ ਅਜਵਾ ਖਜੂਰਾਂ ਸਾਊਦੀ ਅਰਬ ਦੇ ਮਦੀਨਾ ਸ਼ਹਿਰ ਤੋਂ ਮੰਗਵਾਉਂਦੇ ਹਾਂ ਅਤੇ ਕੈਨੇਡਾ ਵਿੱਚ ਇਨ੍ਹਾਂ ਤੋਂ ਤਾਜ਼ਾ ਤਰੀਨ ਪਾਊਡਰ ਤਿਆਰ ਕਰਦੇ ਹਾਂ, ਇਸ ਲਈ ਇੱਥੇ ਤਿਆਰ ਹੋਣ ਕਰਕੇ ਸਾਰੇ ਗੁਣਕਾਰੀ ਤੱਤ 100% ਵਿੱਚ ਮਿਲਦੇ ਹਨ।
ਇਨ੍ਹਾਂ ਸਟੋਰ ਤੋਂ ਲੈ ਸਕਦੇ ਹੋ
Bestway Food Market, 20 Red Maple Dr, Brampton
Indian Food Land, 45 Dusk Drive, Brampton
ਸਾਡੀ ਕੰਪਨੀ ਨਿਊਟਰਾ ਸਲੈਕਟ ਕੈਨੇਡੀਅਨ ਕੰਪਨੀ ਹੈ ਅਤੇ ਹੈਲਥ ਕੈਨੇਡਾ ਦੇ ਨਿਯਮਾਂ ਅਨੁਸਾਰ ਕੰਮ ਕਰਦੇ ਹਾਂ, ਸਾਡੀਆਂ ਅਜਵਾ ਖਜੂਰਾਂ ਕਈ ਤਰ੍ਹਾਂ ਦੀਆਂ ਸਰਟੀਫਿਕੇਸ਼ਨਾਂ ਵਿੱਚੋਂ ਲੰਘ ਕੇ ਉਨ੍ਹਾਂ ਤੋਂ ਪਾਊਡਰ ਤਿਆਰ ਕੀਤਾ ਜਾਂਦਾ ਹੈ। ਇਸ ਲਈ ਨਿਊਟਰਾਸਲੈਕਟ ਦਾ ਅਜਵਾ ਪਾਊਡਰ ਜ਼ਰੂਰ ਅਜ਼ਮਾਓ।

ਲਾਈਫ, ਵਿਜ਼ਟਰ, ਡਿਸਅਬਿਲਟੀ, ਮੌਰਗੇਜ ਇੰਸ਼ੋਰੈਂਸ
Special Rates for Super Visa Insurance
INDUSTRIAL ALLIANCE
- Disability Income Insurance
- No Income Proof for up to $2000/month benefit (injury or sickness)
- $10,000-$20,000 of Accidental death included NEW!!
- Up tp $18,000 of rehabilitation benefit included
- $100/day cash of hospitalization for upto one full year
- You can also qualify for up to $2000/month on top from any other providers
- Get all or partial of your paid premium refunded on death and at maturity even if you make a claim

Life Insurance
Disability Insurance
Visitor Insurance
Save Tax R.R.S.P.
Mortgage Insurance
Income Tax Planning
Drug & Dental Plan
R.E.S.P.



Guaranteed issued Critical illness Insurance with premium refund
- Have High Blood Pressure, No Problem!!
- Have High Cholestrol, No Problem!!
- You are qualified!! & will pay the claim!!
- Get peace of mind
RAJPAL BRAR
Your Insurance Specialist
Call for Consultation
416-917-1456
Consolidate your insurance under one policy to save the high cost rather wasting too much money on just policy fees
Trusted Name in the community from the last 12 years for our professional, honest, dedicated & committed service
PRAIRIE FINANCIAL GROUP LTD. 2355 Derry Road, E., Unit#29, Mississauga, ON. L5S 1V6

Action Auto Collision
ਵੱਡੀ ਅਤੇ ਖੁੱਲ੍ਹੀ ਜਗ੍ਹਾ



I-CAR GOLD CLASS
Salvage Inspection Station
Government Approved Licensed Body Shop
We Welcome ALL INSURANCE CLAIMS



Jessie Srai
Specializes In Collision Custom Paint
Tel: (416) 746-6699
Fax: (416) 746-6667
2662 Drew Road, Mississauga
ਕੁਲੀਜ਼ਨ ਦਾ ਹਰ ਤਰ੍ਹਾਂ ਦਾ ਕੰਮ ਕਰਦੇ ਹਾਂ ਅਤੇ ਸਾਰੀਆਂ ਇੰਸ਼ੋਰੈਂਸ ਕੰਪਨੀਆਂ ਨਾਲ ਡੀਲ ਕਰਦੇ ਹਾਂ
We deal with all Insurance Claim

ਕੀ ਤੁਹਾਡਾ ਪਿਛਲੇ ਸਮੇਂ ਵਿੱਚ
ਕੈਨੇਡਾ ਦਾ
ਵੀਜ਼ਾ ਰੱਦ ਹੋਇਆ ਹੈ ਜਾਂ
ਕੇਸ ਨੂੰ ਫਾਇਲ ਕਰਨ ਤੋਂ ਬਾਅਦ
ਤੁਹਾਨੂੰ ਆਪਣੇ CASE ਦਾ STATUS ਨਹੀਂ ਪਤਾ ਚੱਲਿਆ ਤਾਂ
ਅੱਜ ਹੀ ਕਾਨੂੰਨੀ ਅਧਿਕਾਰ ਜਾਨਣ ਲਈ ਹੇਠਾਂ ਦਿੱਤੇ ਪਤੇ ਤੇ ਸੰਪਰਕ ਕਰੋ
CWC IMMIGRATION SOLUTIONS
2565 STEELES AVE. EAST, UNIT-19, BRAMPTON, ON L6T4L6
905 670 4444

GET PRE-APPROVED
& SHOP WITH CONFIDENCE
- Save Money ...with one application you get access to many lenders, from major banks to private lenders, so we can find you the mortgage with the best rate and terms that fit your needs.
- Get Pre-Approved ...find out how much you qualify for and get pre-approved so you can choose your dream home with peace of mind.
- Expert Advice ...with many years of experience in the financial industry, you'll get the Right counsel.
- No Cost ...all my services are at no cost to you. OAC. Some restrictions apply.

✓ PURCHASES
✓ REFINANCES
✓ RENEWALS
✓ DEBT CONSOLIDATION
✓ SELF-EMPLOYED
✓ NEW TO CANADA
✓ HOME RENOVATIONS
✓ PRIVATE MORTGAGE
✓ INVESTMENTS

NOW HIRING
Start your career as a Mortgage Professional.
20 Maritime Blvd, Unit #11, Brampton, ON L6S0C2

MORTGAGE ALLIANCE
THE RIGHT BROKER™
THE RIGHT MORTGAGE®



CONTACT ME TODAY FOR DETAILS
Parminder Mangat
Mortgage Agent | Lic# 10530
647-285-9119
pmangat@mortgagealliance.com
mortgagealliance.com/ParminderMangat

PUNJABSTAR.COM
ਪੰਜਾਬ ਸਟਾਰ
To Contact Us:
Editor:
Simrat Grewal
905-673-7666
Marketing Director:
Lakhwinder Singh Sandhu
647-400-7314
Senior Advisors:
Harkirat Singh
Abnash Nijjar
Davinder Sandhu
Onkar Grewal
Technical Director :
Bobby Bhamra
Accounts Advisor:
Sandeep Assi (CGA)
905-450-8999
Correspondant:
Raghbir Singh Kahlon (Ludhiana)
Amolak Mann (San jose)
Kulwinder Singh (New Jersey)
Ragvir Singh (Jalandhar)
Registered Office:
7035 Maxwell Rd.,
Suite#203, Mississauga, ON.
L5S 1R5
Ph: 905-673-7666
Fax: 289-206-8611
website:-
www.punjabstar.com
Email:-
editor@punjabstar.com
Annual Subscription
Canada:- $1:00
International:-$1:50

ਪੰਜਾਬ ਸਟਾਰ ਦੇ ਸੰਪਾਦਕ ਜਾਂ ਇਸ ਨਾਲ ਜੁੜੇ ਲੋਕਾਂ ਦਾ ਪੰਜਾਬ ਸਟਾਰ ਵਿੱਚ ਛਪਦੀਆਂ ਲਿਖਤਾਂ ਅਤੇ ਇਸ਼ਤਿਹਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

The Punjab Star management & people associated with it are not responsible for any claims made by the advertisers & do not endorse any product or services advertised in Punjab star. We sell the space in the newspaper, and the clains are those of the advertisers. Please consult your lawyer before buying through the advertisements published in Punjab Star.

## ਬੁੱਧ ਚਿੰਤਨ

# ਮਸਲਾ-ਏ-ਸ਼ਬਦ ਗੁਰੂ ਸ਼ਬਦ ਗੁਰੂ ਤੋਂ ਟੁੱਟਿਆ ਮਨੁੱਖ!



ਬੁੱਧ ਸਿੰਘ ਨੀਲੋਂ
94643-70823

ਮਨੁੱਖ ਜਦੋਂ ਤੁਰਦਾ ਹੈ ਤਾਂ ਉਸ ਦੇ ਨਾਲ-ਨਾਲ ਸ਼ਬਦ ਵੀ ਤੁਰਦੇ ਹਨ—ਇੱਕ ਥਾਂ ਤੋਂ ਦੂਜੀ ਥਾਂ ਤੱਕ। ਮਨੁੱਖ ਆਪਣੇ ਸਫ਼ਰ ਦਾ ਸਫ਼ਰਨਾਮਾ ਲਿਖਦਾ ਹੈ, ਪਰ ਸ਼ਬਦਾਂ ਦਾ ਕੋਈ ਸਫ਼ਰਨਾਮਾ ਨਹੀਂ ਲਿਖਦਾ। ਮਨੁੱਖ ਆਪਣੇ ਝੂਠ ਨੂੰ ਵੀ ਸੱਚ ਬਣਾਉਣ ਦੀ ਕੋਸ਼ਿਸ਼ ਕਰ ਸਕਦਾ ਹੈ, ਪਰ ਸ਼ਬਦ ਆਪਣੇ ਆਪ ਵਿੱਚ ਮਨੁੱਖ ਦੀ ਗਵਾਹੀ ਬਣ ਜਾਂਦੇ ਹਨ। ਮਨੁੱਖ ਦੀ ਪਰਖ ਉਸ ਦੀ ਬਾਣੀ ਤੋਂ ਹੁੰਦੀ ਹੈ।

ਗੁਰੂ ਨਾਨਕ ਸਾਹਿਬ ਨੇ ਮਨੁੱਖ ਨੂੰ ਸ਼ਬਦ ਨਾਲ ਜੋੜਿਆ। ਸ਼ਬਦ ਅਤੇ ਸੰਗੀਤ ਰਾਹੀਂ ਮਨੁੱਖਤਾ ਦਾ ਇੱਕ ਨਵਾਂ ਬਿਰਤਾਂਤ ਸਿਰਜਿਆ। ਗੁਰੂ ਗੋਬਿੰਦ ਸਿੰਘ ਸਾਹਿਬ ਨੇ ਦੇਹ ਨੂੰ ਨਹੀਂ, ਸ਼ਬਦ ਨੂੰ ਗੁਰੂ ਮੰਨਣ ਦੀ ਪਰੰਪਰਾ ਸੌਂਪੀ।

ਪਰ ਸਵਾਲ ਇਹ ਹੈ, ਕੀ ਅਸੀਂ ਸੱਚਮੁੱਚ ਸ਼ਬਦ ਨੂੰ ਗੁਰੂ ਮੰਨਿਆ? ਜੇ ਮੰਨਿਆ ਹੁੰਦਾ ਤਾਂ ਸਾਡੇ ਅੰਦਰੋਂ ਡਰ, ਹਉਮੈ, ਲਾਲਚ, ਨਫ਼ਰਤ ਅਤੇ ਊਚ-ਨੀਚ ਦੀਆਂ ਕੰਧਾਂ ਕਿਉਂ ਨਾ ਡਿੱਗਦੀਆਂ?



ਸ਼ਬਦ ਜਦੋਂ ਗੁਰੂ ਬਣਦਾ ਹੈ ਤਾਂ ਉਹ ਸਿਰਫ਼ ਉਚਾਰਿਆ ਹੋਇਆ ਸ਼ਬਦ ਨਹੀਂ ਰਹਿੰਦਾ। ਉਹ ਚੇਤਨਾ ਬਣ ਜਾਂਦਾ ਹੈ। ਜੀਵਨ ਦਾ ਮਾਰਗ ਬਣ ਜਾਂਦਾ ਹੈ। ਗੁਰੂ ਦਾ ਸ਼ਬਦ ਜਦੋਂ ਮਨੁੱਖ ਦੇ ਅੰਦਰ ਵੱਸਦਾ ਹੈ ਤਾਂ ਮਨ ਨਿਰਮਲ, ਨਿਰਛਲ ਅਤੇ ਨਿਰਭਉ ਹੋਣ ਵੱਲ ਤੁਰਦਾ ਹੈ। ਪਰ ਇਹ ਅਵਸਥਾ ਸਿਰਫ਼ ਸ਼ਬਦ ਪੜ੍ਹਨ ਨਾਲ ਨਹੀਂ ਆਉਂਦੀ; ਸ਼ਬਦ ਨੂੰ ਜੀਵਨ ਵਿੱਚ ਉਤਾਰਨ ਨਾਲ ਆਉਂਦੀ ਹੈ। ਅਸੀਂ ਸ਼ਬਦ ਨੂੰ ਪੜ੍ਹਦੇ ਬਹੁਤ ਹਾਂ, ਪਰ ਸ਼ਬਦ ਨੂੰ ਜਿਉਂਦੇ ਕਿੰਨੇ ਹਾਂ?

ਇੱਥੋਂ ਹੀ ਸਾਡਾ ਸੰਕਟ ਸ਼ੁਰੂ ਹੁੰਦਾ ਹੈ। ਅਸੀਂ ਸ਼ਬਦ ਦੀ ਥਾਂ ਦੇਹ ਨਾਲ ਜੁੜ ਜਾਂਦੇ ਹਾਂ। ਵਿਚਾਰ ਦੀ ਥਾਂ ਵਿਅਕਤੀ-ਪੂਜਾ ਕਰਨ ਲੱਗਦੇ ਹਾਂ। ਉਪਦੇਸ਼ ਦੀ ਥਾਂ ਉਪਦੇਸ਼ਕ ਨੂੰ ਕੇਂਦਰ ਬਣਾ ਲੈਂਦੇ ਹਾਂ। ਜਦੋਂ ਮਨੁੱਖ ਸ਼ਬਦ ਦੀ ਥਾਂ ਕਿਸੇ ਦੇਹ ਨੂੰ ਗੁਰੂ ਬਣਾਉਂਦਾ ਹੈ ਤਾਂ ਹੌਲੀ-ਹੌਲੀ ਡੇਰੇ, ਧੜੇ, ਗੁੱਟ ਅਤੇ ਵਿਅਕਤੀ-ਕੇਂਦਰਿਤ ਧਾਰਮਿਕਤਾ ਜਨਮ ਲੈਂਦੀ ਹੈ।

ਇਹੀ ਉਹ ਥਾਂ ਹੈ ਜਿੱਥੇ ਸ਼ਬਦ ਪਿੱਛੇ ਰਹਿ ਜਾਂਦਾ ਹੈ ਅਤੇ ਮਨੁੱਖ ਅੱਗੇ ਨਿਕਲ ਜਾਂਦਾ ਹੈ। ਸ਼ਬਦ ਸਾਨੂੰ ਗਿਆਨ ਨਾਲ ਜੋੜਦਾ ਹੈ। ਗਿਆਨ ਧਿਆਨ ਵੱਲ ਲੈ ਜਾਂਦਾ ਹੈ ਅਤੇ ਧਿਆਨ ਮਨੁੱਖ ਨੂੰ ਆਪਣੇ ਅੰਦਰ ਝਾਤੀ ਮਾਰਨ ਦੀ ਸਮਰੱਥਾ ਦਿੰਦਾ ਹੈ। ਪਰ ਅਸੀਂ ਅੰਦਰ ਦੇਖਣ ਦੀ ਥਾਂ ਬਾਹਰ ਦੀ ਦੁਨੀਆ ਵਿੱਚ ਆਪਣੀ ਪਛਾਣ ਲੱਭਣ ਲੱਗ ਪਏ ਹਾਂ।

ਪਦਾਰਥ, ਲਾਲਚ, ਤ੍ਰਿਸ਼ਨਾ, ਹਉਮੈ ਅਤੇ ਵਕਾਰ ਮਨੁੱਖ ਨੂੰ ਆਪਣੇ ਹੀ ਬਣਾਏ ਜਾਲ ਵਿੱਚ ਫਸਾ ਦਿੰਦੇ ਹਨ। ਮੱਕੜੀ ਵਾਂਗ ਮਨੁੱਖ ਆਪਣਾ ਜਾਲ ਆਪ ਬੁਣਦਾ ਹੈ ਅਤੇ ਫਿਰ ਉਸੇ ਵਿੱਚ ਫਸ ਜਾਂਦਾ ਹੈ। ਮੁਕਤੀ ਦੀ ਪਹਿਲੀ ਸ਼ਰਤ ਹੈ, ਆਪਣੇ ਬੰਧਨਾਂ ਨੂੰ ਪਛਾਣਨਾ।

ਅਸੀਂ ਕਿਸ ਚੀਜ਼ ਨਾਲ ਬੱਝੇ ਹੋਏ ਹਾਂ?

ਦੇਹ, ਧਨ, ਜਾਤ, ਗੋਤ,ਅਹੁਦੇ, ਡੇਰੇ ਜਾਂ ਆਪਣੇ ਹੰਕਾਰ ਨਾਲ? ਇਹ ਸਵਾਲ ਸਾਨੂੰ ਆਪਣੇ ਆਪ ਤੋਂ ਪੁੱਛਣਾ ਪਵੇਗਾ। ਕੀ ਕਦੇ ਅਸੀਂ ਇਹ ਆਪਣੇ ਆਪ ਨੂੰ ਸਵਾਲ ਪੁੱਛਿਆ ਹੈ?

ਸ਼ਬਦ ਗੁਰੂ ਦੀ ਸਭ ਤੋਂ ਵੱਡੀ ਤਾਕਤ ਇਹ ਹੈ ਕਿ ਉਹ ਮਨੁੱਖ ਨੂੰ ਜਾਤ-ਪਾਤ ਅਤੇ ਊਚ-ਨੀਚ ਦੀਆਂ ਵੰਡਾਂ ਤੋਂ ਪਾਰ ਲੈ ਜਾਣ ਦੀ ਚੇਤਨਾ ਦਿੰਦਾ ਹੈ। ਪਰ ਅੱਜ ਵੀ ਸਮਾਜ ਵਿੱਚ ਜਾਤ ਦੀਆਂ ਕੰਧਾਂ ਮੌਜੂਦ ਹਨ। ਕਈ ਥਾਵਾਂ 'ਤੇ ਧਾਰਮਿਕ ਸੰਸਥਾਵਾਂ ਵੀ ਇਨ੍ਹਾਂ ਸਮਾਜਿਕ ਵੰਡਾਂ ਤੋਂ ਪੂਰੀ ਤਰ੍ਹਾਂ ਮੁਕਤ ਨਹੀਂ ਹੋ ਸਕੀਆਂ। ਇਹ ਕਿੰਨੀ ਵੱਡੀ ਵਿਡੰਬਨਾ ਹੈ ਕਿ ਜਿਸ ਵਿਚਾਰਧਾਰਾ ਨੇ ਕਿਹਾ ਹੈ ਕਿ,

"ਏਕੁ ਨੂਰੁ ਤੇ ਸਭੁ ਜਗੁ ਉਪਜਿਆ, ਕਉਣੁ ਭਲੇ ਕੋ ਮੰਦੇ॥"

ਉਸੇ ਵਿਚਾਰਧਾਰਾ ਦੇ ਪੈਰੋਕਾਰ ਅੱਜ ਮਨੁੱਖ ਨੂੰ ਜਾਤਾਂ, ਗੋਤਾਂ ਅਤੇ ਸਮਾਜਿਕ ਖਾਨਿਆਂ ਵਿੱਚ ਵੰਡ ਰਹੇ ਹਨ। ਵਿਗਿਆਨ ਨੇ ਦੁਨੀਆ ਦੀਆਂ ਬਾਹਰੀ ਦੂਰੀਆਂ ਘਟਾ ਦਿੱਤੀਆਂ ਹਨ, ਪਰ ਮਨੁੱਖ ਦੇ ਅੰਦਰ ਦੀਆਂ ਦੂਰੀਆਂ ਕਈ ਥਾਵਾਂ 'ਤੇ ਹੋਰ ਵਧ ਗਈਆਂ ਹਨ। ਤਕਨਾਲੋਜੀ ਨੇ ਮਨੁੱਖ ਨੂੰ ਇੱਕ ਕਲਿੱਕ ਨਾਲ ਦੂਜੇ ਮਹਾਂਦੀਪ ਤੱਕ ਪਹੁੰਚਾ ਦਿੱਤਾ ਹੈ, ਪਰ ਜਾਤ ਦੇ ਨਾਮ 'ਤੇ ਗੁਆਂਢੀ ਤੋਂ ਦੂਰ ਕਰ ਦਿੱਤਾ ਹੈ।

ਇਹ ਕਿਹੜੀ ਤਰੱਕੀ ਹੈ? ਮਨੁੱਖ ਚੰਦ ਤੱਕ ਪਹੁੰਚ ਗਿਆ, ਪਰ ਆਪਣੇ ਅੰਦਰਲੇ ਹਨੇਰੇ ਤੱਕ ਨਹੀਂ ਪਹੁੰਚ ਸਕਿਆ। ਅੱਜ ਸਾਨੂੰ ਇਹ ਵੀ ਸਮਝਣ ਦੀ ਲੋੜ ਹੈ ਕਿ ਡਰ ਅਤੇ ਲਾਲਚ ਨਾਲ ਕਿਸੇ ਨੂੰ ਸ਼ਬਦ ਗੁਰੂ ਦੇ ਮਾਰਗ 'ਤੇ ਨਹੀਂ ਲਿਆਂਦਾ ਜਾ ਸਕਦਾ। ਸਿਰੋਪਾ ਪਾ ਦੇਣ ਨਾਲ ਕੋਈ ਸ਼ਬਦ ਦਾ ਪਾਂਧੀ ਨਹੀਂ ਬਣ ਜਾਂਦਾ। ਸ਼ਬਦ ਦਾ ਪਾਂਧੀ ਉਹ ਹੈ ਜਿਸ ਦੀ ਜ਼ਿੰਦਗੀ ਵਿੱਚ ਸ਼ਬਦ ਦਾ ਅਸਰ ਦਿਖਾਈ ਦੇਵੇ।

ਸ਼ਬਦ ਗੁਰੂ ਨੇ ਮਨੁੱਖ ਨੂੰ ਜੋੜਨਾ ਸੀ; ਅਸੀਂ ਉਸ ਨੂੰ ਵੰਡਣ ਲਈ ਵਰਤਣ ਲੱਗ ਪਏ। ਸ਼ਬਦ ਨੇ ਨਿਮਾਣਿਆਂ-ਨਿਤਾਣਿਆਂ ਨੂੰ ਤਾਕਤ ਦਿੱਤੀ ਸੀ। ਅਸੀਂ ਫਿਰ ਤਾਕਤ ਨੂੰ ਜਾਤ, ਧੜੇ ਅਤੇ ਗਿਣਤੀ ਵਿੱਚ ਵੰਡ ਰਹੇ ਹਾਂ। ਜਾਤ ਦੀਆਂ ਇਹ ਥੋਹਰਾਂ ਹੁਣ ਸਿਰਫ਼ ਪਿੰਡਾਂ ਵਿੱਚ ਨਹੀਂ, ਸਾਡੇ ਮਨਾਂ ਵਿੱਚ ਵੀ ਉੱਗ ਆਈਆਂ ਹਨ। ਕੰਡੇ ਸਾਨੂੰ ਚੁੱਭਦੇ ਹਨ, ਫਿਰ ਵੀ ਅਸੀਂ ਉਨ੍ਹਾਂ ਨੂੰ ਪਾਣੀ ਦੇ ਰਹੇ ਹਾਂ। ਇੱਥੇ ਸਵਾਲ ਸਿਰਫ਼ ਧਾਰਮਿਕ ਸੰਸਥਾਵਾਂ ਦਾ ਨਹੀਂ। ਸਵਾਲ ਸਾਡੀ ਆਪਣੀ ਚੇਤਨਾ ਦਾ ਵੀ ਹੈ।

ਅਸੀਂ ਕਦੋਂ ਸ਼ਬਦ ਤੋਂ ਟੁੱਟੇ? ਕਿਉਂ ਟੁੱਟੇ? ਕਿਸ ਨੇ ਤੋੜਿਆ? ਅਤੇ ਕੀ ਅਸੀਂ ਆਪਣੇ ਆਪ ਨੂੰ ਕਦੇ ਇਹ ਸਵਾਲ ਪੁੱਛਿਆ? ਸ਼ਾਇਦ ਸਾਡੀ ਹਉਮੈ ਨੇ ਸਾਨੂੰ ਸ਼ਬਦ ਤੋਂ ਦੂਰ ਕੀਤਾ। ਅਸੀਂ ਵਿਚਾਰ ਦੀ ਥਾਂ ਪਛਾਣ ਨੂੰ, ਸੱਚ ਦੀ ਥਾਂ ਧੜੇ ਨੂੰ ਅਤੇ ਮਨੁੱਖਤਾ ਦੀ ਥਾਂ ਜਾਤ ਨੂੰ ਵੱਡਾ ਕਰ ਲਿਆ।

ਇਸੇ ਲਈ ਲਾਲ ਸਿੰਘ ਦਿਲ ਦੀ ਕਵਿਤਾ 'ਜਾਤ' ਦਾ ਦਰਦ ਅੱਜ ਵੀ ਸਾਡੇ ਸਾਹਮਣੇ ਖੜ੍ਹਾ ਹੈ। ਉਸ ਦਾ ਕੇਂਦਰੀ ਅਹਿਸਾਸ ਇਹ ਹੈ ਕਿ ਜਾਤ ਮਨੁੱਖ ਦੇ ਪਿਆਰ ਅਤੇ ਮੌਤ ਤੱਕ ਨੂੰ ਵੰਡ ਦਿੰਦੀ ਹੈ।

ਸਵਾਲ ਇਹ ਨਹੀਂ ਕਿ ਦੂਜਾ ਕੌਣ ਹੈ। ਅਸਲ ਵਿੱਚ ਸਵਾਲ ਇਹ ਹੈ ਕਿ ਮੈਂ ਕੌਣ ਹਾਂ? ਜਦੋਂ ਮਨੁੱਖ ਆਪਣੇ ਅੰਦਰ ਇਹ ਸਵਾਲ ਪੁੱਛਦਾ ਹੈ ਤਾਂ ਸ਼ਬਦ ਉਸ ਦੀ ਉਂਗਲ ਫੜ ਲੈਂਦਾ ਹੈ।

ਅੱਜ ਸਾਨੂੰ ਕਿਸੇ ਬਾਹਰੀ ਦੁਸ਼ਮਣ ਨਾਲੋਂ ਵੱਧ ਆਪਣੇ ਅੰਦਰਲੇ ਦੁਸ਼ਮਣਾਂ ਨਾਲ ਲੜਨ ਦੀ ਲੋੜ ਹੈ, ਹਉਮੈ, ਨਫ਼ਰਤ, ਲਾਲਚ, ਜਾਤੀ-ਅਹੰਕਾਰ ਅਤੇ ਅੰਨ੍ਹੀ ਵਿਅਕਤੀ-ਪੂਜਾ ਨਾਲ। ਹੁਣ ਜੰਗ ਸਿਰਫ਼ ਹਥਿਆਰਾਂ ਨਾਲ ਨਹੀਂ, ਵਿਚਾਰਾਂ ਨਾਲ ਵੀ ਲੜੀ ਜਾ ਰਹੀ ਹੈ।

ਪਰ ਵਿਚਾਰ ਦੀ ਤਲਵਾਰ ਮਨੁੱਖ ਨੂੰ ਕੱਟਣ ਲਈ ਨਹੀਂ, ਹਨੇਰਾ ਕੱਟਣ ਲਈ ਹੋਣੀ ਚਾਹੀਦੀ ਹੈ। ਸ਼ਬਦ ਮਨੁੱਖ ਨੂੰ ਆਪਣੇ ਆਪ ਨਾਲ ਜੋੜਦਾ ਹੈ। ਸ਼ਬਦ ਉਸ ਨੂੰ ਉਸ ਅਦਿੱਖ ਸੱਚ ਵੱਲ ਲੈ ਜਾਂਦਾ ਹੈ, ਜਿਸ ਨੂੰ ਕੋਈ ਜਾਤ, ਕੋਈ ਗੋਤ, ਕੋਈ ਅਹੁਦਾ ਅਤੇ ਕੋਈ ਦੇਹ ਕੈਦ ਨਹੀਂ ਕਰ ਸਕਦੀ।

ਇਸ ਲਈ ਆਓ !

ਦੇਹ ਦੀ ਥਾਂ ਸ਼ਬਦ ਨੂੰ ਕੇਂਦਰ ਬਣਾਈਏ। ਜਾਤ ਦੀ ਥਾਂ ਮਨੁੱਖ ਨੂੰ ਪਛਾਣੀਏ। ਡਰ ਦੀ ਥਾਂ ਨਿਰਭਉਤਾ ਚੁਣੀਏ। ਨਫ਼ਰਤ ਦੀ ਥਾਂ ਮਨੁੱਖਤਾ ਨੂੰ ਥਾਂ ਦੇਈਏ। ਪਖੰਡ ਦੀ ਥਾਂ ਜੀਵਨ ਵਿੱਚ ਸ਼ਬਦ ਉਤਾਰੀਏ। ਸ਼ਬਦ ਬਿਨਾਂ ਹਨੇਰਾ ਹੈ। ਸ਼ਬਦ ਨਾਲ ਚਾਨਣ ਹੈ। ਹੁਣ ਚੋਣ ਸਾਡੀ ਹੈ ਕਿ ਅਸੀਂ ਸ਼ਬਦ ਤੋਂ ਟੁੱਟ ਕੇ ਹਨੇਰੇ ਵੱਲ ਜਾਣਾ ਹੈ ਜਾਂ ਸ਼ਬਦ ਨਾਲ ਜੁੜ ਕੇ ਮਨੁੱਖਤਾ ਵੱਲ?

ਕਿਉਂਕਿ ਅਖੀਰ ਵਿੱਚ ਇਸ ਗੱਲ ਨੂੰ ਸਮਝਣ ਦੀ ਲੋੜ ਹੈ ਕਿ ਸ਼ਬਦ ਤੋਂ ਵੱਡਾ ਕੋਈ ਹਥਿਆਰ ਨਹੀਂ ਅਤੇ ਮਨੁੱਖਤਾ ਤੋਂ ਵੱਡਾ ਕੋਈ ਧਰਮ ਨਹੀਂ।

## ਸਵਾਲ ਦਾ ਮਲਾਲ

# ਅਸੀਂ ਆਪਣੀ ਜਾਨ ਗੁਆ ਬੈਠੇ..!

ਚਰਨਜੀਤ ਭੁੱਲਰ



ਗੁਲਜ਼ਾਰ ਸਿੰਘ

ਚੰਡੀਗੜ੍ਹ :ਪਿੰਡ ਤੂਰਬੰਜਾਰਾ ਦੇ ਗੁਲਜ਼ਾਰ ਸਿੰਘ ਦਾ ਸਿਰਫ਼ ਏਨਾ ਕਸੂਰ ਸੀ ਕਿ ਉਹ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੇ ਸਮਾਗਮ 'ਚ 'ਚਿੱਟੇ' ਦਾ ਕਾਲਾ ਸੱਚ ਦੱਸਣ ਦੀ ਭੁੱਲ ਕਰ ਬੈਠਾ। ਜਦੋਂ ਵਿੱਤ ਮੰਤਰੀ ਦਾ ਕਾਫ਼ਲਾ ਪਿੰਡ ਪੁੱਜਿਆ ਤਾਂ ਉਸ ਨੂੰ ਇਸ ਕਾਫ਼ਲੇ 'ਚੋਂ ਆਸ ਦੀ ਕਿਰਨ ਨਜ਼ਰ ਪਈ। ਉਸ ਦੇ ਸੀਨੇ 'ਚ ਆਪਣੇ ਜਵਾਨ ਪੁੱਤ ਨੂੰ ਬਚਾਉਣ ਦੀ ਤੜਫ ਸੀ। ਇਸ ਮਜ਼ਦੂਰ ਨੇ ਆਪਣੇ ਪੁੱਤ ਦੇ ਚਿੱਟੇ 'ਤੇ ਲੱਗਣ ਦੀ ਦਰਦ ਕਹਾਣੀ ਦੱਸੀ। ਘਰ ਦੀ ਹਰ ਚੀਜ਼ ਵਿਕਣ ਦੀ ਗਾਥਾ ਸੁਣਾਈ ਕਿ ਉਹ ਆਪਣੇ ਜਿਉਂਦੇ ਪੁੱਤ ਨੂੰ ਹਰ ਰੋਜ਼ ਮਰਦੇ ਹੋਏ ਕਿਵੇਂ ਦੇਖੇ। ਮਾਪਿਆਂ ਲਈ ਇਹ ਵੱਡਾ ਦੋਜ਼ਖ਼ ਸੀ ਤੇ ਮਜ਼ਦੂਰ ਲਈ ਆਪਣੀ ਔਲਾਦ ਨੂੰ ਬਚਾਉਣ ਲਈ ਇਹ ਆਖ਼ਰੀ ਗੁਹਾਰ ਸੀ। ਉਹ ਇਸ ਗੱਲੋਂ ਅਣਜਾਣ ਸੀ ਕਿ ਸ਼ਰ੍ਹੇਆਮ 'ਚਿੱਟੇ' ਬਾਰੇ ਕੀਤਾ ਸਵਾਲ ਹੀ ਉਸ ਦੀ ਮੌਤ ਦਾ ਪਰਵਾਨਾ ਬਣ ਜਾਵੇਗਾ। ਮਜ਼ਦੂਰ ਗੁਲਜ਼ਾਰ ਸਿੰਘ ਨੇ ਹਕੀਕਤ ਦਿਖਾਈ, ਜਦੋਂ ਕਿ ਪੰਚਾਇਤ ਨੇ ਇਸ ਗ਼ਰੀਬ ਨੂੰ ਔਕਾਤ ਦਿਖਾ ਦਿੱਤੀ। ਕੇਹਾ ਇਨਸਾਫ਼ ਹੈ ਕਿ ਇੱਕ ਸਵਾਲ ਨੂੰ ਹੀ ਅਪਰਾਧ ਬਣਾ ਦਿੱਤਾ ਗਿਆ। ਪੰਚਾਇਤ ਨੂੰ ਮਜ਼ਦੂਰ ਦਾ ਦਰਦ ਆਪਣੀ ਹੇਠੀ ਜਾਪਿਆ। ਮਜ਼ਦੂਰ ਉਸ ਵਕਤ ਸੁੰਨ ਹੋ ਗਿਆ ਜਦੋਂ ਸਰਪੰਚ ਨੇ ਉਸ ਨੂੰ 'ਸਵਾਲ' ਪੁੱਛਣ ਬਦਲੇ ਜਨਤਕ ਮੁਆਫ਼ੀ ਮੰਗਣ ਲਈ ਦਬਾਅ ਪਾਇਆ। ਉਹ ਸਮਾਜਿਕ ਅਪਮਾਨ ਕਿਵੇਂ ਸਹਾਰਦਾ, ਇਹੋ ਸੋਚ ਜਦ ਮਨ 'ਤੇ ਭਾਰੂ ਹੋ ਗਈ ਤੇ ਉਸ ਨੇ ਜ਼ਹਿਰੀਲੀ ਚੀਜ਼ ਨਿਗਲ ਲਈ। ਗੁਲਜ਼ਾਰ, ਪੁੱਤ ਲਈ ਜ਼ਿੰਦਗੀ ਮੰਗਣ ਗਿਆ ਸੀ ਪਰ ਬਦਲੇ 'ਚ ਉਸ ਨੂੰ ਮੌਤ ਦੀ ਸੌਗਾਤ ਮਿਲੀ। ਜ਼ਿੰਦਗੀ ਤੇ ਮੌਤ ਵਿਚਾਲੇ ਲੜਿਆ, ਆਖ਼ਰ ਦਮ ਤੋੜ ਗਿਆ। ਪਰਿਵਾਰ ਕੋਲ ਹੁਣ ਹਉਕੇ ਤੇ ਹੰਝੂ ਬਚੇ ਹਨ ਜਾਂ ਫਿਰ ਗੁਲਜ਼ਾਰ ਸਿੰਘ ਦੀ ਇੱਕ ਤਸਵੀਰ ਜੋ ਹਮੇਸ਼ਾ ਇੱਕ 'ਸਵਾਲ ਦੇ ਮੁੱਲ' ਦੀ ਗਵਾਹੀ ਭਰੇਗੀ।

ਇਸ ਮਜ਼ਦੂਰ ਦੇ ਘਰ ਦੇ ਕਮਰਿਆਂ ਨੂੰ ਦਰਵਾਜ਼ੇ ਵੀ ਨਸੀਬ ਨਹੀਂ ਹੋਏ। ਘਰ ਦੇਖ ਕੇ ਇੰਜ ਜਾਪਦਾ ਸੀ ਕਿ ਜਿਵੇਂ ਗ਼ੁਰਬਤ ਨੇ ਪੈਰ ਪਸਾਰੇ ਹੋਣ। ਮਜ਼ਦੂਰ ਗੁਲਜ਼ਾਰ ਸਿੰਘ ਦੇ ਪਰਿਵਾਰਕ ਮੈਂਬਰ ਆਖਦੇ ਹਨ ਕਿ ਮੁੰਡੇ ਨੇ ਨਸ਼ੇ 'ਚ ਘਰ ਦਾ ਸਾਰਾ ਸਾਮਾਨ ਵੇਚ ਦਿੱਤਾ। ਪਿੰਡ 'ਚ ਸ਼ਰ੍ਹੇਆਮ ਨਸ਼ਾ ਵਿਕਦੈ, ਜਿਸ ਤੋਂ ਤੰਗ ਆਏ ਉਨ੍ਹਾਂ ਦੇ ਜੀਅ ਨੇ ਸਵਾਲ ਚੁੱਕਿਆ ਸੀ। ਸੋਸ਼ਲ ਮੀਡੀਆ 'ਤੇ 'ਚਿੱਟੇ' ਬਾਰੇ ਸਵਾਲ ਦੀ ਵੀਡੀਓ ਨਸ਼ਰ ਹੋ ਗਈ ਤੇ ਇਹੋ ਸੱਚ ਕਾਲਾ ਪਰਛਾਵਾਂ ਬਣ ਕੇ ਮਜ਼ਦੂਰ ਦਾ ਪਿੱਛਾ ਕਰਦਾ ਰਿਹਾ। ਮਜ਼ਦੂਰ ਗੁਲਜ਼ਾਰ ਸਿੰਘ ਦੇ ਚਲੇ ਜਾਣ ਮਗਰੋਂ ਹੁਣ ਉਸ ਦੇ ਵਿਹੜੇ 'ਚ ਪਤਝੜ ਹੈ। ਜਦੋਂ ਪੁੱਤ ਚਿੱਟੇ 'ਤੇ ਲੱਗ ਗਿਆ, ਉਦੋਂ ਤੋਂ ਹੀ ਇਸ ਮਜ਼ਦੂਰ ਦੀ ਕਮਾਈ ਚਿੱਟੇ ਦੇ ਧੂੰਏਂ 'ਚ ਉੱਡਣ ਲੱਗ ਗਈ ਸੀ। ਅੱਜ ਗੁਲਜ਼ਾਰ ਨੂੰ ਅੰਤਿਮ ਰਸਮਾਂ ਵੀ ਨਸੀਬ ਨਹੀਂ ਹੋਈਆਂ। ਪੁਲੀਸ ਪਹਿਰੇ ਹੇਠ ਹੀ ਮਜ਼ਦੂਰ ਦਾ ਸਸਕਾਰ ਹੋਇਆ।

ਮਜ਼ਦੂਰ ਦੇ ਪਰਿਵਾਰ 'ਚ ਅਜੀਬ ਖ਼ਾਮੋਸ਼ੀ ਹੈ ਤੇ ਵਿਰਲਾਪ ਵੀ। ਮੁਆਫ਼ੀ ਮੰਗ ਕੇ ਅਣਖ ਨਿਲਾਮ ਕਰਨ ਨਾਲੋਂ ਮਜ਼ਦੂਰ ਨੇ ਜ਼ਿੰਦਗੀ ਨੂੰ ਹੀ ਠੋਕਰ ਮਾਰ ਦਿੱਤੀ ਜਿਸ ਕਾਫ਼ਲੇ 'ਚੋਂ ਇਸ ਮਜ਼ਦੂਰ 'ਤੇ ਆਖ਼ਰੀ ਉਮੀਦ ਤੱਕੀ ਸੀ, ਉਹ ਕਾਫ਼ਲੇ ਪੰਜਾਬ ਦੀ ਜੂਹ ਆਏ ਦਿਨ ਦੇਖੇਗੀ। ਕਦੋਂ ਤੱਕ ਚਿੱਟੇ ਦੀ ਧੌਂਸ ਹੇਠ ਪੰਜਾਬ ਰਹੇਗਾ, ਇਹ ਸਵਾਲ ਉਦੋਂ ਤੱਕ ਗੂੰਜਦਾ ਰਹੇਗਾ ਜਦੋਂ ਤੱਕ ਚਿੱਟਾ ਪੰਜਾਬ ਨੂੰ ਅਲਵਿਦਾ ਨਹੀਂ ਆਖ ਜਾਂਦਾ ।

# ਨਵੀਂ-ਵਿਆਹੀ...

ਨਵੀਂ-ਵਿਆਹੀ ਆਪਣੇ ਪਤੀ ਤੋਂ ਅੰਗਰੇਜ਼ੀ ਭਾਸ਼ਾ ਸਿੱਖ ਰਹੀ ਸੀ,
ਪਰ ਅਜੇ ਤੱਕ ਉਹ "C" ਅੱਖਰ 'ਤੇ ਹੀ ਅਟਕੀ ਹੋਈ ਸੀ।
ਕਿਉਂਕਿ ਉਸਦੀ ਸਮਝ ਵਿੱਚ ਨਹੀਂ ਆ ਰਿਹਾ ਸੀ ਕਿ
"C" ਨੂੰ ਕਦੇ "ਚ",
ਕਦੇ "ਕ",
ਤੇ ਕਦੇ "ਸ" ਕਿਉਂ ਬੋਲਿਆ ਜਾਂਦਾ ਹੈ।
ਇੱਕ ਦਿਨ ਉਹ ਆਪਣੇ ਪਤੀ ਨੂੰ ਬੋਲੀ,
"ਤੁਹਾਨੂੰ ਪਤਾ ਹੈ, ਚਲਚੱਤਾ ਦੇ ਚੁਲੀ ਵੀ ਚ੍ਰਿਕੇਟ ਖੇਡਦੇ ਨੇ।"
ਪਤੀ ਨੇ ਇਹ ਸੁਣ ਕੇ ਉਸਨੂੰ ਪਿਆਰ ਨਾਲ ਸਮਝਾਇਆ,
"ਇੱਥੇ C ਨੂੰ 'ਚ' ਨਹੀਂ, 'ਕ' ਬੋਲਾਂਗੇ।
ਇਸਨੂੰ ਇੰਝ ਕਹਾਂਗੇ—
'ਕਲਕੱਤਾ ਦੇ ਕੁਲੀ ਵੀ ਕ੍ਰਿਕੇਟ ਖੇਡਦੇ ਨੇ।'"
ਪਤਨੀ ਮੁੜ ਬੋਲੀ,
"ਉਹ ਕੁੰਨੀਲਾਲ ਕੋਪੜਾ ਤਾਂ ਕੇਅਰਮੈਨ ਹੈ ਨਾ?"
ਪਤੀ ਨੇ ਫਿਰ ਸਮਝਾਉਂਦੇ ਹੋਏ ਕਿਹਾ,
"ਇੱਥੇ C ਨੂੰ 'ਕ' ਨਹੀਂ, 'ਚ' ਬੋਲਾਂਗੇ।
ਜਿਵੇਂ—
'ਚੁੰਨੀ ਲਾਲ ਚੋਪੜਾ ਤਾਂ ਚੇਅਰਮੈਨ ਹੈ ਨਾ।'"
ਥੋੜ੍ਹੀ ਦੇਰ ਚੁੱਪ ਰਹਿਣ ਤੋਂ ਬਾਅਦ ਪਤਨੀ ਫਿਰ ਬੋਲੀ,
"ਤੁਹਾਡਾ ਚੋਟ, ਚੈਪ ਦੋਵੇਂ ਚਾਟਨ ਦੇ ਨੇ ਨਾ?"
ਪਤੀ ਹੁਣ ਥੋੜ੍ਹਾ ਝੁੰਝਲਾਉਂਦੇ ਹੋਏ ਤੇਜ਼ ਆਵਾਜ਼ ਵਿੱਚ ਬੋਲਿਆ,
"ਓਏ, ਤੂੰ ਸਮਝਦੀ ਕਿਉਂ ਨਹੀਂ! ਇੱਥੇ C ਨੂੰ 'ਚ' ਨਹੀਂ, 'ਕ' ਬੋਲਾਂਗੇ।
ਜਿਵੇਂ, 'ਤੁਹਾਡਾ ਕੋਟ, ਕੈਪ ਦੋਵੇਂ ਕਾਟਨ ਦੇ ਨੇ ਨਾ।'"
ਪਤਨੀ ਫਿਰ ਬੋਲੀ,
"ਅੱਛਾ ਦੱਸੋ, ਕੈਂਡੀਗੜ੍ਹ ਵਿੱਚ ਕੰਬਲ ਕਿਨਾਰੇ ਕਰਕ ਹੈ?"
ਹੁਣ ਪਤੀ ਨੂੰ ਗੁੱਸਾ ਆ ਗਿਆ ਤੇ ਉਹ ਬੋਲਿਆ,
"ਬੇਵਕੂਫ਼! ਇੱਥੇ ਛ ਨੂੰ 'ਕ' ਨਹੀਂ, 'ਚ' ਬੋਲਾਂਗੇ।
ਜਿਵੇਂ— 'ਚੰਡੀਗੜ੍ਹ ਵਿੱਚ ਚੰਬਲ ਕਿਨਾਰੇ ਚਰਚ ਹੈ ਨਾ।'"
ਪਤਨੀ ਸਹਿਮੀ ਹੋਈ ਹੌਲੀ ਆਵਾਜ਼ ਵਿੱਚ ਬੋਲੀ,
"ਤੇ ਕੀ ਉਹ ਕਰੰਟ ਲੱਗਣ ਨਾਲ ਚੰਡਕਟਰ ਤੇ ਚਲਰਕ ਮਰ ਗਏ?"
ਪਤੀ ਆਪਣੇ ਵਾਲ ਨੋਚਦੇ ਹੋਏ ਬੋਲਿਆ,
"ਓਏ ਮੂਰਖੇ! ਇੱਥੇ C ਨੂੰ 'ਚ' ਨਹੀਂ, 'ਕ' ਕਹਾਂਗੇ...
' ਕੀ ਕਰੰਟ ਲੱਗਣ ਨਾਲ ਕੰਡਕਟਰ ਤੇ ਕਲਰਕ ਮਰ ਗਏ?'"
ਇਸ 'ਤੇ ਪਤਨੀ ਹੌਲੀ ਜਿਹੀ ਬੋਲੀ,
"ਜੀ, ਤੁਸੀਂ ਗੁੱਸਾ ਕਿਉਂ ਕਰ ਰਹੇ ਹੋ...
ਇੱਧਰ ਟੀਵੀ 'ਤੇ ਦੇਖੋ-ਦੇਖੋ...
'ਕੈਂਟੀਮੀਟਰ ਦਾ ਕੇਲ ਤੇ ਕਿਮੈਂਟ ਕਿੰਨਾ ਮਜ਼ਬੂਤ ਹੈ।'"
ਪਤੀ ਆਪਣਾ ਸਬਰ ਗੁਆਉਂਦੇ ਹੋਏ ਉੱਚੀ ਨਾਲ ਬੋਲਿਆ,
"ਹੁਣ ਤੂੰ ਅੱਗੇ ਕੁਝ ਹੋਰ ਬੋਲਣਾ ਬੰਦ ਕਰ, ਨਹੀਂ ਤਾਂ ਮੈਂ ਪਾਗਲ ਹੋ ਜਾਵਾਂਗਾ।"
"ਹੁਣ ਜੋ ਤੂੰ ਬੋਲਿਆ, ਇੱਥੇ C ਨੂੰ 'ਕ' ਨਹੀਂ, 'ਸ' ਕਹਾਂਗੇ
ਸੈਂਟੀਮੀਟਰ, ਸੈਲ ਤੇ ਸੀਮੈਂਟ!"
ਹਾਂ ਜੀ, ਪਤਨੀ ਬੜਬੜਾਉਂਦੀ ਹੋਈ ਬੋਲੀ,
"ਇਸ 'C' ਨੇ ਤਾਂ ਮੇਰਾ ਵੀ ਸਿਰ ਦਰਦ ਕਰ ਦਿੱਤਾ ਹੈ।
ਤੇ ਹੁਣ ਮੈਂ ਜਾ ਕੇ ਚੇਕ ਖਾਵਾਂਗੀ,
ਉਸ ਤੋਂ ਬਾਅਦ ਚੋਕ ਪੀਵਾਂਗੀ,
ਫਿਰ ਚਾਫੀ ਨਾਲ
ਚੈਪਸੂਲ ਖਾ ਕੇ ਸੌਂਵਾਂਗੀ।
ਤਦ ਜਾ ਕੇ ਚੈਨ ਆਵੇਗਾ।"
ਉਧਰ ਜਾਂਦੇ-ਜਾਂਦੇ ਪਤੀ ਵੀ ਬੜਬੜਾਉਂਦਾ ਹੋਇਆ ਬਾਹਰ ਨਿਕਲ ਗਿਆ...
"ਤੂੰ ਕੇਕ ਖਾ,
ਪਰ ਮੇਰਾ ਸਿਰ ਨਾ ਖਾ!"
"ਤੂੰ ਕੋਕ ਪੀ ਜਾਂ ਕੌਫੀ,
ਪਰ ਮੇਰਾ ਖ਼ੂਨ ਨਾ ਪੀ!"
"ਤੂੰ ਕੈਪਸੂਲ ਨਿਗਲ,
ਪਰ ਮੇਰਾ ਚੈਨ ਨਾ ਨਿਗਲ!"
ਇਹ ਦੇਖ ਕੇ ਮੈਂ ਵੀ ਫੈਸਲਾ ਕਰ ਲਿਆ ਕਿ ਅੰਗਰੇਜ਼ੀ ਭਾਸ਼ਾ ਵਿੱਚ ਬਹੁਤ ਕਮੀਆਂ ਹਨ। ਆਪਣੀ ਭਾਸ਼ਾ ਹੀ ਵਧੀਆ ਹੈ।







# ਰੂਹ ਦਾ ਸਾਕ

ਪੱਛਮ 'ਚ ਛਿਪ ਚੁੱਕੇ ਸੂਰਜ ਦੀ ਲਾਲੀ ਅਜੇ ਵੀ ਭਾਅ ਮਾਰ ਰਹੀ ਸੀ। ਨਿੰਮ ਉੱਤੇ ਉੱਚੀ ਆਵਾਜ਼ 'ਚ ਚਿੜੀਆਂ ਦਾ ਚਿਕਚੋਲਰ ਪੈ ਰਿਹਾ ਸੀ। ਕੂੰਜਾਂ ਦੀਆਂ ਡਾਰਾਂ ਆਪਣੇ ਆਲ੍ਹਣਿਆਂ ਵੱਲ ਜਾ ਰਹੀਆਂ ਸਨ।

ਵਿਸਾਖ ਦੇ ਪਿਛਲੇ ਪਹਿਰ ਵਗ ਰਹੀ ਤੱਤੀ ਲੂਅ ਅਜੇ ਵੀ ਪਿੰਡੇ ਨੂੰ ਲੂੰਹਦੀ ਸੀ। ਦੂਰ ਖੇਤਾਂ ਵਿੱਚ ਕਣਕ ਦੇ ਟਾਂਗਰ ਨੂੰ ਲਾਈ ਅੱਗ ਤਾਂਡਵ ਕਰ ਰਹੀ ਸੀ। ਉੱਚੇ ਉੱਠ ਰਹੇ ਭਾਂਬੜਾਂ ਨੂੰ ਵੇਖ ਕੇ ਉਸ ਨੂੰ ਬੁਰੇ ਤੇ ਡਰਾਉਣੇ ਖ਼ਿਆਲ ਆ ਰਹੇ ਸਨ।

"ਰੱਬ ਨਾ ਕਰੇ, ਕਿਤੇ ਸੀਬੋ ਬੱਲੀਆਂ ਚੁਗਦੀ ਨਹੀਂ-ਨਹੀਂ।" ਤਾਰੇ ਦਾ ਮੱਥਾ ਮੁੜਕੇ ਨਾਲ ਭਿੱਜ ਗਿਆ, "ਓ-ਹੋ ਡਾਢਿਆ।" ਉਹਨੇ ਰੱਬ ਨੂੰ ਹਉਕੇ ਵਰਗਾ ਉਲਾਂਭਾ ਦਿੱਤਾ। ਉਹਨੂੰ ਚੱਕਰ ਜਿਹਾ ਆਇਆ ਅਤੇ ਸਿਰੋਂ ਡੱਬੀਆਂ ਵਾਲਾ ਮੈਲਾ ਸਾਫ਼ਾ ਲਾਹ ਕੇ ਮੱਥਾ ਪੂੰਝਿਆ। ਮੋਢੇ ਤੋਂ ਕਹੀ ਲਾਹ ਕੇ ਖਾਲ ਦੀ ਵੱਟ 'ਤੇ ਬੈਠ ਗਿਆ।

ਸੱਠੀ ਮੂੰਗੀ ਬੀਜਣ ਲਈ ਅੱਜ ਉਸ ਨੇ ਖੇਤ ਨੂੰ ਰਵਾਂਅ ਕਰਨਾ ਸੀ। ਪਾਣੀ ਦੀ ਵਾਰੀ ਹੋਣ ਕਰਕੇ ਮੋਘੇ 'ਚੋਂ ਛੱਡਿਆ ਹੋਇਆ ਪਾਣੀ ਖਾਲ ਵਿੱਚ ਹੌਲ਼ੀ-ਹੌਲ਼ੀ ਆ ਰਿਹਾ ਸੀ। ਹੱਥ ਨਾਲ ਫੂਸ ਪਰ੍ਹੇ ਕਰ ਉਹਨੇ ਖਾਲ 'ਚੋਂ ਹੀ ਪਾਣੀ ਦਾ ਬੁੱਕ ਭਰਿਆ ਅਤੇ ਮੂੰਹ ਨੂੰ ਲਾਉਣ ਹੀ ਲੱਗਾ ਸੀ ਕਿ ਕਰਮੋ ਤੇ ਉਹਦੀ ਭਾਬੀ ਬੱਲੀਆਂ ਦੀਆਂ ਪੰਡਾਂ ਸਿਰ 'ਤੇ ਧਰੀ ਆਉਂਦੀਆਂ ਦਿਸੀਆਂ।

ਕਰਮੋ ਦੀ ਭਾਬੀ ਬੰਸੋ ਦੀ ਪਹਿਲਾਂ ਤਾਂ ਤਾਰੇ ਨੂੰ ਸਿਆਣ ਨਾ ਆਈ, ਜਦੋਂ ਕੋਲ ਦੀ ਲੰਘਣ ਲੱਗੀ ਤਾਂ ਨੱਕ ਜਾ ਚੜ੍ਹਾਅ ਕੇ ਬੋਲੀ, "ਕਰਮੋ, ਬਾਹਲਾ ਈ ਮੁਸ਼ਕ ਮਾਰਦਾ ਐਥੋਂ ਤਾਂ....ਪਤਾ ਨੀ ਜਿਵੇਂ ਕੋਈ ਕੁੱਤਾ ਮਰਿਆ ਹੁੰਦਾ।"

ਉਹਨੇ ਤਾਰੇ ਦੇ ਬਰਾਬਰ ਆ ਕੇ ਜ਼ੋਰ ਦੀ ਬੁੱਕਿਆ।

"ਕਾਹਨੂੰ ਭਾਬੀ, ਖੜ੍ਹੇ ਪਾਣੀ 'ਚੋਂ ਸੜਾਂਦ ਮਾਰਦੀ ਆ।" ਕਰਮੋ ਨੇ ਤੁਰੀ ਜਾਂਦੀ ਨੇ ਸਹਿਜੇ ਕਿਹਾ। ਤਾਰੇ ਦਾ ਦਿਲ ਕੀਤਾ ਕਿ ਕਰਮੋ ਦੀ ਭਰਜਾਈ ਬੰਸੋ ਨੂੰ ਗੁੱਤੋਂ ਫੜ ਪੁੱਛੇ ਕਿ ਦੱਸ ਕਿੰਨੇ ਪੈਸੇ ਖਾਧੇ ਨੇ? ਪਰ ਤਾਰਾ ਮਿੱਟੀ ਦਾ ਮਾਧੋ ਬਣਿਆ ਖੜ੍ਹਾ ਰਿਹਾ।

"ਨੀ ਖੜ੍ਹੇ ਪਾਣੀਆਂ 'ਚੋਂ ਸੜਾਂਦ ਹੀ ਮਾਰੂ, ਹੋਰ ਕੋਈ ਗੁਲ ਖਿੜਨਗੇ ?"

ਕਰਮੋ ਦੀ ਭਾਬੀ ਬੰਸੋ, ਤਾਰੇ ਵੱਲ ਮੂੰਹ ਕਰਕੇ ਉੱਚੀ ਦੇਣੇ ਕਹਿੰਦੀ ਹੋਈ ਲੱਕ ਨੂੰ ਹਿਲੋਰੇ ਮਾਰਦੀ ਕੱਚੀ ਪਹੀ 'ਤੇ ਜਾ ਚੜ੍ਹੀ।

"ਸਾਲੀ ਝੜੰਮ ਕਿਵੇਂ ਮੱਛਰੀ ਜਾਂਦੀ ਆ, ਉਦੋਂ ਪੁੱਛੋ, ਜਦੋਂ ਜ਼ਿਮੀਂਦਾਰਾਂ ਦੇ ਸਰਦਾਰੇ ਕੀ ਮੋਟਰ ਤੋਂ ਸਾਲੀ।" ਤਾਰੇ ਨੇ ਮੂੰਹ 'ਚ ਹੀ ਬੁੜ-ਬੁੜ ਕੀਤੀ।

ਕਰਮੋ ਤੇ ਉਹਦੀ ਭਰਜਾਈ ਬੰਸੋ ਪਹੀ 'ਤੇ ਦੂਰ ਤੁਰੀਆਂ ਜਾਂਦੀਆਂ ਉੱਚੀ-ਉੱਚੀ ਹੱਸ ਰਹੀਆਂ ਸਨ। ਉਹਨਾਂ ਦੀ ਮੱਧਮ ਜਿਹੀ ਹਾਸੀ ਬੇਵੱਸ ਤਾਰੇ ਨੂੰ ਬੁਰੀ ਤਰ੍ਹਾਂ ਚਿੜ੍ਹਾਅ ਰਹੀ ਸੀ। ਦੋ ਕੁ ਓਰੇ ਇਸ ਵਾਰ ਤਾਰੇ ਨੇ ਸਰਦਾਰ ਬਿੱਕਰ ਸਿਉਂ ਨੂੰ ਪੁੱਛ ਕੇ ਮਿਰਚਾਂ ਦੀ ਪਨੀਰੀ ਦੇ ਝੋਰਿਆਂ ਵਾਲ਼ੇ ਖੇਤ ਬੀਜੇ ਸਨ। ਮਨ ਤਾਂ ਕਰਦਾ ਸੀ ਕਿ ਤੋਰੀਆਂ ਅਤੇ ਕੱਦੂਆਂ ਦੀਆਂ ਬੱਲਾਂ ਵੀ ਲਾ ਦੇਵੇ ਪਰ ਮੋਘੇ ਦਾ ਪਾਣੀ ਬੇ-ਪ੍ਰਤੀਤਾ ਸੀ। ਕੋਈ ਵਸਾਹ ਨਹੀਂ ਸੀ, ਆਵੇ, ਆਵੇ, ਨਾ ਆਵੇ, ਦੋ ਮਹੀਨੇ ਨਾ ਆਵੇ। "ਕਿਵੇਂ ਉਏ ਤਾਰਿਆ, ਅਜੇ ਭਰਿ ਆ ਨਹੀਂ ਕਿਆਰਾ ?" ਬਿੱਕਰ ਸਿਉਂ ਦੇ ਮੁੰਡੇ ਗੁਰਦੀਪ ਨੇ ਪਿੱਛੋਂ ਆ ਕੇ ਤਾਰੇ ਨੂੰ ਪੁੱਛਿਆ, ਜੋ ਹੁਣੇ ਮੋਟਰ ਤੋਂ ਆਇਆ ਸੀ। ਮੁੱਛਾਂ ਨੂੰ ਦਿੱਤਾ ਹੋਇਆ ਤਾਅ ਅਤੇ ਚਿਹਰੇ ਦੀ ਲਾਲੀ, ਉਸ ਨੂੰ ਪੰਤਾਲੀਆਂ ਤੋਂ ਪੈਂਤੀਆਂ ਦਾ ਦਰਸਾ ਰਹੇ ਸਨ।

"ਬਾਈ ਪਾਣੀ ਪਿੱਛੋਂ ਹੀ ਲੇਟ ਆਇਆ।" ਤਾਰੇ ਨੇ ਨਾ ਚਾਹੁੰਦੇ ਹੋਏ ਵੀ ਜਵਾਬ ਦਿੱਤਾ।

"ਕਿਵੇਂ ਆਹ ਥੋਡੇ ਵਿਹੜੇ ਆਲੀਆਂ ਅੱਜ ਮੂੰਹ ਨੇਰ੍ਹਾ ਜਾ ਕਰੀ ਫਿਰਦੀਆਂ ਸੀ ?" ਗੁਰਦੀਪ ਨੇ ਤਾਰੇ ਨੂੰ ਟਟੋਲਣਾ ਚਾਹਿਆ ਕਿ ਕਿਤੇ....।

"ਮੈਨੂੰ ਤਾਂ ਨੀ ਪਤਾ ਲੱਗਿਆ ਬਾਈ ਕੌਣ ਸੀ?" ਤਾਰਾ ਜਾਣ-ਬੁੱਝ ਕੇ ਮੁੱਕਰ ਗਿਆ।

"ਤੇਰੇ ਕੋਲ ਦੀ ਤਾਂ ਲੰਘੀਆਂ ਹੁਣੇ।"

"ਬਾਈ ਮੇਰਾ ਧਿਆਨ ਨੀ ਸੀ । ਸੌ ਤੁਰੀ ਫਿਰਦੀ ਐ ਏਥੇ ਲੰਡੀ-ਬੁੱਚੀ।" ਤਾਰੇ ਤੋਂ ਮਨੋਂ-ਮਨ ਰੋਕਦਿਆਂ ਹੋਇਆਂ ਵੀ ਇਹ ਸ਼ਬਦ ਉਹਦੇ ਮੂੰਹੋਂ ਬਦੋ-ਬਦੀ ਨਿੱਕਲ ਗਏ। ਗੁਰਦੀਪ ਨੇ ਮੁੱਛਾਂ 'ਚ ਹੱਸ ਕੇ ਮੋਟਰਸਾਈਕਲ ਦੀ ਕਿੱਕ ਮਾਰੀ ਅਤੇ ਕੱਚੀ ਪਹੀ 'ਤੇ ਧੂੜ ਉਡਾਉਂਦਾ ਪਿੰਡ ਵੱਲ ਨੂੰ ਤੁਰ ਗਿਆ।

ਪਾਣੀ ਹੁਣ ਮਿਰਚਾਂ ਦੇ ਕਿਆਰੇ ਬੰਨੇ ਪਹੁੰਚ ਗਿਆ ਸੀ। ਆਥਣ ਦੇ ਘੁਸਮੁਸੇ ਨੂੰ ਛੱਡ ਰਾਤ ਨੇ ਆਪਣੀਆਂ ਬਾਹਾਂ ਪਸਾਰ ਲਈਆਂ ਸਨ। ਆਸਮਾਨ 'ਤੇ ਤਾਰਿਆਂ ਦੀ ਸਪਤਰਿਸ਼ੀ ਉਹਨੂੰ ਚੰਗੀ-ਚੰਗੀ ਲੱਗੀ।

ਤਾਰੇ ਨੂੰ ਯਾਦ ਆਇਆ ਕਿ ਉਸ ਨੇ ਕਈ ਵਾਰ ਰਾਤ ਨੂੰ ਤਾਰਿਆਂ ਦੇ ਇਨ੍ਹਾਂ ਝੁੰਡਾਂ ਨੂੰ ਵੇਖ ਕੇ ਸੀਬੋ ਨੂੰ ਕਹਿਣਾ, "ਅੱਕੀ ਦੀ ਮਾਂ। ਤੈਨੂੰ ਪਤਾ ਇਹ ਕੀ ਏ? ਇਹ ਚਾਰੇ ਤਾਰੇ ਰਾਜੇ ਦਾ ਮਹਿਲ ਨੇ। ਇਹ ਮਹਿਲ ਸੋਨੇ ਦਾ ਬਣਿਆ, ਔਹ ਜਿਹੜੇ ਤਿੰਨ ਥੋੜ੍ਹੀ ਦੂਰ ਤਾਰੇ ਨੇ, ਉਹ ਰਾਜੇ ਦੇ ਮਹਿਲ 'ਚ ਰਾਣੀ ਤੇ ਰਾਜੇ ਦੀ ਰਾਖੀ ਕਰਦੇ ਨੇ। ਰਾਜੇ ਤੇ ਰਾਣੀ ਦੇ ਪਲੰਘ ਹੇਠ ਸੋਨੇ ਦੀਆਂ ਚਾਰ ਇੱਟਾਂ ਵੀ ਨੇ। ਰਾਜਾ ਆਪਣੀ ਰਾਣੀ ਨਾਲ ਬਹੁਤ ਮੁਹੱਬਤ ਕਰਦਾ ਹੈ। ਚੜ੍ਹਦੇ ਤੋਂ ਉਤਾਂਹ ਵੱਲ ਧਰੂ ਤਾਰਾ, ਜੋ ਡਾਕੂ ਆ, ਉਹ ਮਹਾਰਾਜੇ ਦੀ ਬੇਗ਼ਮ ਨੂੰ ਗਹਿਰੀ ਅੱਖ ਨਾਲ ਵੇਖਦਾ ਹੈ।"

ਸੀਬੋ ਅੰਦਰੇ-ਅੰਦਰ ਨਿਉਲੀਆਂ ਜਿਹੀਆਂ ਵੱਟ ਉਸ ਨੂੰ ਅੱਧ ਵਿਚਾਲਿਉਂ ਟੋਕਦਿਆਂ ਕਹਿੰਦੀ, "ਇਹ ਤੇ ਜਣੀ ਰਾਜੇ ਰਾਣੀ ਦਾ ਵਿਚੋਲਾ ਸੀ। ਚੱਲ ਸੌਂ ਜਾ ਹੁਣ। ਤੜਕੇ ਦੇ ਹੰਭੇ-ਥੱਕੇ ਆਂ, ਦੋ ਘੜੀ 'ਰਾਮ ਕਰਨ ਦੇ।"

ਕਈ ਵਾਰ ਗੱਲਾਂ ਕਰਦਿਆਂ ਤਾਰੇ ਨੂੰ ਦਿਨ ਦੀ ਥਕਾਵਟ ਦਾ ਅਹਿਸਾਸ ਵੀ ਨਾ ਹੁੰਦਾ। ਉਹ ਸੀਬੋ ਦੀ ਹਰ ਗੱਲ 'ਤੇ ਫੁੱਲ ਚੜ੍ਹਾਉਂਦਾ ਤੇ ਮੂੰਹੋਂ ਨਾ ਫਿਟਕਾਰਦਾ। ਉਸ ਦਾ



ਵਿਆਹ ਵੀ ਵੱਡੀ ਉਮਰ 'ਚ ਹੋਇਆ ਸੀ। ਉਮਰ ਲੰਘਣ ਕਰਕੇ ਉਸ ਨੇ ਵਿਆਹ ਦੀ ਆਸ ਹੀ ਮੁਕਾ ਦਿੱਤੀ ਸੀ। ਮਾਂ ਨੇ ਗੁਆਂਢਣ ਤੇਜੋ ਦੀਆਂ ਮਿੰਨਤਾਂ ਕਰਕੇ ਉਸ ਨੂੰ ਸਾਕ ਕਰਵਾਉਣ 'ਤੇ ਜ਼ੋਰ ਪਾਇਆ ਸੀ। ਤੇਜੋ ਨੇ ਆਪਣੇ ਪੇਕਿਆਂ ਤੋਂ ਸੀਬੋ ਦਾ ਰਿਸ਼ਤਾ ਤਾਰੇ ਨੂੰ ਕਰਵਾਇਆ ਸੀ।

ਉਸ ਦਿਨ ਤਾਰੇ ਦਾ ਧਰਤੀ 'ਤੇ ਪੱਬ ਨਹੀਂ ਸੀ ਲੱਗਿਆ, ਜਿਸ ਦਿਨ ਸੀਬੋ ਦਾ ਪਿਉ ਤਾਰੇ ਦੇ ਹੱਥ 'ਤੇ ਰੁਪਈਆ ਧਰ ਗਿਆ ਸੀ। ਮਾਂ ਨੇ ਸਾਰੇ ਵਿਹੜੇ 'ਚ ਪਤਾਸਿਆਂ ਦੀ ਲੱਪ-ਲੱਪ ਵੰਡੀ ਸੀ। ਮਾਂ ਨੂੰ ਸਾਰੇ ਸ਼ਰੀਕੇ-ਕਬੀਲੇ 'ਚੋਂ ਵਧਾਈਆਂ ਮਿਲ ਰਹੀਆਂ ਸਨ।

"ਆਹ ਤਾਂ ਤਾਰੇ ਦੇ ਰਿਸ਼ਤੇ ਵਾਲਾ ਬਾਹਲਾ ਈ ਸੋਹਣਾ ਹੋਇਆ ਭੈਣੇ।" ਤਾਈ ਸੰਤੀ ਨੇ ਵੀ ਮਾਂ ਨੂੰ ਵਧਾਈਆਂ ਦੇ ਕੇ ਦੇਹਲੀ ਵਧਣ ਦੀ ਅਸੀਸ ਦਿੱਤੀ।

ਸੀਬੋ, ਤਾਰੇ ਤੋਂ ਸੱਤ-ਅੱਠ ਸਾਲ ਛੋਟੀ ਸੀ। ਕਣਕ-ਭਿੰਨਾ ਰੰਗ, ਤਿੱਖੇ ਨੈਣ-ਨਕਸ਼ ਅਤੇ ਮੋਟੀਆਂ-ਮੋਟੀਆਂ ਅੱਖਾਂ, ਸਰੂ ਜਿੱਡਾ ਕੱਦ, ਛਮਕ ਜਿਹੀ ਸੀ।

ਤਾਰਾ ਉਸ ਨੂੰ ਵੇਖ-ਵੇਖ ਨਾ ਰੱਜਦਾ। ਵਿਹੜੇ 'ਚ ਸੂਹੇ ਸੂਟ 'ਚ ਸਜੀ ਫਿਰਦੀ ਸੀਬੋ ਉਸ ਨੂੰ ਸ਼ਹਿਜ਼ਾਦੀ ਲੱਗਦੀ। ਉਸ ਨੂੰ ਸਰੂਰ ਚੜ੍ਹ ਜਾਂਦਾ। ਤੰਗੀਆਂ-ਤੁਰਸ਼ੀਆਂ ਦੇ ਝੰਬੇ ਹੋਏ ਤਾਰੇ ਨੂੰ ਸੀਬੋ ਦੇ ਚਾਅ ਵਿੱਚ ਇਹ ਵੀ ਤੁੱਛ ਲੱਗਦੀਆਂ।

ਉਹ ਸੀਬੋ ਦਾ ਵਿੱਤ ਮੂਜਬ ਹਰ ਚਾਅ ਪੂਰਾ ਕਰਦਾ। ਤਾਰੇ ਨੂੰ ਲੱਗਦਾ, ਜਿਵੇਂ ਉਹ ਕਿਸੇ ਹੋਰ ਰੰਗਲੀ ਦੁਨੀਆਂ ਦਾ ਵਾਸੀ ਹੋ ਗਿਆ ਹੋਵੇ। ਜਿੱਥੇ ਉਹ ਮਹਾਰਾਜਾ ਤੇ ਸੀਬੋ ਮਹਾਰਾਣੀ ਹੋਵੇ । ਸਾਲ ਬਾਅਦ ਉਨ੍ਹਾਂ ਦੇ ਘਰ ਇੱਕ ਬੱਚੀ ਨੇ ਜਨਮ ਲਿਆ। ਤਾਰੇ ਦੀ ਮਾਂ ਨੇ ਉਹਦਾ ਨਾਂ ਅੱਕੀ ਰੱਖਿਆ। ਉਹ ਸਾਰਾ ਪਰਿਵਾਰ ਬੱਚੀ ਨਾਲ ਖੇਡਦਾ ਨਾ ਥੱਕਦਾ।

ਮਾਂ ਬਿਰਧ ਹੋ ਚੁੱਕੀ ਸੀ। ਮਾਂ ਦੇ ਗੋਹੇ-ਕੂੜੇ ਵਾਲੇ ਘਰਾਂ ਦਾ ਕੰਮ ਹੁਣ ਸੀਬੋ ਨੇ ਸਾਂਭ ਲਿਆ ਸੀ। ਜਦੋਂ ਸੀਬੋ ਗੋਹਾ-ਕੂੜਾ ਕਰਨ ਜਾਂਦੀ ਤਾਂ ਉਸ ਦਾ ਕਣਕ-ਭਿੰਨਾ ਰੰਗ ਤੇ ਤਿੱਖੇ ਨੈਣ-ਨਕਸ਼ ਵੇਖਣ ਵਾਲੇ ਨੂੰ ਬੰਨ੍ਹ ਲੈਂਦੇ । ਉਹ ਚੰਗੇ ਸਰਦੇ-ਪੁੱਜਦੇ ਘਰਾਂ 'ਚ ਕੰਮ ਕਰਦੀ। ਗੁਆਂਢ ਰਹਿੰਦੀ ਬੰਸੋ ਨਾਲ ਹੁਣ ਉਸ ਦਾ ਮੇਲ-ਮਿਲਾਪ ਵਧ ਗਿਆ ਸੀ। ਬੰਸੋ ਕਰਾਹ ਲਾਉਣ ਤੇ ਕਰਾਹ ਤੋਰਨ 'ਚ ਵਿਹੜੇ 'ਚੋਂ ਮੋਹਰੀ ਸੀ।

ਸੀਬੋ ਹੁਣ ਬਹੁਤਾ ਸਮਾਂ ਬੰਸੋ ਨਾਲ ਹੀ ਗੁਜ਼ਾਰਦੀ। ਤਾਰਾ ਆਥਣੇ ਦਿਹਾੜੀ ਤੋਂ ਆਉਂਦਾ ਤਾਂ ਸੀਬੋ ਦੇ ਅੱਗੇ-ਪਿੱਛੇ ਫਿਰਦਾ ਰਹਿੰਦਾ ਪਰ ਸੀਬੋ ਦੇ ਹੁਣ ਰੰਗ-ਢੰਗ ਬਦਲ ਗਏ ਸਨ । ਉਹ ਪਾਣੀ ਮੰਗਦਾ ਤਾਂ ਸੀਬੋ ਉਸ ਨੂੰ ਅੱਗੋਂ ਸੂਈ ਬਘਿਆੜੀ ਵਾਂਗੂ ਪੈਂਦੀ। ਉਹ ਜ਼ਹਿਰ ਦਾ ਘੁੱਟ ਭਰ ਚੁੱਪ ਹੋ ਜਾਂਦਾ । ਤਾਰਾ ਉਸ ਅੱਗੇ ਲੇਲ੍ਹੜੀਆਂ ਕੱਢਦਾ ਪਰ ਸੀਬੋ ਸੱਤਵੇਂ ਆਸਮਾਨ 'ਤੇ ਚੜ੍ਹੀ ਹੁੰਦੀ।

"ਕੀ ਆ ਤੇਰੇ ਘਰੇ ਖਾਣ ਨੂੰ ਭੁੱਬਲ ਵੀ ਨਹੀਂ।"

"ਸੀਬੋ! ਮੈਂ ਤਾਂ ਤੇਰੇ ਲਈ ਜਾਨ ਵੀ ਦੇ ਦਿਆਂ, ਦੇਖ ਆਪਾਂ ਨੂੰ ਰੱਬ ਨੇ ਕਿੰਨੀ ਸੋਹਣੀ ਕੁੜੀ ਦਿੱਤੀ ਆ।" ਤਾਰਾ ਕਈ ਵਾਰ ਭਾਰੇ ਗਲ਼ੇ ਨਾਲ ਕਹਿੰਦਾ। ਸੀਬੋ ਲੜਨ ਦਾ ਆਨਾ-ਬਹਾਨਾ ਲੱਭਦੀ ਰਹਿੰਦੀ। ਹੁਣ ਉਹ ਬੰਸੋ ਨਾਲ ਸ਼ਹਿਰ ਜਾਣਾ ਗਿੱਝ ਗਈ ਸੀ। ਇੱਕ ਦਿਨ ਉਹ ਬੰਸੋ ਨਾਲ ਅਜਿਹੀ ਸ਼ਹਿਰ ਗਈ ਕਿ ਮੁੜ ਕੇ ਘਰੇ ਕਦੇ ਨਾ ਆਈ।

"ਤਾਰਿਆ, ਉਏ ਤਾਰਿਆ. ਅਜੇ ਕਿੰਨਾ ਕੁ ਰਹਿੰਦਾ ਤੇਰਾ ਕਿਆਰਾ ?" ਭਾਊ ਨੇ ਤਾਰੇ ਨੂੰ ਆਵਾਜ਼ ਮਾਰੀ। ਤਾਰਾ ਇੱਕਦਮ ਤ੍ਰਭਕ ਗਿਆ।

"ਬੱਸ ਬਾਈ ਹੋ ਗਿਆ ਪੂਰਾ, ਵੱਢ 'ਲਾ ਨੱਕਾ।" ਤਾਰਾ ਸੁੱਕੇ ਗਲ਼ੇ ਵਿੱਚੋਂ ਮਸਾਂ ਹੀ ਬੋਲਿਆ।

ਕਹੀ ਮੋਢੇ ਰੱਖ ਕੇ ਤਾਰਾ ਘਰ ਨੂੰ ਤੁਰ ਪਿਆ।

"ਪਾਪਾ ਆ ਗਏ, ਪਾਪਾ ਆ ਗਏ।" ਅੱਕੀ ਨੇ ਉੱਚੀ-ਉੱਚੀ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ।

"ਪੁੱਤ ਰੋਟੀ ਪਾ ਦਿਆਂ?" ਮਾਂ ਨੇ ਕੰਬਦੀ ਆਵਾਜ਼ ਵਿੱਚ ਕਿਹਾ।

"ਰੋਟੀ ਕਾਹਦੇ ਨਾਲ ਹੈ ਮਾਂ?" ਤਾਰੇ ਨੇ ਸਰਸਰੀ ਜਿਹੇ ਪੁੱਛਿਆ।

"ਪੁੱਤ ਕੱਦੂ ਧਰਿਆ।"

"ਓ...ਹੋ...।" ਤਾਰੇ ਦੇ ਮਨ ਅੰਦਰ ਝਰਨਾਹਟ ਛਿੜੀ, 'ਸੀਬੋ ਕੱਦੂ ਬਹੁਤ ਚਾਹ ਕੇ ਖਾਂਦੀ ਸੀ। ਰੋਜ਼ ਹੀ ਕਹਿ ਦਿੰਦੀ ਸੀ, 'ਅੱਕੀ ਦਾ ਪਿਉ ਕੱਦੂ ਲਿਆ।' ਰੂਹ ਦਾ ਸਾਕ ਸੀ ਸੀਬੋ, ਸੀਬੋ ਮੁੜ ਆ ਮੁੜ ਆ ਸੀਬੋ ।

ਅੰਮ੍ਰਿਤਪਾਲ ਕਲੇਰ

# ‘ਦਿਸ਼ਾ’ ਦੇ ਸਮਾਗ਼ਮ ’ਚ ਰਜਵੰਤ ਕੌਰ ਸੰਧੂ ਦੀ ਪਲੇਠੀ ਪੁਸਤਕ ‘ਮੇਰੇ ਪਿਤਾ ਦੀ ਕੁਰਸੀ: ਪਾਕਿਸਤਾਨ ਦਾ ਸਫ਼ਰਨਾਮਾ’ ਬਾਰੇ ਹੋਈ ਗੰਭੀਰ ਵਿਚਾਰ-ਚਰਚਾ





ਬਰੈਂਪਟਨ, (ਡਾ.ਝੰਡ): ਲੰਘੇ ਐਤਵਾਰ 6 ਸਤੰਬਰ ਨੂੰ ਬਰੈਂਪਟਨ ਦੀਆਂ ਔਰਤਾਂ ਦੀ ਸਾਹਿਤਕ, ਸਮਾਜਿਕ ਤੇ ਸੱਭਿਆਚਾਰਕ ਸੰਸਥਾ ‘ਦਿਸ਼ਾ – ਐਸੋਸੀਏਸ਼ਨ ਆਫ਼ ਕੈਨੇਡੀਅਨ ਵਿਮੈਨ’ ਵੱਲੋਂ ਸਥਾਨਕ ‘ਵਿਸ਼ਵ ਪੰਜਾਬੀ ਭਵਨ’ ਵਿੱਚ ਬਾਅਦ ਦੁਪਹਿਰ ਦੋ ਵਜੇ ਕਰਵਾਏ ਗਏ ਸਮਾਗ਼ਮ ਵਿੱਚ ਰਜਵੰਤ ਕੌਰ ਸੰਧੂ ਦੀ ਪਲੇਠੀ ਪੁਸਤਕ ‘ਮੇਰੇ ਪਿਤਾ ਦੀ ਕੁਰਸੀ: ਪਾਕਿਸਤਾਨ ਦਾ ਸਫ਼ਰਨਾਮਾ’ ਬਾਰੇ ਵਿਚਾਰ- ਚਰਚਾ ਆਯੋਜਿਤ ਕੀਤੀ ਗਈ। ਇਸ ਮੌਕੇ ਪ੍ਰਧਾਨਗੀ-ਮੰਡਲ ਵਿੱਚ ਹਰਜੀਤ ਕੌਰ ਸੰਧੂ, ਲਹਿੰਦੇ ਪੰਜਾਬ ਤੋਂ ਕਵਿੱਤਰੀ ਉਜ਼ਮਾ ਮਹਿਮੂਦ, ਔਰਤਾਂ ਦੇ ਹੱਕਾਂ ਬਾਰੇ ਆਵਾਜ਼ ਬੁਲੰਦ ਕਰਨ ਵਾਲੀ ਆਸ਼ਾ ਵਰਮਾ, ਪੁਸਤਕ ਲੇਖਿਕਾ ਰਜਵੰਤ ਕੌਰ ਸੰਧੂ, ਉੱਘੇ ਖੇਡ ਲੇਖਕ ਪ੍ਰਿੰਸੀਪਲ ਸਰਵਣ ਸਿੰਘ ਅਤੇ ਪ੍ਰੌੜ ਪੰਜਾਬੀ ਲੇਖਕ ਪੂਰਨ ਸਿੰਘ ਪਾਂਧੀ ਸੁਸ਼ੋਭਿਤ ਸਨ। ਸਮਾਗ਼ਮ ਦੀ ਕਾਰਵਾਈ ਆਰੰਭ ਕਰਦਿਆਂ ‘ਦਿਸ਼ਾ’ ਸੰਸਥਾ ਦੀ ਪ੍ਰਧਾਨ ਡਾ. ਕੰਵਲਜੀਤ ਕੌਰ ਢਿੱਲੋਂ ਵੱਲੋਂ ਸਮਾਗ਼ਮ ’ਚ ਸ਼ਾਮਲ ਸਮੂਹ ਪੰਜਾਬੀ ਸਾਹਿਤ ਪ੍ਰੇਮੀਆਂ ਦਾ ਸੁਆਗ਼ਤ ਕਰਦਿਆਂ ਉਨ੍ਹਾਂ ਨੂੰ ‘ਜੀ ਆਇਆਂ’ ਕਿਹਾ ਅਤੇ ਪੁਸਤਕ ਬਾਰੇ ਮੁੱਢਲੀ ਜਾਣਕਾਰੀ ਸਾਂਝੀ ਕੀਤੀ ਗਈ। ਇਸਦੇ ਨਾਲ ਹੀ ਮੰਚ-ਸੰਚਾਲਕ ਦੀ ਭੂਮਿਕਾ ਨਿਭਾਉਂਦਿਆਂ ਹੋਇਆਂ ਉਨ੍ਹਾਂ ਨੇ ਸਮਾਗ਼ਮ ਦੇ ਪਹਿਲੇ ਬੁਲਾਰੇ ਕਵੀ ਓਂਕਾਰਪ੍ਰੀਤ ਨੂੰ ਪੁਸਤਕ ਬਾਰੇ ਆਪਣਾ ਪੇਪਰ ਪੜ੍ਹਨ ਲਈ ਬੇਨਤੀ ਕੀਤੀ। ਪੁਸਤਕ ਬਾਰੇ ਆਪਣੇ ਵਿਚਾਰ ਸਾਂਝੇ ਕਰਦਿਆਂ ਓਂਕਾਰਪ੍ਰੀਤ ਨੇ ਕਿਹਾ ਕਿ ਕੁਦਰਤ ਵੱਲੋਂ ਹੀ ਇਨਸਾਨ ਦੇ ਪੈਰਾਂ ’ਚ ਚੱਕਰ ਹੈ ਅਤੇ ਉਹ ਵੱਖ-ਵੱਖ ਧਾਰਮਿਕ, ਇਤਿਹਾਸਕ ਤੇ ਹੋਰ ਦਿਲਚਸਪ ਸਥਾਨਾਂ ਦੀ ਯਾਤਰਾ ’ਤੇ ਤੁਰਿਆ ਰਹਿੰਦਾ ਹੈ। ਸਫ਼ਰਨਾਮਿਆਂ ਦੀ ਅਹਿਮੀਅਤ ਬਾਰੇ ਬੋਲਦਿਆਂ ਉਨ੍ਹਾਂ ਕਿਹਾ ਕਿ ਪੰਜਾਬੀ ਸਾਹਿਤ ਵਿੱਚ ਇਨ੍ਹਾਂ ਦਾ ਆਪਣਾ ਵਿਸ਼ੇਸ਼ ਸਥਾਨ ਹੈ। ਉਨ੍ਹਾਂ ਦੱਸਿਆ ਕਿ ਪੰਜਾਬੀ ਵਿੱਚ ਸਫ਼ਰਨਾਮਿਆਂ ਦੀ ਸ਼ੁਰੂਆਤ ਲਾਲ ਸਿੰਘ ਕਮਲਾ ਅਕਾਲੀ ਦੇ ‘ਮੇਰਾ ਵਲਾਇਤੀ ਸਫ਼ਰਨਾਮਾ’ ਨਾਲ ਹੋਈ ਅਤੇ ਪਾਕਿਸਤਾਨੀ ਯਾਤਰਾ ਬਾਰੇ ਪਹਿਲਾ ਸਫ਼ਰਨਾਮਾ ਉੱਘੇ ਐਕਟਰ ਤੇ ਪੰਜਾਬੀ ਲੇਖਕ ਬਲਰਾਜ ਸਾਹਨੀ ਵੱਲੋਂ ਲਿਖਿਆ ਗਿਆ ‘ਮੇਰਾ ਪਾਕਿਸਤਾਨੀ ਸਫ਼ਰਨਾਮਾ ਹੈ ਜੋ 1963 ਵਿੱਚ ਛਪਿਆ। ਵਰਿਆਮ ਸਿੰਘ ਸੰਧੂ ਦਾ ਸਫ਼ਰਨਾਮਾ ‘ਵਗਦੀ ਏ ਰਾਵੀ’ 2002 ਵਿੱਚ ਆਇਆ ਤੇ ਉਸ ਤੋਂ ਬਾਅਦ ਕਈ ਸਫ਼ਰਨਾਮੇ ਹੋਰ ਵੀ ਛਪੇ। ਰਜਵੰਤ ਕੌਰ ਸੰਧੂ ਦੇ ਪਾਕਿਸਤਾਨੀ ਸਫ਼ਰਨਾਮੇ ‘ਮੇਰੇ ਪਿਤਾ ਦੀ ਕੁਰਸੀ’ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਲਾਹੌਰ ਦੇ ਥਾਣਾ ਕਿਲ੍ਹਾ ਗੁੱਜਰ ਸਿੰਘ ਵਿਖੇ ਸਜੀ ਹੋਈ ਐੱਸ.ਐੱਚ.ਓ. ਦੀ ਕੁਰਸੀ ਕੇਵਲ ਲੇਖਿਕਾ ਦੇ ਪਿਤਾ ਦੀ ਕੁਰਸੀ ਹੀ ਨਹੀਂ ਹੈ, ਜਿੱਥੇ ਉਹ 1947 ਦੀ ਭਾਰਤ-ਪਾਕ ‘ਵੰਡ’ ਤੋਂ ਪਹਿਲਾਂ ਬੈਠਦੇ ਸਨ, ਸਗੋਂ ਇਹ ਕੁਰਸੀ ‘ਪੰਜਾਬ ਦੀ ਕੁਰਸੀ’ ਦੀ ਪ੍ਰਤੀਕ ਹੈ, ਜਿੱਥੇ ਮਹਾਰਾਜਾ ਰਣਜੀਤ ਸਿੰਘ ਬੈਠ ਕੇ ਪੰਜਾਬ ਦਾ ਰਾਜ-ਪ੍ਰਬੰਧ ਚਲਾਇਆ ਕਰਦੇ ਸਨ।

ਸਮਾਗ਼ਮ ਦੇ ਦੂਸਰੇ ਬੁਲਾਰੇ ਸੁਰਜੀਤ ਕੌਰ ਨੇ ਇਸ ਪੁਸਤਕ ਬਾਰੇ ਗੱਲ ਕਰਦਿਆਂ ਕਿਹਾ ਕਿ ਪਾਕਿਸਤਾਨ ਦੇ ਸਫ਼ਰਨਾਮਿਆਂ ਦੀ ਲੜੀ ਵਿੱਚ ਇਹ ਸਫ਼ਰਨਾਮਾ ਮੁੱਲਵਾਨ ਦਸਤਾਵੇਜ਼ ਹੈ। ਪੁਸਤਕ ਲੇਖਿਕਾ ਰਾਜਵੰਤ ਕੌਰ ਸੰਧੂ ਬਾਰੇ ਉਨ੍ਹਾਂ ਕਿਹਾ ਕਿ ਉਹ ਕੇਵਲ ਉੱਘੇ ਲੇਖਕ ਡਾ. ਵਰਿਆਮ ਸਿੰਘ ਸੰਧੂ ਦੀ ਪਤਨੀ ਹੀ ਨਹੀਂ ਹੈ,ਸਗੋਂ ਉਹ ਖ਼ੁਦ ਵਧੀਆ ਲੇਖਿਕਾ ਹੈ। ਭਾਵੇਂ ਉਹ ਇਸਦਾ ਦਾਅਵਾ ਨਹੀਂ ਕਰਦੀ ਪਰ ਆਪਣੀ ਇਸ ਪਲੇਠੀ ਪੁਸਤਕ ਵਿੱਚ ਉਸਨੇ ਇਹ ਸਾਬਤ ਕਰ ਦਿੱਤਾ ਹੈ ਕਿ ਉਹ ਕਿਸੇ ਲੇਖਕ/ਲੇਖਿਕਾ ਤੋਂ ਘੱਟ ਨਹੀਂ ਹੈ। ਪੁਸਤਕ ਦੇ ਕਈ ਦਿਲਚਸਪ ਅਧਿਆਵਾਂ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਇਨ੍ਹਾਂ ਦੇ ਸਿਰਲੇਖ ਕਾਫ਼ੀ ਦਿਲਚਸਪ ਹਨ ਅਤੇ ਇਹ ਪਾਠਕ ਨੂੰ ਪੁਸਤਕ ਪੜ੍ਹਨ ਲਈ ਪ੍ਰੇਰਦੇ ਹਨ। ਇਸ ਦੌਰਾਨ ਉਨ੍ਹਾਂ ਨੇ ਸੰਧੂ ਦੰਪਤੀ ਵੱਲੋਂ ਕਈ ਪਾਕਿਸਤਾਨੀ ਪੰਜਾਬੀ ਲੇਖਕਾਂ ਨੂੰ ਮਿਲਣ ਅਤੇ ਡਾ. ਵਰਿਆਮ ਸਿੰਘ ਸੰਧੂ ਦੇ ਪੁਰਖ਼ਿਆਂ ਦੇ ਪਿੰਡ ‘ਭਡਾਣਾ’ ਜਾ ਕੇ ਆਪਣਾ ਪੁਰਾਣਾ ਘਰ ਲੱਭਣ ਦਾ ਵੀ ਬਾਖ਼ੂਬੀ ਜ਼ਿਕਰ ਕੀਤਾ ਜੋ ਕਾਫ਼ੀ ਜੱਦੋਜਹਿਦ ਦੇ ਬਾਵਜੂਦ ਭਾਵੇਂ ‘ਅਣਲੱਭਿਆ’ ਹੀ ਰਿਹਾ। ਸਮਾਗਮ ਦੇ ਅਗਲੇ ਬੁਲਾਰੇ ਡਾ. ਸੁਖਦੇਵ ਸਿੰਘ ਝੰਡ ਨੇ ਆਪਣੇ ਪੇਪਰ ਵਿੱਚ ਮਨੁੱਖ ਦੀ ਨਵੀਆਂ ਥਾਵਾਂ ਵੇਖਣ ਦੀ ਰੀਝ ਤੋਂ ਆਪਣੀ ਗੱਲ ਸ਼ੁਰੂ ਕਰਦਿਆਂ ਕਿਹਾ ਕਿ ਕਈਆਂ ਦੀ ਇਹ ਇੱਛਾ ਆਪਣੇ ਜੀਵਨ ਵਿੱਚ ਪੂਰੀ ਹੋ ਜਾਂਦੀ ਹੈ ਤੇ ਕਈ ਇਸਦੇ ਲਈ ਉਮਰ-ਭਰ ਤਰਸਦੇ ਰਹਿੰਦੇ ਹਨ। ਕਈ ਵਾਰ ਸੀਮਤ ਆਰਥਿਕ ਵਸੀਲੇ ਅਤੇ ਮੁਲਕਾਂ ਦੀਆਂ ਸਰਹੱਦਾਂ ਵੀ ਇਸ ਦੀ ਇੱਛਾ ਪੂਰਤੀ ਦੇ ਰਾਹ ਵਿੱਚ ਰੋੜਾ ਬਣ ਜਾਂਦੇ ਹਨ। ਸੰਧੂ ਦੰਪਤੀ ਵੱਲੋਂ 17 ਫ਼ਰਵਰੀ 2024 ਨੂੰ ਲਹਿੰਦੇ ਪੰਜਾਬ ਦੀ ਇੱਕ ਹਫ਼ਤਾ ਕੀਤੀ ਗਈ ਯਾਤਰਾ ਨੂੰ ਉਨ੍ਹਾਂ ਨੇ ਆਪਣੇ ਪਰਿਵਾਰਕ ਮੈਂਬਰਾਂ ਨਾਲ ਇੱਕ ਸਾਲ ਪਹਿਲਾਂ ਏਸੇ ਮਹੀਨੇ ਦੋ ਹਫ਼ਤੇ ਕੀਤੀ ਗਈ ਯਾਤਰਾ ਨਾਲ ਜੋੜ ਕੇ ਗੱਲ ਕਰਦਿਆਂ ਕਿਹਾ ਕਿ ਸੰਧੂ ਦੰਪਤੀ ਵਾਂਗ ਉਨ੍ਹਾਂ ਦਾ ਮੁੱਖ-ਮੰਤਵ ਵੀ ਗੁਰਧਾਮਾਂ ਦੀ ਯਾਤਰਾ ਤੇ ਆਪਣੇ ਪੁਰਖ਼ਿਆਂ ਦਾ ਪਿੰਡ ‘ਚੱਕ ਨੰਬਰ 202 ਗੱਟੀ ਤਲਾਵਾਂ’ ਵੇਖਣ ਦਾ ਸੀ ਅਤੇ ਇਸ ਦੌਰਾਨ ਉਨ੍ਹਾਂ ਨੂੰ ਲਹਿੰਦੇ ਪੰਜਾਬ ਦੇ ਕਈ ਹੋਰ ਮਹੱਤਵਪੂਰਨ ਸਥਾਨ ਵੀ ਵੇਖਣ ਦਾ ਅਵਸਰ ਮਿਲਿਆ, ਜਿਸ ਦੇ ਬਾਰੇ ਉਨ੍ਹਾਂ ਵੱਲੋਂ ਆਪਣੇ ਸਫ਼ਰਨਾਮੇ ‘ਪੁਰਖ਼ਿਆਂ ਦਾ ਦੇਸ’ ਵਿੱਚ ਵਿਸਥਾਰ ਪੂਰਵਕ ਬਿਆਨ ਕੀਤਾ ਗਿਆ ਹੈ।

ਆਪਣੇ ਸੰਬੋਧਨ ਵਿੱਚ ਉਨ੍ਹਾਂ ਨੇ ਰਜਵੰਤ ਸੰਧੂ ਦੇ ਸਫ਼ਰਨਾਮੇ ‘ਮੇਰੇ ਪਿਤਾ ਦੀ ਕੁਰਸੀ’ ਨੂੰ ਸੁਹਿਰਦ ਤੇ ਭਾਵਨਾਤਮਿਕ ਬ੍ਰਿਤਾਂਤ ਦੱਸਿਆ, ਜਿਸ ਵਿੱਚ ਉਨ੍ਹਾਂ ਵੱਲੋਂ ਸੱਭ ਸੱਚੋ-ਸੱਚ ਬਿਆਨਿਆ ਗਿਆ ਹੈ। ਆਪਣੀ ਪਲੇਠੀ ਪੁਸਤਕ ਬਾਰੇ ਗੱਲ ਕਰਦਿਆਂ ਰਜਵੰਤ ਕੌਰ ਸੰਧੂ ਨੇ ਕਿਹਾ ਕਿ ਇਸ ਪੁਸਤਕ ਦਾ ਜਨਮ ਉਨ੍ਹਾਂ ਦੇ ਪਤੀ-ਦੇਵ ਸੰਧੂ ਸਾਹਿਬ ਨਾਲ ਉਨ੍ਹਾਂ ਦੀ 2024 ਵਿੱਚ ਪਾਕਿਸਤਾਨ ਯਾਤਰਾ ਸਮੇਂ ਲਾਹੌਰ ਦੇ ਥਾਣਾ ਕਿਲ੍ਹਾ ਗੁੱਜਰ ਸਿੰਘ ਵਿਖੇ ਐੱਸ.ਐੱਚ.ਓ. ਯੂਨਸ ਭੱਟੀ ਦੀ ਕੁਰਸੀ ਨੂੰ ਛੋਹਣ ਅਤੇ ਉਸ ਤੋਂ ਬਾਅਦ ਇਸ ਉੱਪਰ ਬੈਠਣ ਦੇ ਵਿਲੱਖਣ ਅਨੁਭਵ ਨਾਲ ਹੋਇਆ। ਉਨ੍ਹਾਂ ਕਿਹਾ ਕਿ ਉਹ ਕੁਰਸੀ, ਜਿੱਥੇ ਉਨ੍ਹਾਂ ਦੇ ਪਿਤਾ ਜੀ ਬੈਠਿਆ ਕਰਦੇ ਸਨ, ਉੱਪਰ ਖ਼ੁਦ ਬੈਠ ਕੇ ਉਹ ਅਤੀ ਭਾਵੁਕ ਹੋ ਗਏ ਅਤੇ ਉਨ੍ਹਾਂ ਨੂੰ ਇੰਜ ਮਹਿਸੂਸ ਹੋਇਆ ਜਿਵੇਂ ਉਹ ਆਪਣੇ ਪਿਤਾ ਜੀ ਦੀ ਗੋਦ ’ਚ ਬੈਠੇ ਹਨ। ਡਾ. ਵਰਿਆਮ ਸਿੰਘ ਸੰਧੂ ਨੇ ਆਪਣੀ ਪਤਨੀ ਰਜਵੰਤ ਕੌਰ ਸੰਧੂ ਦੀ ਸਿਰਜਣ-ਪ੍ਰਕਿਰਿਆ ਬਾਰੇ ਦੱਸਦਿਆਂ ਕਿਹਾ ਕਿ ਇਸ ਪੁਸਤਕ ਤੋਂ ਪਹਿਲਾਂ ਕੁਝ ਲੰਮੇਂ ਆਰਟੀਕਲ ਲਿਖਣ ਕਰਕੇ ਉਸਦਾ ਲਿਖਣ ਦਾ ਝਾਕਾ ਕਾਫ਼ੀ ਹੱਦ ਤੀਕ ਦੂਰ ਹੋ ਚੁੱਕਾ ਸੀ ਅਤੇ ਉਸਨੇ ਆਪਣੀ ਸਵੈ-ਜੀਵਨੀ ਬਾਰੇ ਲਿਖ ਕੇ ਕਈ ਕਾਪੀਆਂ ਭਰ ਛੱਡੀਆਂ ਸਨ, ਜਿਨ੍ਹਾਂ ਨੂੰ ਟਾਈਪ ਕਰਨ ਦੀ ਜ਼ਿੰਮੇਵਾਰੀ ਉਨ੍ਹਾਂ ਦੀ ਸੀ।

ਪਾਕਿਸਤਾਨ ਦੀ ਇਸ ਯਾਤਰਾ ਤੋਂ ਬਾਅਦ ਸਵੈ-ਜੀਵਨੀ ਲਿਖਣ ਦਾ ਕੰਮ ਵਿਚਾਲੇ ਛੱਡ ਕੇ ਉਸ ਨੇ ਇਹ ਸਫ਼ਰਨਾਮਾ ‘ਮੇਰੇ ਪਿਤਾ ਦੀ ਕੁਰਸੀ’ ਲਿਖਿਆ ਜੋ ਹੁਣ ਪਾਠਕਾਂ ਦੀ ਕਚਹਿਰੀ ਵਿੱਚ ਹੈ। ਉਨ੍ਹਾਂ ਦੀ ਬੇਟੀ. ਵੱਲੋਂ ਵੀ ਇਸ ਮੌਕੇ ਆਪਣੀ ਮੰਮੀ-ਪਾਪਾ ਅਤੇ ਉਨ੍ਹਾਂ ਦੀ ਲੇਖਣੀ ਬਾਰੇ ਵਿਚਾਰ ਪ੍ਰਗਟ ਕੀਤੇ ਗਏ। ਇਸ ਪੁਸਤਕ ਬਾਰੇ ਬੋਲਦਿਆਂ ਹੋਇਆਂ ਪ੍ਰਿੰਸੀਪਲ ਸਰਵਣ ਸਿੰਘ, ਪ੍ਰੋ. ਜਗੀਰ ਸਿੰਘ ਕਾਹਲੋਂ, ਇੰਦਰਜੀਤ ਸਿੰਘ ਬੱਲ, ਦਲਬੀਰ ਸਿੰਘ ਕਥੂਰੀਆ, ਉਜ਼ਮਾ ਮਹਿਮੂਦ, ਆਸ਼ਾ ਵਰਮਾ ਤੇ ਕਈ ਹੋਰਨਾਂ ਵੱਲੋਂ ਰਜਵੰਤ ਕੌਰ ਸੰਧੂ ਨੂੰ ਪਾਕਿਸਤਾਨੀ ਸਫ਼ਰਨਾਮੇ ਦੀ ਆਪਣੀ ਇਹ ਪਲੇਠੀ ਪੁਸਤਕ ‘ਮੇਰੇ ਪਿਤਾ ਦੀ ਕੁਰਸੀ’ ਲਿਆਉਣ ’ਤੇ ਹਾਰਦਿਕ ਵਧਾਈ ਦਿੱਤੀ ਗਈ ਅਤੇ ਉਨ੍ਹਾਂ ਕੋਲੋਂ ਅੱਗੋਂ ਹੋਰ ਪੁਸਤਕਾਂ ਲਿਖੇ ਜਾਣ ਦੀ ਆਸ ਪ੍ਰਗਟ ਕੀਤੀ ਗਈ। ਇਸ ਦੌਰਾਨ ਪੁਸਤਕ ‘ਮੇਰੇ ਪਿਤਾ ਦੀ ਕੁਰਸੀ- ਪਾਕਿਸਤਾਨੀ ਸਫ਼ਰਨਾਮਾ’ ਸਰੋਤਿਆਂ ਦੀ ਭਰਵੀਂ ਹਾਜ਼ਰੀ ਵਿੱਚ ਲੋਕ ਅਰਪਿਤ ਕੀਤੀ ਗਈ ਅਤੇ ‘ਦਿਸ਼ਾ’ ਸੰਸਥਾ ਦੀਆਂ ਸਮੂਹ ਮੈਂਬਰਾਂ ਅਤੇ ‘ਵਿਸ਼ਵ ਪੰਜਾਬੀ ਸਾਹਿਤ ਸਭਾ ਕੈਨੇਡਾ’ ਵੱਲੋਂ ਪੁਸਤਕ ਲੇਖਿਕਾ ਰਜਵੰਤ ਕੌਰ ਸੰਧੂ ਨੂੰ ਖ਼ੂਬਸੂਰਤ ਸ਼ਾਲਾਂ ਨਾਲ ਸਨਮਾਨਿਤ ਕੀਤਾ ਗਿਆ। ਸਮਾਗਮ ਦੇ ਅਖ਼ੀਰ ’ਚ ‘ਦਿਸ਼ਾ’ ਦੀ ਸਰਗਰਮ ਮੈਂਬਰ ਪਰਮਜੀਤ ਦਿਓਲ ਵੱਲੋਂ ਸਮੂਹ ਬੁਲਾਰਿਆਂ ਅਤੇ ਸਰੋਤਿਆਂ ਦਾ ਧੰਨਵਾਦ ਕੀਤਾ ਗਿਆ।

# ਰਾਹੁਲ ਗਾਂਧੀ ਨੇ ਪੰਜਾਬ ਦੇ ਨਸ਼ਿਆਂ ਬਾਰੇ ਸੱਚ ਬੋਲਿਆ

## ਇਸ ਲਈ 'ਆਪ' ਸਰਕਾਰ ਬੌਖਲਾ ਗਈ: ਸੁਖਜਿੰਦਰ ਸਿੰਘ ਰੰਧਾਵਾ



ਚੰਡੀਗੜ੍ਹ: ਸੰਸਦ ਮੈਂਬਰ ਅਤੇ ਪੰਜਾਬ ਦੇ ਸਾਬਕਾ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਰਾਹੁਲ ਗਾਂਧੀ ਵੱਲੋਂ ਪੰਜਾਬ ਵਿੱਚ ਨਸ਼ਿਆਂ ਦੀ ਸਥਿਤੀ ਨੂੰ ਲੈ ਕੇ ਚੁੱਕੇ ਗਏ ਸਵਾਲਾਂ ਨੇ ਆਮ ਆਦਮੀ ਪਾਰਟੀ ਸਰਕਾਰ ਦੀ ਅਸਲ ਹਕੀਕਤ ਨੂੰ ਬੇਨਕਾਬ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਰਾਹੁਲ ਗਾਂਧੀ ਨੇ ਜਿਸ ਮੁੱਦੇ ਨੂੰ ਦੇਸ਼ ਦੇ ਸਾਹਮਣੇ ਰੱਖਿਆ, ਉਸੇ ਕਾਰਨ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਮਾਨ ਦੀ ਬੌਖਲਾਹਟ ਸਾਫ਼ ਨਜ਼ਰ ਆ ਰਹੀ ਹੈ। ਜੇਕਰ ਸਰਕਾਰ ਦੇ ਦਾਅਵੇ ਸੱਚੇ ਹੁੰਦੇ ਤਾਂ ਇੰਨੀ ਤਿੱਖੀ ਪ੍ਰਤੀਕਿਰਿਆ ਦੇਣ ਦੀ ਲੋੜ ਹੀ ਨਾ ਪੈਂਦੀ। ਆਪ ਪਾਰਟੀ ਦੇ ਅਪਣੇ ਨੇਤਾ ਨਸ਼ਾ ਬੇਚਦੇ ਫੜੇ ਜਾ ਚੁੱਕੇ ਨੇ। ਰੰਧਾਵਾ ਨੇ ਕਿਹਾ ਕਿ ਰਾਹੁਲ ਗਾਂਧੀ ਨੇ ਸਿਰਫ਼ ਪੰਜਾਬ ਦੇ ਨੌਜਵਾਨਾਂ ਅਤੇ ਪਰਿਵਾਰਾਂ ਨਾਲ ਜੁੜਿਆ ਇੱਕ ਗੰਭੀਰ ਮੁੱਦਾ ਚੁੱਕਿਆ ਹੈ। ਉਨ੍ਹਾਂ ਕਿਹਾ ਕਿ ਕੇਜਰੀਵਾਲ ਅਤੇ ਭਗਵੰਤ ਮਾਨ ਨੂੰ ਵਿਰੋਧੀ ਧਿਰ 'ਤੇ ਹਮਲੇ ਕਰਨ ਦੀ ਬਜਾਏ ਇਹ ਦੱਸਣਾ ਚਾਹੀਦਾ ਹੈ ਕਿ ਵਾਰ-ਵਾਰ ਪੰਜਾਬ ਨੂੰ ਨਸ਼ਾ-ਮੁਕਤ ਦੱਸਣ ਦੇ ਦਾਵਿਆਂ ਦੇ ਬਾਵਜੂਦ ਇਹ ਮੁੱਦਾ ਅੱਜ ਵੀ ਲੋਕਾਂ ਵਿੱਚ ਚਰਚਾ ਦਾ ਵਿਸ਼ਾ ਕਿਉਂ ਬਣਿਆ ਹੋਇਆ ਹੈ।

ਉਨ੍ਹਾਂ ਗੁਲਜ਼ਾਰ ਸਿੰਘ ਦੀ ਮੌਤ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਹ ਘਟਨਾ ਗੰਭੀਰ ਸਵਾਲ ਖੜ੍ਹੇ ਕਰਦੀ ਹੈ ਕਿ ਸਰਕਾਰ ਆਪਣੇ ਦਾਵਿਆਂ 'ਤੇ ਸਵਾਲ ਉਠਾਉਣ ਵਾਲਿਆਂ ਨਾਲ ਕਿਵੇਂ ਪੇਸ਼ ਆ ਰਹੀ ਹੈ। ਰੰਧਾਵਾ ਨੇ ਦੋਸ਼ ਲਾਇਆ ਕਿ ਆਲੋਚਨਾ ਦਾ ਜਵਾਬ ਦੇਣ ਦੀ ਬਜਾਏ ਸਰਕਾਰ ਅਸਹਿਮਤੀ ਦੀਆਂ ਆਵਾਜ਼ਾਂ ਨੂੰ ਦਬਾਉਣ ਦੀ ਕੋਸ਼ਿਸ਼ ਕਰ ਰਹੀ ਹੈ, ਜੋ ਲੋਕਤੰਤਰ ਲਈ ਚਿੰਤਾਜਨਕ ਹੈ। ਉਨ੍ਹਾਂ ਮੰਗ ਕੀਤੀ ਕਿ ਮੁੱਖ ਮੰਤਰੀ ਭਗਵੰਤ ਮਾਨ ਆਪਣੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਖ਼ਿਲਾਫ਼ ਮਾਮਲਾ ਦਰਜ ਕਰਵਾਉਣ। ਉਨ੍ਹਾਂ ਕਿਹਾ ਕਿ ਗੁਲਜ਼ਾਰ ਸਿੰਘ ਦੀ ਮੌਤ ਪੰਜਾਬ ਸਰਕਾਰ ਦਾ ਰਾਹ ਹੋਰ ਵੀ ਔਖਾ ਕਰੇਗੀ।

ਰੰਧਾਵਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਪਿਛਲੇ ਸਾਢੇ ਚਾਰ ਸਾਲਾਂ ਤੋਂ ਪੰਜਾਬ ਨੂੰ ਨਸ਼ਾ-ਮੁਕਤ ਦੱਸਣ ਦੀ ਕੋਸ਼ਿਸ਼ ਕਰ ਰਹੀ ਹੈ, ਪਰ ਹਕੀਕਤ ਇਹ ਹੈ ਕਿ ਪੰਜਾਬ ਵਿੱਚ ਨਸ਼ਾ ਘਟਣ ਦੀ ਬਜਾਏ ਘਰ-ਘਰ ਤੱਕ ਪਹੁੰਚ ਗਿਆ ਹੈ। ਇਹੀ ਕਾਰਨ ਹੈ ਕਿ ਅੱਜ ਵੀ ਪਿੰਡਾਂ ਅਤੇ ਸ਼ਹਿਰਾਂ ਵਿੱਚ ਨਸ਼ਾ ਆਸਾਨੀ ਨਾਲ ਮਿਲ ਰਿਹਾ ਹੈ ਅਤੇ ਨੌਜਵਾਨਾਂ ਦਾ ਭਵਿੱਖ ਲਗਾਤਾਰ ਬਰਬਾਦ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦੀ ਨੀਅਤ ਅਤੇ ਕਾਰਗੁਜ਼ਾਰੀ ਦਾ ਮੁਲਾਂਕਣ ਪ੍ਰਚਾਰ ਨਾਲ ਨਹੀਂ, ਸਗੋਂ ਨਤੀਜਿਆਂ ਨਾਲ ਹੁੰਦਾ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਪੰਜਾਬ ਦੇ ਨਸ਼ਿਆਂ ਦੇ ਸੰਕਟ ਦਾ ਮੁੱਦਾ ਲਗਾਤਾਰ ਚੁੱਕਦੀ ਰਹੇਗੀ ਅਤੇ ਸੂਬਾ ਸਰਕਾਰ ਤੋਂ ਪਾਰਦਰਸ਼ਤਾ ਅਤੇ ਜਵਾਬਦੇਹੀ ਦੀ ਮੰਗ ਕਰਦੀ ਰਹੇਗੀ। ਰੰਧਾਵਾ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਨੂੰ ਹੁਣ ਖੋਖਲੇ ਦਾਅਵੇ ਨਹੀਂ ਚਾਹੀਦੇ। 'ਆਪ' ਸਰਕਾਰ ਨੂੰ ਨਸ਼ਿਆਂ ਖ਼ਿਲਾਫ਼ ਪ੍ਰਭਾਵਸ਼ਾਲੀ ਕਾਰਵਾਈ ਕਰਨੀ ਹੀ ਪਵੇਗੀ ਅਤੇ ਪੰਜਾਬ ਦੇ ਨੌਜਵਾਨਾਂ ਨੂੰ ਸੁਰੱਖਿਅਤ ਭਵਿੱਖ ਦੇਣਾ ਹੋਵੇਗਾ।

# ਪਾਇਲਟ ਦੇ ਦਰਬਾਰ 'ਚ ਹਾਜ਼ਰੀ ਭਰਨ ਲੱਗੇ ਕਾਂਗਰਸੀ



ਪੰਜਾਬ ਕਾਂਗਰਸ ਦੇ ਨਵੇਂ ਇੰਚਾਰਜ ਸਚਿਨ ਪਾਇਲਟ ਦੇ ਦਰਬਾਰ ’ਚ ਸੂਬੇ ਦੇ ਸੀਨੀਅਰ ਕਾਂਗਰਸੀ ਆਗੂਆਂ ਨੇ ਹਾਜ਼ਰੀ ਭਰਨੀ ਸ਼ੁਰੂ ਕਰ ਦਿੱਤੀ ਹੈ। ਸਚਿਨ ਪਾਇਲਟ ਨਾਲ ਕਾਂਗਰਸੀ ਨੇਤਾ ਪਲੇਠੀ ਮੁਲਾਕਾਤ ਕਰ ਕੇ ਵਧਾਈਆਂ ਦੇ ਰਹੇ ਹਨ। ਸਾਬਕਾ ਮੁੱਖ ਮੰਤਰੀ ਚਰਨਜੀਤ ਚੰਨੀ ਦਾ ਧੜਾ ਸਚਿਨ ਪਾਇਲਟ ਦੀ ਅਗਵਾਈ ਤੋਂ ਬਾਗੋ ਬਾਗ਼ ਨਜ਼ਰ ਆ ਰਿਹਾ ਹੈ। ਕਾਂਗਰਸ ਹਾਈਕਮਾਂਡ ਤਰਫ਼ੋਂ ਪੰਜਾਬ ਦੇ ਇੰਚਾਰਜ ਭੁਪੇਸ਼ ਬਘੇਲ ਨੂੰ ਤਬਦੀਲ ਕੀਤੇ ਜਾਣ ਮਗਰੋਂ ਖ਼ਾਸ ਕਰ ਕੇ ਚੰਨੀ ਧੜੇ ’ਚ ਖ਼ੁਸ਼ਨੁਮਾ ਰੌਅ ਹੈ। ਪੰਜਾਬ ਕਾਂਗਰਸ ਦੇ ਸਚਿਨ ਪਾਇਲਟ ਨਾਲ ਪਹਿਲੀ ਮਿਲਣੀ ’ਚ ਸਭ ਅੱਛਾ ਹੋਣ ਦਾ ਅਹਿਸਾਸ ਦਿੱਤਾ ਹੈ।

ਸੰਸਦ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ ਨੇ ਅੱਜ ਸਚਿਨ ਪਾਇਲਟ ਨਾਲ ਮੁਲਾਕਾਤ ਕੀਤੀ ਅਤੇ ਇਸ ਮੌਕੇ ਉਨ੍ਹਾਂ ਨਾਲ ਵਿਧਾਇਕ ਬਰਿੰਦਰਮੀਤ ਸਿੰਘ ਪਾਹੜਾ ਵੀ ਸਨ। ਸੀਨੀਅਰ ਕਾਂਗਰਸੀ ਨੇਤਾ ਰੰਧਾਵਾ ਨੇ ਮਿਲਣੀ ਮਗਰੋਂ ਕਿਹਾ ਕਿ ਉਨ੍ਹਾਂ ਨੇ ਕਦੇ ਵੀ ਪੰਜਾਬ ਕਾਂਗਰਸ ਦਾ ਪ੍ਰਧਾਨ ਬਦਲਣ ਦੀ ਮੰਗ ਜਨਤਕ ਤੌਰ ’ਤੇ ਨਹੀਂ ਕੀਤੀ ਅਤੇ ਨਾ ਹੀ ਅਜਿਹਾ ਕਿਤੇ ਬਿਆਨ ਦਿੱਤਾ ਹੈ। ਉਨ੍ਹਾਂ ਕਿਹਾ ਕਿ ਚਰਨਜੀਤ ਚੰਨੀ ਨੇ ਵੀ ਅਜਿਹਾ ਕਿਤੇ ਨਹੀਂ ਕਿਹਾ।

ਸਾਬਕਾ ਮੁੱਖ ਮੰਤਰੀ ਚਰਨਜੀਤ ਚੰਨੀ ਨੇ ਵੀ ਸਚਿਨ ਪਾਇਲਟ ਨਾਲ ਮੁਲਾਕਾਤ ਕੀਤੀ ਹੈ। ਚੰਨੀ ਨੇ ਕਿਹਾ ਕਿ ਸਚਿਨ ਪਾਇਲਟ ਦੀ ਨਿਯੁਕਤੀ ਨਾਲ ਹੁਣ ਨਵੀਂ ਉਮੀਦ ਜਾਗੀ ਹੈ ਅਤੇ ਖ਼ਾਸ ਕਰਕੇ ਵਰਕਰਾਂ ’ਚ ਜੋਸ਼ ਆਇਆ ਹੈ। ਉਨ੍ਹਾਂ ਕਿਹਾ ਕਿ ਹੁਣ ਅੱਛਾ ਮਾਹੌਲ ਬਣੇਗਾ ਅਤੇ ਇਕੱਠੇ ਹੋ ਕੇ ਚੰਗੀ ਸਰਕਾਰ ਬਣਾਵਾਂਗੇ। ਇਸ ਤੋਂ ਪਹਿਲਾਂ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਵੀ ਸਚਿਨ ਪਾਇਲਟ ਨਾਲ ਮੁਲਾਕਾਤ ਕਰ ਚੁੱਕੇ ਹਨ। ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੋ ਦਿਨ ਪਹਿਲਾਂ ਸਚਿਨ ਪਾਇਲਟ ਨਾਲ ਮੁਲਾਕਾਤ ਕਰ ਚੁੱਕੇ ਹਨ। ਨਵੇਂ ਕਾਂਗਰਸ ਇੰਚਾਰਜ ਸਚਿਨ ਪਾਇਲਟ ਨੇ ਨਵੀਂ ਜ਼ਿੰਮੇਵਾਰੀ ਸੰਭਾਲਣ ਤੋਂ ਪਹਿਲਾਂ ਕਾਂਗਰਸੀ ਆਗੂ ਰਾਹੁਲ ਗਾਂਧੀ ਅਤੇ ਪ੍ਰਿਅੰਕਾ ਗਾਂਧੀ ਨਾਲ ਮੁਲਾਕਾਤ ਕੀਤੀ। ਸਚਿਨ ਪਾਇਲਟ ਅੱਗੇ ਹੁਣ ਵੱਡੀ ਚੁਣੌਤੀ ਪੰਜਾਬ ਕਾਂਗਰਸ ਦੀ ਧੜੇਬੰਦੀ ਹੋਵੇਗੀ। ਦੇਖਣਾ ਹੋਵੇਗਾ ਕਿ ਉਹ ਇਸ ਸੰਕਟ ਨੂੰ ਕਿਵੇਂ ਨਜਿੱਠਦੇ ਹਨ।

GTA Plumbing & Electrical Supplies
GTA Plumbing & Electrical Supplies
ONE STOP SHOP FOR ALL PLUMBING & ELECTRICAL SUPPLIES
* Potlight for sale $8 (min. order 60 pcs.)
* Shower door $285, * Shower base $180
* 14/2 wire on sale $110, * Toilets on sale $100
* Faucets on sale starting from $30
* 24" Vanity with Quartz Top $200
* 30" Vanity with Quartz Top $220
* 36" Vanity with Quartz Top $250
* Range Hud for Sale $250
* Electrical wire, plugs, switches * Pot lights, LED bulbs
* Toilet Sets, Washroom Vanities * Kitchen & Washroom Faucets
* Range Hoods and many more
Moen, American Standard Pfister, Faucets, ABS, Copper and all type of fitting
905-792-0036
18 Strathearn Ave South A, Unit#25-27
Brampton (Steeles & Dixie)

ASK Mortgage Ltd.
Business Loan
Credit Line
Truck/Taxi Loan
New Immigrant Package
416-366-1234
Jaswinder Khosa
416-894-9400
1332 Khalsa Drive Unit 12

ਦੇਸੀ ਦਵਾਈਆਂ ਦਾ ਚਮਤਕਾਰ
ਹਰਬਲ ਵਿਆਗਰਾ:-ਮਰਦਾਨਾ ਤਾਕਤ ਦਾ ਦੇਸੀ ਨੁਸਖਾ ਇਸ ਨੂੰ ਖਾਣ ਨਾਲ ਕੋਈ ਨੁਕਸਾਨ ਨਹੀਂ ਹੈ
ਨਸ਼ਾ ਛੁਡਾਓ
STOP
ਸ਼ਰਾਬ, ਅਫ਼ੀਮ, ਪੋਸਤ, ਭੁੱਕੀ ਆਦਿ ਹਰ ਤਰ੍ਹਾਂ ਦੇ ਨਸ਼ਾ ਬਗੈਰ ਤਕਲੀਫ ਤੋਂ ਛੁਡਵਾਇਆ ਜਾਂਦਾ ਹੈ
ਔਰਤਾਂ ਤੇ ਮਰਦਾਂ ਦੇ ਗੁਪਤ ਰੋਗਾਂ ਦਾ ਇਲਾਜ
ਮਾਹਵਾਰੀ ਅੱਗੇ/ਪਿੱਛੇ ਆਉਣੀ, ਪਾਣੀ ਪੈਣਾ, ਲੁਕੋਰੀਆ, ਗਰਭਪਾਤ ਵਾਰ-ਵਾਰ ਹੋਣਾ ਆਦਿ ਦਾ ਇਲਾਜ
ਧਾਤ, ਸੁਪਨਦੋਸ਼, ਨਾਮਰਦੀ ਆਦਿ ਦਾ ਇਲਾਜ ਦੇਸੀ ਦਵਾਈਆਂ ਨਾਲ ਕੀਤਾ ਜਾਂਦਾ ਹੈ।
ਜੋੜਾਂ ਦਾ ਦਰਦ, ਸਿਰ ਦਰਦ, ਲੱਕ ਦਰਦ, ਪਿੱਠ ਦਰਦ,ਗੋਡਿਆਂ ਆਦਿ ਹਰ ਤਰ੍ਹਾਂ ਦੀਆਂ ਦਰਦਾਂ ਦਾ ਸਫ਼ਲ ਇਲਾਜ
ਚਮੜੀ ਦੇ ਰੋਗਾਂ ਦਾ ਸਫ਼ਲ ਇਲਾਜ
ਚੰਬਲ, ਦਦਰੀ, ਸ਼ੁਪਾਕੀ, ਐਲਰਜੀ, ਵਾਲ ਝੜਨੇ, ਐਗਜ਼ੀਮਾ ਅਤੇ ਹੋਰ ਰੋਗਾਂ ਦਾ ਸਫ਼ਲ ਇਲਾਜ ਕੀਤਾ ਜਾਂਦਾ ਹੈ
PH: 416-425-0138
514-632-0138
ਕੰਮ ਕਾਰ ਵਿੱਚ ਰੁਕਾਵਟ, ਘਰ ਕਲੇਸ਼, ਮਾਨਸਿਕ ਪਰੇਸ਼ਾਨੀ, ਇਮੀਗਰੇਸ਼ਨ ਦਾ ਮਸਲਾ ਹੱਲ ਨਹੀਂ ਹੋ ਰਿਹਾ? ਤਾਂ ਵੀ ਮਿਲੋ
ਸ਼ੂਗਰ ਦੀ ਦਵਾਈ ਵੀ ਦਿੱਤੀ ਜਾਂਦੀ ਹੈ
ਨੋਟ: ਸਾਰੇ ਇਲਾਜ ਦੇਸੀ ਜੜ੍ਹੀਆਂ ਬੂਟੀਆਂ ਨਾਲ ਕੀਤੇ ਜਾਂਦੇ ਹਨ
Solve Your Life Problems with Easy Opay & Lucky Stone, Book and Appointment Today!

# ‘ਮੇਰੇ ਪਿਤਾ ਦੀ ਕੁਰਸੀ’: ਰਜਵੰਤ ਕੌਰ ਸੰਧੂ ਦੀ ਪਾਕਿਸਤਾਨ ਯਾਤਰਾ ਦਾ ਸੁਹਿਰਦ ਤੇ ਭਾਵਨਾਤਮਕ ਬ੍ਰਿਤਾਂਤ




ਧਾਰਮਿਕ ਤੇ ਇਤਿਹਾਸਕ ਮਹੱਤਤਾ ਵਾਲੇ ਸਥਾਨਾਂ ਤੇ ਨਵੀਆਂ ਖ਼ੂਬਸੂਰਤ ਥਾਵਾਂ ਵੇਖਣ ਦੀ ਹਰੇਕ ਇਨਸਾਨੀ ਮਨ ਦੀ ਪ੍ਰਬਲ ਇੱਛਾ ਹੁੰਦੀ ਹੈ ਅਤੇ ਉਹ ਇਨ੍ਹਾਂ ਥਾਵਾਂ ‘ਤੇ ਜਾਣ ਲਈ ਹਮੇਸ਼ਾ ਤਾਂਘਦਾ ਰਹਿੰਦਾ ਹੈ। ਇਸ ਦੇ ਨਾਲ ਹੀ ਕਈਆਂ ਦੇ ਮਨ ‘ਚ ਆਪਣੇ ਪੁਰਖ਼ਿਆਂ ਦੀ ਧਰਤੀ, ਜਿੱਥੇ ਉਹ ਸਾਲਾਂ ਬੱਧੀ ਵਿਚਰਦੇ ਰਹੇ ਹਨ, ਦੀ ਛੋਹ ਪ੍ਰਾਪਤ ਕਰਨ ਦੀ ਉਤਸਕਤਾ ਵੀ ਹੁੰਦੀ ਹੈ। ਜੀਵਨ ਵਿੱਚ ਕਈਆਂ ਦੀ ਇਹ ਹਸਰਤ ਪੂਰੀ ਹੋ ਜਾਂਦੀ ਹੈ ਅਤੇ ਕਈ ਇਸਦੇ ਲਈ ਉਮਰ-ਭਰ ਤਰਸਦੇ ਰਹਿੰਦੇ ਹਨ। ਕਈ ਵਾਰੀ ਸੀਮਤ ਆਰਥਿਕ ਵਸੀਲੇ ਉਨ੍ਹਾਂ ਦੇ ਲਈ ਇਨ੍ਹਾਂ ਅਹਿਮ ਥਾਵਾਂ ‘ਤੇ ਜਾਣ ਲਈ ਰੁਕਾਵਟ ਦਾ ਕਾਰਨ ਬਣ ਜਾਂਦੇ ਹਨ ਤੇ ਕਦੇ ਮੁਲਕਾਂ ਦੀਆਂ ਸਰਹੱਦਾਂ ਉਨ੍ਹਾਂ ਦੀ ਉਤਸਕਤਾ ਦਾ ਰਾਹ ਰੋਕ ਲੈਂਦੀਆਂ ਹਨ। ਪਿਛਲੇ ਕਈ ਸਾਲਾਂ ਤੋਂ ਭਾਰਤ ਤੇ ਪਾਕਿਸਤਾਨ ਦੀਆਂ ਸਰਕਾਰਾਂ ਦੇ ਕੂਟਨੀਤਕ ਸਬੰਧ ਸੁਖਾਵੇਂ ਨਾ ਹੋਣ ਕਰਕੇ ਇਨ੍ਹਾਂ ਦੋਹਾਂ ਦੇਸ਼ਾਂ ਦੇ ਲੋਕਾਂ ਨੂੰ ਆਪਸ ਵਿੱਚ ਮਿਲਣ ਲਈ ਸਰਕਾਰਾਂ ਤੋਂ ਵੀਜ਼ੇ ਪ੍ਰਾਪਤ ਕਰਨ ਵਿੱਚ ਅਕਸਰ ਹੀ ਮੁਸ਼ਕਲ ਪੇਸ਼ ਆਉਂਦੀ ਹੈ।

ਹਥਲੀ ਪੁਸਤਕ ‘ਮੇਰੇ ਪਿਤਾ ਦੀ ਕੁਰਸੀ: ਪਾਕਿਸਤਾਨ ਦੀ ਯਾਤਰਾ’ ਦੀ ਲੇਖਿਕਾ ਰਜਵੰਤ ਕੌਰ ਸੰਧੂ ਨੂੰ ਅਜਿਹਾ ਆਰਥਿਕ ਮਸਲਾ ਤਾਂ ਕੋਈ ਨਹੀਂ ਸੀ ਅਤੇ ਕੈਨੇਡਾ ਦੀ ਨਾਗਰਿਕ ਹੋਣ ਕਰਕੇ ਨਾ ਹੀ ਪਾਕਿਸਤਾਨ ਦਾ ਪਾਸਪੋਰਟ ਪ੍ਰਾਪਤ ਕਰਨ ਵਿੱਚ ਕੋਈ ਦਿੱਕਤ ਸੀ। ਉਨ੍ਹਾਂ ਦੇ ਪਤੀ-ਦੇਵ ਉੱਘੇ ਪੰਜਾਬੀ ਲੇਖਕ ਡਾ. ਵਰਿਆਮ ਸਿੰਘ ਸੰਧੂ ਇਸ ਤੋਂ ਪਹਿਲਾਂ ਦੋ ਵਾਰ ਇਕੱਲੇ ਹੀ ਪਾਕਿਸਤਾਨ ਜਾ ਵੀ ਆਏ ਸਨ। ਉਹ ਆਪਣੀ ਸ਼ਰੀਕੇ-ਹਯਾਤ ਰਜਵੰਤ ਕੌਰ ਨੂੰ ਨਾਲ ਨਹੀਂ ਸਨ ਲੈ ਕੇ ਗਏ, ਜਿਸਦਾ ਇਸ ਲੇਖਿਕਾ ਨੂੰ ਡਾਹਡਾ ਗਿਲ੍ਹਾ ਵੀ ਹੈ। ‘ਬਹਾਨਾ’ ਪਹਿਲੀ ਵਾਰ 2001 ਵਿੱਚ ਫ਼ਖਰ ਜ਼ਮਾਂ ਵੱਲੋਂ ਲਾਹੌਰ ਵਿੱਚ ਕਰਵਾਈ ਗਈ ਉਨ੍ਹਾਂ ਵੱਲੋਂ ਪਹਿਲੀ ਆਲਮੀ ਪੰਜਾਬੀ ਕਾਨਫ਼ਰੰਸ ਵਿੱਚ ਲੇਖਕਾਂ ਨੂੰ ਆਪਣੀਆਂ ਪਤਨੀਆਂ ਨੂੰ ਨਾਲ ਨਾ ਲਿਜਾਣ ਦਾ ਅਤੇ ਫਿਰ ਦੂਸਰੀ ਵਾਰ ਹਰਨੇਕ ਸਿੰਘ ਘੜੂੰਆਂ ਵੱਲੋਂ ਕੇਵਲ ਉਨ੍ਹਾ ਦਾ ਆਪਣਾ (ਵਰਿਆਮ ਸਿੰਘ ਸੰਧੂ ਦਾ) ਹੀ ਪਾਸਪੋਰਟ ਮੰਗੇ ਜਾਣ ਦਾ ਸੀ।

ਇੱਥੇ ਇਹ ਜ਼ਿਕਰਯੋਗ ਹੈ ਕਿ ਪਹਿਲੀ ਆਲਮੀ ਪੰਜਾਬੀ ਕਾਨਫ਼ਰੰਸ ਵਿੱਚ ਬਹੁਤ ਸਾਰੇ ਲੇਖਕਾਂ ਦੀਆਂ ਪਤਨੀਆਂ ਉਨ੍ਹਾਂ ਦੇ ਨਾਲ ਗਈਆਂ ਸਨ ਅਤੇ ਦੂਸਰੀ ਵਾਰ ਹਰਨੇਕ ਘੜੂੰਆਂ ਦੀ ਪਤਨੀ ਅਤੇ ਬੱਚੇ ਵੀ ਉਨ੍ਹਾਂ ਦੇ ਨਾਲ ਗਏ ਸਨ। ਖ਼ੈਰ, ਬਾਅਦ ਵਿੱਚ ਇਨ੍ਹਾਂ ਦੋਹਾਂ ਜੀਆਂ ਦਾ ਵੀ ਆਪਣੇ ਸੁਹਿਰਦ ਮੇਜ਼ਬਾਨ ਅਹਿਮਦ ਰਜ਼ਾ ‘ਪੰਜਾਬੀ’ ਦੇ ਸੱਦੇ ‘ਤੇ ਇੱਕ ਹਫ਼ਤੇ ਲਈ 17 ਫ਼ਰਵਰੀ 2024 ਨੂੰ ਪਾਕਿਸਤਾਨ ਜਾਣ ਦਾ ਸਬੱਬ ਬਣ ਹੀ ਗਿਆ। ਇਸ ਨੂੰ ਇਤਫ਼ਾਕ ਹੀ ਕਿਹਾ ਜਾ ਸਕਦਾ ਹੈ ਕਿ ਅਹਿਮਦ ਰਜ਼ਾ ਇਸ ਤੋਂ ਇੱਕ ਸਾਲ ਪਹਿਲਾਂ 16 ਫ਼ਰਵਰੀ 2023 ਨੂੰ ਸਾਡੇ ਚਾਰ ਪਰਿਵਾਰਕ ਮੈਂਬਰਾਂ- ਮੇਰਾ, ਪਤਨੀ, ਭੈਣ ਜੀ ਅਤੇ ਜੀਜਾ ਜੀ ਦਾ ਵੀ ਦੋ ਹਫ਼ਤੇ ਲਈ ਬਹੁਤ ਵਧੀਆ ਮੇਜ਼ਬਾਨ ਸਾਬਤ ਹੋਇਆ ਸੀ।

ਆਪਣੀ ਪਾਕਿਸਤਾਨ ਯਾਤਰਾ ਦੌਰਾਨ ਰਜਵੰਤ ਸੰਧੂ ਤੇ ਸੰਧੂ ਸਾਹਿਬ ਉੱਥੇ ਕੇਵਲ ਇੱਕ ਹਫ਼ਤਾ ਹੀ ਰਹੇ, ਭਾਵੇਂ ਕਿ ਉਨ੍ਹਾਂ ਦੇ ਤਿੰਨ ਮਹੀਨੇ ਵਾਲੇ ਓਪਨ-ਵੀਜ਼ੇ ਦੀ ਮਿਆਦ 6 ਮਾਰਚ 2024 ਤੱਕ ਹੈਗੀ ਸੀ, ਪਰ ਖ਼ਾਲਸਾ ਕਾਲਜ ਅੰਮ੍ਰਿਤਸਰ ਵਿਖੇ ਸੰਧੂ ਸਾਹਿਬ ਦਾ ਵਿਸ਼ੇਸ਼ ਲੈਕਚਰ ਪਹਿਲਾਂ ਤੋਂ ਤੈਅ ਹੋਇਆ ਹੋਣ ਕਰਕੇ ਉਨ੍ਹਾਂ ਨੂੰ ਹਫ਼ਤੇ ਬਾਅਦ ਹੀ 23 ਫ਼ਰਵਰੀ ਨੂੰ ਵਾਪਸ ਆਉਣਾ ਪਿਆ। ਇਸ ਇੱਕ ਹਫ਼ਤੇ ਦੌਰਾਨ ਜਿੱਥੇ ਉਨ੍ਹਾਂ ਨੇ ਨਨਕਾਣਾ ਸਾਹਿਬ, ਪੰਜਾ ਸਾਹਿਬ, ਡੇਹਰਾ ਸਾਹਿਬ, ਸੱਚਾ ਸੌਦਾ ਸਾਹਿਬ, ਰੋੜੀ ਸਾਹਿਬ, ਆਦਿ ਗੁਰਧਾਮਾਂ ਦੇ ਦਰਸ਼ਨ ਕੀਤੇ ਜੋ ਪਾਕਿਸਤਾਨ ਗਿਆ ਹਰੇਕ ਸਿੱਖ ਬੜੀ ਸ਼ਰਧਾ ਅਤੇ ਸ਼ਿੱਦਤ ਨਾਲ ਕਰਦਾ ਹੈ, ਉੱਥੇ ਉਹ ਕਈ ਮਹਾਨ ਸਾਹਿਤਕ ਸ਼ਖ਼ਸੀਅਤਾਂ ਫ਼ਖਰ ਜ਼ਮਾਂ, ਇਲਿਆਸ ਘੁੰਮਣ, ਡਾ. ਜ਼ਹੀਰ ਵੱਟੂ, ਡਾ. ਫਰੀ ਸ਼ਫ਼ਕਤ, ਦਰਵੇਸ਼ ਲੇਖਕ ਮਕਸੂਦ ਸਾਕਿਬ ਤੇ ਹੁਸ਼ਿਆਰਪੁਰ ਜ਼ਿਲੇ ਦੇ ਕਸਬੇ ‘ਸ਼ਾਮ ਚੁਰਾਸੀ’ ਦੀ ਸਾਂਝ ਨਿਕਲਣ ਕਰਕੇ ਤਾਜ਼ਾ-ਤਾਜ਼ਾ ਬਣੇ ‘ਭਾਣਜੇ’ ਸ਼ਾਇਰ ਅਫ਼ਜ਼ਲ ਸਾਹਿਰ ਅਤੇ ਹੋਰ ਕਈਆਂ ਨੂੰ ਵੀ ਮਿਲੇ ਅਤੇ ਉਨ੍ਹਾਂ ਦੇ ਨਾਲ ਖੁੱਲ੍ਹੀਆਂ ਗੱਲਾਂ-ਬਾਤਾਂ ਕੀਤੀਆਂ। ਉਹ ਗੌਰਮਿੰਟ ਕਾਲਜ ਯੂਨੀਵਰਸਿਟੀ ਲਾਹੌਰ ਵੀ ਗਏ ਅਤੇ ਉੱਥੇ ਉਨ੍ਹਾਂ ਨੇ ਪੋਸਟ ਗਰੈਜੂਏਟ ਪੰਜਾਬੀ ਵਿਭਾਗ ਦੇ ਅਧਿਆਪਕਾਂ ਅਤੇ ਵਿਦਿਆਰਥੀਆਂ ਨਾਲ ਗੱਲਾਂ-ਬਾਤਾਂ ਦੀ ਖ਼ੂਬ ਸਾਂਝ ਪਾਈ।

ਵੇਖਿਆ ਜਾਏ ਤਾਂ ਇਸ ਯਾਤਰਾ ਦੌਰਾਨ ਸੰਧੂ ਦੰਪਤੀ ਦੀ ਪ੍ਰਾਥਮਿਕਤਾ ਸੰਧੂ ਸਾਹਿਬ ਦੇ ਪੁਰਖ਼ਿਆਂ ਦਾ ਪਿੰਡ ਅਤੇ ਲਾਹੌਰ ਵਿੱਚ ਥਾਣਾ ਕਿਲ੍ਹਾ ਗੁੱਜਰ ਸਿੰਘ ਵੇਖਣ ਜਾਣ ਸੀ ਜੋ ਇਸ ਯਾਤਰਾ ਵਿੱਚ ਸਫ਼ਲਤਾ ਪੂਰਵਕ ਪੂਰੀ ਹੋਈ। ਸੰਧੂ ਸਾਹਿਬ ਨੂੰ ਭਾਰਤ-ਪਾਕਿਸਤਾ ਸਰਹੱਦ ਦੇ ਨੇੜੇ ਪੈਂਦਾ ਆਪਣਾ ਪੁਰਾਣਾ ਪਿੰਡ ‘ਭਡਾਣਾ’ ਲੱਭ ਤਾਂ ਗਿਆ ਪਰ ਉਸ ਵਿੱਚ ਆਪਣੇ ਮਾਤਾ ਜੀ ਵੱਲੋਂ ਦਰਸਾਈਆਂ ਗਈਆਂ ਨਿਸ਼ਾਨੀਆਂ ਅਨੁਸਾਰ ਲੱਭਿਆ ਗਿਆ ਪੁਰਖ਼ਿਆਂ ਦਾ ਘਰ ‘ਅਣਲੱਭਿਆ’ ਹੀ ਰਿਹਾ। ਪਿੰਡ ਦੇ ਵਸਨੀਕਾਂ ਵੱਲੋਂ ਦੱਸੇ ਗਏ ਕਿਸੇ ਹੋਰ ਘਰ ਨੂੰ ਹੀ ਉਹ ‘ਆਪਣਾ ਪੁਰਾਣਾ ਘਰ’ ਸਮਝਦੇ ਰਹੇ ਅਤੇ ਅਸਲੀ ਘਰ ਦੀ ਸ਼ਨਾਖ਼ਤ ਇਸ ਯਾਤਰਾ ਤੋਂ ਬਾਅਦ ਫ਼ੋਨ ‘ਤੇ ਵੀਡੀਓ ਕਾਲ ਰਾਹੀਂ ਹੀ ਸੰਭਵ ਹੋ ਸਕੀ।

ਪੁਸਤਕ ‘ਮੇਰੇ ਪਿਤਾ ਦੀ ਕੁਰਸੀ – ਪਾਕਿਸਤਾਨ ਦੀ ਯਾਤਰਾ’ ਰਜਵੰਤ ਕੌਰ ਸੰਧੂ ਦੀ ਪਲੇਠੀ ਪੁਸਤਕ ਹੈ ਜੋ ਉਸ ਦੀ ਪਾਕਿਸਤਾਨ ਜਾ ਕੇ ਉੱਥੇ ਲਾਹੌਰ ਦੇ ਥਾਣਾ ਕਿਲ੍ਹਾ ਗੁੱਜਰ ਸਿੰਘ ਦਾ ਵੇਖਣ ਦੀ ਰੀਝ ਤੋਂ ਉਪਜੀ ਹੈ, ਜਿੱਥੇ ਉਸਦੇ ਪਿਤਾ ਹੀ ਸ. ਬੰਤਾ ਸਿੰਘ 1947 ਦੀ ਭਾਰਤ-ਪਾਕਿਸਤਾਨ ਵੰਡ ਤੋਂ ਪਹਿਲਾਂ ਲੰਮਾਂ ਸਮਾਂ ਐੱਸ.ਐੱਚ.ਓ. ਵਜੋਂ ਤਾਇਨਾਤ ਰਹੇ ਸਨ। 1947 ਦੀ ‘ਖ਼ੂਨੀ ਵੰਡ’ ਤੋਂ ਬਾਅਦ ਉਹ ਫ਼ਿਰੋਜ਼ਪੁਰ ਦੇ ਇੱਕ ਥਾਣੇ ਵਿੱਚ ਐੱਸ.ਐੱਚ.ਓ. ਲੱਗ ਗਏ। ਉਹ ਬੜੇ ਚੰਗੇ ਖਿਡਾਰੀ ਅਤੇ ਵਧੀਆ ਘੋੜ-ਸਵਾਰ ਸਨ। ਪਰ ਪਰਿਵਾਰ ਦੀ ਮਾੜੀ ਕਿਸਮਤ ਨੂੰ 26 ਜਨਵਰੀ 1951 ਨੂੰ ਆਜ਼ਾਦ ਭਾਰਤ ਦੇ ਪਹਿਲੇ ਗਣਰਾਜ-ਦਿਵਸ ਦੇ ਜਸ਼ਨ ਮੌਕੇ ਜਦੋਂ ਉਹ ਪਲਿਸ ਖੇਡਾਂ ਦੌਰਾਨ ਘੋੜ-ਸਵਾਰੀ ਦੇ ਕਰਤੱਵ ਵਿਖਾ ਰਹੇ ਸਨ ਤਾਂ ਅਚਨਾਕ ਉਨ੍ਹਾਂ ਦਾ ਘੋੜਾ ਸਿੱਧਾ ਖੜਾ ਹੋ ਗਿਆ ਤੇ ਫਿਰ ਜ਼ਮੀਨ ‘ਤੇ ਡਿੱਗ ਪਿਆ। ਉਹ ਘੋੜੇ ਦੇ ਹੇਠਾਂ ਮਿੱਧੇ ਗਏ ਅਤੇ ਉੱਥੇ ਹੀ ਪ੍ਰਾਣ ਤਿਆਗ ਗਏ। ਪੁਸਤਕ ਲੇਖਿਕਾ ਰਜਵੰਤ ਉਦੋਂ ਮਹਿਜ਼ ਡੇਢ ਕੁ ਸਾਲ ਦੀ ਸੀ। ਇਹ ਮੰਦਭਾਗੀ ਘਟਨਾ ਉਸਦੇ ਸਮੁੱਚੇ ਪਰਿਵਾਰ ਲਈ ‘ਕਾਲ਼’ ਦਾ ਰੂਪ ਧਾਰ ਗਈ। ਇਸ ‘ਅਣਹੋਣੀ’ ਨੂੰ ਕੌਣ ਟਾਲ਼ ਸਕਦਾ ਸੀ। ਉਹ ਰੋ-ਰੋ ਕੇ ਆਪਣੇ ਬਾਪ ਨੂੰ ਯਾਦ ਕਰਦੀ ਰਹਿੰਦੀ ਅਤੇ ਉਸਦੇ ਮਨ ਵਿੱਚ ਉਹ ਥਾਂ ਵੇਖਣ ਦੀ ਇੱਛਾ ਹਰਦਮ ਬਣੀ ਰਹਿੰਦੀ, ਜਿੱਥੇ ਉਸਦੇ ਬਾਪ ਨੇ ਆਪਣੇ ਸੇਵਾ-ਸਮੇਂ ਦੇ ‘ਸੁਨਹਿਰੀ ਦਿਨ’ ਗੁਜ਼ਾਰੇ ਸਨ।

ਪਾਕਿਸਤਾਨੀ ਸਫ਼ਰਨਾਮਿਆਂ ਦੀ ਗੱਲ ਕਰੀਏ ਤਾਂ ਇਸ ਸਬੰਧੀ ਸੱਭ ਤੋਂ ਪਹਿਲੀ ਪੁਸਤਕ ਬਲਰਾਜ ਸਾਹਨੀ ਦੀ ‘ਮੇਰਾ ਪਾਕਿਸਤਾਨੀ ਸਫ਼ਰਨਾਮਾ’ ਹੈ ਜੋ ਉਨ੍ਹਾਂ ਵੱਲੋਂ 1962 ਵਿੱਚ ਪਾਕਿਸਤਾਨ ਦੀ ਕੀਤੀ ਗਈ ਯਾਤਰਾ ਦੇ ਆਧਾਰਿਤ ਹੈ। ਡਾ. ਵਰਿਆਮ ਸਿੰਘ ਸੰਧੂ ਦਾ ‘ਵਗਦੀ ਏ ਰਾਵੀ ਇਸ ਲੜੀ ਵਿੱਚ ਦੂਸਰਾ ਮਹੱਤਵਪੂਰਨ ਪਾਕਿਸਤਾਨੀ ਸਫ਼ਰਨਾਮਾ ਹੈ ਜੋ 2002 ਵਿੱਚ ਛਪਿਆ। 16 ਫ਼ਰਵਰੀ 2023 ਨੂੰ ਜਦੋਂ ਮੈਂ ਆਪਣੇ ਪਰਿਵਾਰਕ ਮੈਂਬਰਾਂ ਨਾਲ ਲਹਿੰਦੇ ਪੰਜਾਬ ਦੀ ਦੋ ਹਫ਼ਤੇ ਯਾਤਰਾ ਕੀਤੀ ਤਾਂ ਇਸਦਾ ਵਿਸਤ੍ਰਿਤ ਹਾਲ ਕਿਤਾਬੀ ਰੂਪ ਵਿੱਚ ‘ਪੁਰਖ਼ਿਆਂ ਦਾ ਦੇਸ : ਸਫ਼ਰਨਾਮਾ’ ਸਿਰਲੇਖ ਹੇਠ ਕਲਮਬੰਦ ਕੀਤਾ ਤੇ ਇਸ ਨੂੰ 2025 ਵਿੱਚ ਛਪਵਾਇਆ। ਇਸ ਤੋਂ ਪਹਿਲਾਂ ਭੈਣ ਗੁਰਚਰਨ ਕੌਰ ਥਿੰਦ ਨੇ ਇਸ ਨੂੰ ਆਪਣੇ ਸ਼ਬਦਾਂ ‘ਚ ਲਿਖ ਕੇ ‘ਲਹਿੰਦੇ ਪੰਜਾਬ ਵਿੱਚ 14 ਦਿਨ’ ਸਿਰਲੇਖ ਹੇਠ 2024 ਵਿੱਚ ਛਪਵਾ ਚੁੱਕੀ ਸੀ। ਅਮਰੀਕਾ ਵਿੱਚ ਵੱਸਦੇ ਲੇਖਕ ਰਵਿੰਦਰ ਸਹਿਰਾਅ ਦੀ 2025 ਵਿੱਚ ਛਪੀ ਪੁਸਤਕ ‘ਲਾਹੌਰ ਨਾਲ ਗੱਲਾਂ’ ਲਾਹੌਰ ਸ਼ਹਿਰ ਦੀਆਂ ਦਿਲਚਸਪ ਬਾਤਾਂ ਪਾਉਂਦੀ ਹੈ ਜੋ ਉਸਦੇ ਵੱਲੋਂ 2024 ਵਿੱਚ ਲਾਹੌਰ ਤੇ ਪਾਕਿਸਤਾਨ ਦੇ ਹੋਰ ਸ਼ਹਿਰਾਂ ਦੀ ਯਾਤਰਾ ਤੋਂ ਬਾਅਦ ਲਿਖੀ ਗਈ ਹੈ।

ਰਜਵੰਤ ਕੌਰ ਦੀ ਪਾਕਿਸਤਾਨ ਦੀ 128 ਪੰਨਿਆਂ ਦੀ ਇਸ ਯਾਤਰਾ ਪੁਸਤਕ ਵਿੱਚ ‘ਪਾਕਿਸਤਾਨ ਜਾਣਾ – ਇੱਕ ਸੁਪਨੇ ਦੀ ਪੂਰਤੀ’, ਸਮੇਂ-ਸਮੇਂ ਦੀ ਗੱਲ, ਫ਼ਖ਼ਰ ਜ਼ਮਾਂ’, ‘ਲੱਭਾ-ਅਣਲੱਭਾ ਘਰ’, ‘ਇਲਿਆਸ ਘੁੰਮਣ ਨਾਲ ਮਿਲਣੀ’, ‘ਮੇਰੇ ਪਿਤਾ ਦੀ ਕੁਰਸੀ’, ‘ਕਬਰ ਜਿਨ੍ਹਾਂ ਦੀ ਜੀਵੇ ਹੂ’, ‘ਨਨਕਾਣੇ ਵੱਲ ਨੂੰ ਜਾਂਦੇ ਰਾਹੀਆ ਵੇ’, ‘ਵੜੇ ਚੁਗੱਤੇ ਸ਼ਹਿਰ (ਏਮਨਾਬਾਦ) ‘ਚ’, ‘ਸ਼ਹੀਦ ਭਗਤ ਸਿੰਘ ਚੌਕ/ਸ਼ਾਦਮਨ ਚੌਕ’, ‘ਲੰਘ ਆ ਜਾ ਪੱਤਣ ਝਨਾਂ ਦਾ ਯਾਰ’, ‘ਭਣੇਵੇਂ ਨੇ ਕੀਤਾ ‘ਮਾਸੀ-ਮਾਸੜ’ ਦਾ ਸਨਮਾਨ’, ਆਦਿ ਦਿਲਚਸਪ ਸਿਰਲੇਖਾਂ ਨਾਲ ਸ਼ਿੰਗਾਰੇ ਗਏ 20 ਵੱਖ-ਵੱਖ ਅਧਿਆਵਾਂ ਵਿੱਚ ਗੁਰਧਾਮਾਂ, ਇਤਿਹਾਸ ਅਸਥਾਨਾਂ ਅਤੇ ਸਾਹਿਤਕ ਸ਼ਖ਼ਸੀਅਤਾਂ ਬਾਰੇ ਅਣਮੁੱਲੀ ਜਾਣਕਾਰੀ ਪ੍ਰਦਾਨ ਕੀਤੀ ਗਈ ਹੈ। ਪੁਸਤਕ ਦੇ ਸਾਰੇ ਹੀ ਅਧਿਆਇ ਦਿਲਚਸਪ ਹਨ ਪਰ ਇਨ੍ਹਾਂ ਵਿੱਚ ‘ਮੇਰੇ ਪਿਤਾ ਦੀ ਕੁਰਸੀ’ ਵਾਲਾ ਅਧਿਆਇ ਪ੍ਰਮੁੱਖ ਹੈ, ਜਿਸ ਨੂੰ ਪੁਸਤਕ ਦਾ ‘ਧੁਰਾ’ ਮੰਨਦਿਆਂ ਹੋਇਆਂ ਇਸ ਪੁਸਤਕ ਦਾ ਨਾਮਕਰਣ ਕੀਤਾ ਗਿਆ ਹੈ, ਮੈਨੂੰ ਸੱਭ ਤੋਂ ਰੋਚਕ, ਗੰਭੀਰ ਅਤੇ ਭਾਵਨਾਤਮਿਕ ਲੱਗਿਆ ਹੈ। ਇਸ ਵਿੱਚ ਲੇਖਿਕਾ ਦੀਆਂ ਅੰਤਰੀਵ-ਭਾਵਨਾਵਾਂ ਝਲਕਦੀਆਂ ਹਨ, ਜਦੋਂ ਉਹ ਕਿਲ੍ਹਾ ਗੁੱਜਰ ਸਿੰਘ ਥਾਣੇ ‘ਚ ਜਾ ਕੇ ਆਪਣੇ ਪਿਤਾ ਦੀ ਕੁਰਸੀ ਦੇ ਦਰਸ਼ਨ ਅਤੇ ਇਸਦੀ ਛੋਹ ਮਹਿਸੂਸ ਕਰਦੀ ਹੈ।

ਇਸ ਦੇ ਬਾਰੇ ਉਹ ਇਸ ਅਧਿਆਇ ਵਿੱਚ ਕਹਿੰਦੀ ਹੈ :

ਯੂਨਸ ਭੱਟੀ ਉੱਠ ਖਲੋਂਦਾ ਹੈ ਤੇ ਮਿੱਠਾ ਜਿਹਾ ਹੱਸ ਕੇ ਕੁਰਸੀ ਮੇਰੇ ਲਈ ਖਾਲੀ ਕਰ ਦਿੰਦਾ ਹੈ ਤੇ ਇੱਕ ਪਾਸੇ ਖਲੋ ਕੇ ਕੁਰਸੀ ਦੀ ਬਾਹੀ ਨੂੰ ਹੱਥ ਪਾ ਕੇ ਮੈਨੂੰ ਬਹਿਣ ਲਈ ਸੌਖਿਆਈ ਦੇਣ ਲਈ ਕੁਰਸੀ ਨੂੰ ਆਸਰਾ ਦਿੰਦਾ ਹੈ। ਫਿਰ ਆਪਣੇ ਬਹਿਣ ਲਈ ਮੇਰੇ ਵਾਲੀ ਖਾਲੀ ਕੁਰਸੀ ਵੱਲ ਜਾਂਦਿਆਂ ਕਹਿੰਦਾ ਹੈ, “ਇਹ ਕੁਰਸੀ ਪਹਿਲਾਂ ਤੁਹਾਡੇ ਵਾਲਿਦ ਸਾਹਿਬ ਦੀ ਸੀ। ਹੁਣ ਤੁਹਾਡੇ ਬੇਟੇ ਦੀ ਹੈ ! ਇਹ ਕੁਰਸੀ ਤੁਹਾਡੀ ਹੀ ਏ। ” (ਪੰਨਾ-37)

ਐੱਸ.ਐੱਚ.ਓ. ਯੂਨਸ ਭੱਟੀ ਦੇ ਇਨ੍ਹਾਂ ਬੋਲਾਂ ਬਾਰੇ ਰਜਵੰਤ ਸੰਧੂ ਦਾ ਕਹਿਣਾ ਹੈ, “ਯੂਨਸ ਭੱਟੀ ਦੇ ਮੁਹੱਬਤੀ ਬੋਲਾਂ ਨੇ ਸੱਭ ਦਾ ਮਨ ਮੋਹ ਲਿਆ। ਉਹਦੇ ਵਿਹਾਰ ਵਿੱਚੋਂ ਇਨਸਾਨੀ ਕਿਰਦਾਰ ਦੀ ਬੁਲੰਦੀ ਝਰ-ਝਰ ਪੈ ਰਹੀ ਸੀ। ਉਸਦਾ ਇਹ ਵਤੀਰਾ ਕਿਸੇ ਉਤਲੇ ਅਫ਼ਸਰ ਦੀ ਹਦਾਇਤ ਕਾਰਨ ਨਹੀਂ ਸੀ, ਇਹ ਤਾਂ ਉਹਦੇ ਅੰਦਰਲੀ ਇਨਸਾਨੀ ਖ਼ੂਬਸੂਰਤੀ ਦਾ ਝਲਕਾਰਾ ਹੀ ਸੀ। ” (ਪੰਨਾ-38)

ਆਪਣੀ ਇਸ ਪਲੇਠੀ ਪੁਸਤਕ ਵਿੱਚ ਰਜਵੰਤ ਸੰਧੂ ‘ਲੇਖਿਕਾ’ ਹੋਣ ਦਾ ਦਾਅਵਾ ਨਹੀਂ ਕਰਦੀ, ਸਗੋਂ ਉਸਦਾ ਕਹਿਣਾ ਹੈ, “ਉਹ ਲੇਖਕ ਦੀ ਪਤਨੀ ਹੋਣ ਕਰਕੇ ਲੇਖਿਕਾ ਹੈ, ਜਿਵੇਂ ਠਾਣੇਦਾਰ ਦੀ ਘਰਵਾਲੀ ਠਾਣੇਦਾਰਨੀ ਤੇ ਮਾਸਟਰ ਦੇ ਘਰਵਾਲੀ ਮਾਸਟਰਨੀ ਹੁੰਦੀ ਹੈ।“ (ਪੰਨਾ-7), ਪਰ ਪੁਸਤਕ ਨੂੰ ਡੂੰਘਾਈ ਨਾਲ ਪੜ੍ਹਨ ਤੋਂ ਬਾਅਦ ਉਸਦੀ ਇੱਕ ਪ੍ਰੌੜ-ਲੇਖਿਕਾ ਵਜੋਂ ਝਲਕ ਮਹਿਸੂਸ ਹੁੰਦੀ ਹੈ। ਇਹ ਇਸ ਤੋਂ ਪਹਿਲਾਂ ਆਪਣੀ ਮਾਂ ਬਾਰੇ ਅਤੇ ਸੰਧੂ ਸਾਹਿਬ ਬਾਰੇ ਲਿਖੇ ਗਏ ਲੇਖਾਂ ਕਾਰਨ ਹੋਵੇ ਜਾਂ ਸ਼ਾਇਦ ਸੰਧੂ ਸਾਹਿਬ ਦੀ ਸੰਗਤ ਅਤੇ ਛਪਣ ਤੋਂ ਪਹਿਲਾਂ ਉਨ੍ਹਾਂ ਦੀਆਂ ਲਿਖ਼ਤਾਂ ਦੀ ਪਹਿਲੀ ਪਾਠਕ ਕਾਰਨ ਹੋਵੇ। ਮੈਂ ਸਮਝਦਾ ਹਾਂ ਕਿ ਇਸਦੇ ਬਾਰੇ ਪੂਰੇ ਯਕੀਨ ਨਾਲ ਕੁਝ ਨਹੀਂ ਕਿਹਾ ਜਾ ਸਕਦਾ ਪਰ ਪੁਸਤਕ ਵਿੱਚ ਉਸਦੀ ਲਿਖ਼ਤ ਦਾ ਪੰਨਾ 37 ਤੇ 38 ਉੱਪਰ ਦਰਜ ਉਪਰੋਕਤ ਨਮੂੰਨਾ ਮੇਰੀ ਇਸ ਧਾਰਨਾ ਨੂੰ ਪੂਰੀ ਤਰ੍ਹਾਂ ਸਪੱਸ਼ਟ ਕਰਦਾ ਹੈ।

ਭੈਣ ਜੀ ਰਜਵੰਤ ਸੰਧੂ ਇਸ ਪੁਸਤਕ ਅਤੇ ਮੇਰੇ ਸਫ਼ਰਨਾਮੇਂ ‘ਪੁਰਖ਼ਿਆਂ ਦਾ ਦੇਸ’ ਵਿੱਚ ਕਈ ਸਮਾਨਤਾਵਾਂ ਹਨ ਅਤੇ ਕੁਝ ਵੱਖਰਤਾ ਵੀ ਹੈ। ਸਮਾਨਤਾਵਾਂ ਵਿੱਚ ਸਾਡੇ ਸਾਂਝੇ ਮੇਜ਼ਬਾਨ ਅਹਿਮਦ ਰਜ਼ਾ ਅਤੇ ਉਸਦੇ ਨਾਲ ਨੌਜੁਆਨ ਕੈਮਰਾਮੈਨ ਤੇ ਵੀਡੀਓਗ੍ਰਾਫ਼ਰ ਫ਼ੈਸਲ ਅਲੀ, ਯਾਤਰਾ ਲਈ ਫ਼ਰਵਰੀ ਮਹੀਨੇ ਦੀ ਚੋਣ (ਸਾਲ ਬੇਸ਼ਕ 2023 ਤੇ 2024 ਵੱਖੋ-ਵੱਖਰੇ ਹਨ), ਕਈ ਗੁਰਧਾਮਾਂ ਅਤੇ ਸ਼ਹੀਦ ਭਗਤ ਸਿੰਘ ਚੌਕ’ ਉਰਫ਼ ‘ਸ਼ਾਦਮਨ ਚੌਕ’, ਸ਼ਾਹੀ ਕਿਲ੍ਹਾ, ਸ਼ਾਲੀਮਾਰ ਬਾਗ਼, ਸ਼ਾਹੀ ਮਸਜਿਦ ਵਰਗੇ ਇਤਿਹਾਸਕ ਸਥਾਨ ਵੇਖਣੇ, ਅੰਜੁਮ ਗਿੱਲ, ਅਫ਼ਜ਼ਲ ਸਾਹਿਰ ਤੇ ਹਿਊਮਨ ਐਕਟੀਵਿਸਟ ਬੀਬੀ ਦੀਪ ਸਈਅਦਾ ਵਰਗੇ ਸਾਂਝੇ ਦੋਸਤਾਂ ਨੂੰ ਮਿਲਣਾ, 21 ਫ਼ਰਵਰੀ ਨੂੰ ਲਾਹੌਰ ਵਿਖੇ ਪੰਜਾਬੀ ਪ੍ਰੇਮੀਆਂ ਵੱਲੋਂ ਮਨਾਏ ਜਾਂਦੇ ‘ਪੰਜਾਬੀ ਮਾਂ-ਬੋਲੀ ਦਿਵਸ ਵਿੱਚ ਸ਼ਾਮਲ ਹੋਣਾ, ਆਪਣੇ ਪੁਰਖ਼ਿਆਂ ਦੇ ਪਿੰਡ ਜਾਣਾ, ਆਦਿ ਸ਼ਾਮਲ ਹੈ, ਜਦਕਿ ਵੱਖਰਤਾ ਵਿੱਚ ਸਾਡੇ ਗਰੁੱਪ ਵੱਲੋਂ ਸਮਾਂ ਇਨ੍ਹਾਂ ਨਾਲੋਂ ਇੱਕ ਹਫ਼ਤਾ ਵਧੇਰੇ ਹੋਣ ਕਰਕੇ ਕਸੂਰ ਵਿਖੇ ਬਾਬਾ ਬੁਲ੍ਹੇ ਸ਼ਾਹ ਤੇ ਲਾਹੌਰ ਵਿੱਚ ਸਾਈਂ ਮੀਆਂ ਮੀਰ ਜੀ ਦੇ ਦਰਬਾਰਾਂ ਦੇ ਦਰਸ਼ਨ-ਮੇਲੇ, 1905 ‘ਚ ਬਣਿਆ ਅਜੋਕਾ ਮਾਡਰਨ ਸ਼ਹਿਰ ਲਾਇਲਪੁਰ (ਹੁਣ, ਫ਼ੈਸਲਾਬਾਦ) ਅਤੇ ਗੁਰਦੁਆਰਾ ਪੰਜਾ ਸਾਹਿਬ ਦੀ ਯਾਤਰਾ ਸਮੇਂ ਰਾਵਲਪਿੰਡੀ, ਇਸਲਾਮਾਬਾਦ ਤੇ ਪੁਰਾਤਨ ਸ਼ਹਿਰਾਂ ਤਕਸ਼ਸ਼ਿਲਾ, ਸਿਰਕਪ ਅਤੇ 3000 ਸਾਲ ਪੁਰਾਣੀ ਟੈਕਸਲਾ ਯੂਨੀਵਰਸਿਟੀ ਦੇ ਖੰਡਰ ਵੇਖਣੇ, ਆਪਣੇ ਪੁਰਖ਼ਿਆਂ ਦੇ ਪਿੰਡ ਚੱਕ ਨੰਬਰ 202 ਗੱਟੀ ਤਲਾਵਾਂ ਤੋਂ ਇਲਾਵਾ ਲਹਿੰਦੇ ਪੰਜਾਬ ਦੇ ਦੋ ਹੋਰ ਪਿੰਡਾਂ ਬਸਤੀ ਦਾਨਿਸ਼ਮੰਦਾਂ ਤੇ ਭਡਿਆਰ ਜਾਣਾ ਤੇ ਉੱਥੇ ਪ੍ਰੌੜ੍ਹ-ਕਵੀ ਏਹਸਾਨ ਬਾਜਵਾ ਨਾਲ ਅਦਬੀ ਮੁਲਾਕਾਤ ਕਰਨਾ, ਆਦਿ ਸ਼ਾਮਲ ਹੈ। ਗੁਰੂ ਨਾਨਕ ਦੇਵ ਜੀ ਦੇ ਜੀਵਨ ਦੇ ਪਿਛਲੇ ਪੜਾਅ ‘ਚ 18 ਸਾਲਾਂ ਦੀ ਰਿਹਾਇਸ਼-ਗਾਹ ਵਾਲੇ ਗੁਰਧਾਮ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨ ਸੰਧੂ ਦੰਪਤੀ ਨੇ ਭਾਰਤ ਵਾਲੇ ਪਾਸਿਉਂ ਡੇਰਾ ਬਾਬਾ ਨਾਨਕ ਵਾਲਾ ਲਾਂਘਾ ਲੰਘ ਕੇ ਦੋ ਵਾਰ ਕੀਤੇ ਅਤੇ ਅਸੀਂ ਲਾਹੌਰ ਵੱਲੋਂ ਆ ਕੇ ਨਾਰੋਵਾਲ ਸ਼ਹਿਰ ਪਾਰ ਕਰਕੇ ਇੱਕ ਵਾਰ ਹੀ ਕੀਤੇ।

ਖ਼ੈਰ, ਇਹ ਸਮਾਨਤਾ ਤੇ ਵੱਖਰਤਾ ਮਾਮੂਲੀ ਗੱਲਾਂ ਹਨ ਅਤੇ ਮੈਂ ਐਵੇਂ ਈ ਇਸ ਚੱਕਰ ‘ਚ ਪੈ ਗਿਆ। ਗੱਲ ਤਾਂ ਇੱਥੇ ਪਾਕਿਸਤਾਨੀ ਸਫ਼ਰਨਾਮੇ ‘ਮੇਰੇ ਪਿਤਾ ਦੀ ਕੁਰਸੀ’ ਦੀ ਚੱਲ ਰਹੀ ਹੈ। ਇਸ ਸਫ਼ਰਨਾਮੇ ਵਿੱਚ ਲੇਖਿਕਾ ਦੀ ਸੁਹਿਰਦਤਾ ਅਤੇ ਭਾਵੁਕਤਾ ਭਰਪੂਰ ਅਹਿਸਾਸ ਸਾਫ਼ ਦਿਖਾਈ ਦਿੰਦਾ ਹੈ। ਨਨਕਾਣਾ ਸਾਹਿਬ ਦੇ ਗੁਰਦੁਆਰਾ ਜਨਮ-ਅਸਥਾਨ ਅਤੇ ਇੱਥੋਂ ਦੇ ਹੋਰ ਗਰਦੁਆਰਿਆਂ ਦੀ ਗੱਲ ਕਰਦੀ ਹੋਈ ਉਹ ਮਹਿਸੂਸ ਕਰਦੀ ਹੈ ਕਿ ਭਾਈ ਮਰਦਾਨਾ ਜੀ ਇਸ ਸ਼ਹਿਰ ਨਨਕਾਣਾ ਸਾਹਿਬ ਵਿਖੇ ਗੁਰੂ ਜੀ ਨਾਲ ਕਈ ਸਾਲ ਇਕੱਠੇ ਵਿਚਰਦੇ ਰਹੇ ਅਤੇ ਫਿਰ ਵੱਖ-ਵੱਖ ਥਾਵਾਂ ਦੀਆਂ ਕੀਤੀਆਂ ਚੌਹਾਂ ਉਦਾਸੀਆਂ ਵਿੱਚ ਉਨ੍ਹਾਂ ਦੇ ਅੰਗ-ਸੰਗ ਰਹੇ, ਪਰ ਉਨ੍ਹਾਂ ਦੇ ਜਿਗਰੀ ਯਾਰ ਦੀ ਇੱਥੇ ਇੱਕ ਵੀ ਯਾਦਗਾਰ ਮੌਜੂਦ ਨਹੀਂ ਹੈ। ਕੀ ਇਹ ਸਾਡੀ ਨਾ-ਸਮਝੀ ਨਹੀਂ? (ਪੰਨਾ-53)

‘ਪੰਜ-ਆਬ ਪ੍ਰਕਾਸ਼ਨ ਜਲੰਧਰ’ ਵੱਲੋਂ 128 ਪੰਨਿਆਂ ਦੀ ਇਹ ਪੁਸਤਕ ਬੜੀ ਖ਼ੂਬਸੂਰਤ ਦਿੱਖ ਵਿੱਚ ਛਾਪੀ ਗਈ ਹੈ। ਪੁਸਤਕ ਦੇ ਸਰਵਰਕ ਉੱਪਰ ਲਾਹੌਰ ਦੇ ਥਾਣੇ ਕਿਲ੍ਹਾ ਗੁੱਜਰ ਸਿੰਘ ਦੀ ਅਤੀ-ਆਧੁਨਿਕ ਇਮਾਰਤ ‘ਚ ਸੁਸ਼ੋਭਿਤ ਐੱਸ.ਐੱਚ.ਓ. ਦੀ ਕੁਰਸੀ ‘ਤੇ ਬਿਰਾਜਮਾਨ ਲੇਖਿਕਾ ਦੀ ਅਤੇ ਕਿਤਾਬ ਦੇ ਟੈੱਕਸਟ ਦੇ ਆਰੰਭ ਤੋਂ ਪਹਿਲਾਂ ਉਨ੍ਹਾਂ ਦੇ ਪਿਤਾ ਜੀ ਸ. ਬੰਤਾ ਸਿੰਘ ਦੀ ਤਸਵੀਰ ਅਤੇ ਨਾਲ ਹੀ ਅੱਠ ਰੰਗਦਾਰ ਪੰਨਿਆਂ ‘ਤੇ ਇਸ ਸਫ਼ਰਨਾਮੇ ਨਾਲ ਸਬੰਧਿਤ ਹੋਰ ਕਈ ਤਸਵੀਰਾਂ ਦੇ ਕੇ ਕਿਤਾਬ ਦੀ ਖ਼ੂਬਸੂਰਤੀ ਵਿੱਚ ਢੇਰ ਵਾਧਾ ਕੀਤਾ ਗਿਆ ਹੈ। ਭੈਣ ਜੀ ਰਜਵੰਤ ਕੌਰ ਸੰਧੂ ਨੂੰ ਪਾਕਿਸਤਾਨ ਦੀ ਯਾਤਰਾ ਦੀ ਇਹ ਪਲੇਠੀ ਪੁਸਤਕ ਲਿਆਉਣ ‘ਤੇ ਮੈਂ ਉਨ੍ਹਾਂ ਨੂੰ ਹਾਰਦਿਕ ਮੁਬਾਰਕਬਾਦ ਦਿੰਦਾ ਹਾਂ ਅਤੇ ਆਸ ਕਰਦਾ ਹਾਂ ਕਿ ਉਹ ਅੱਗੋਂ ਵੀ ਏਸੇ ਤਰ੍ਹਾਂ ਆਪਣੀ ਕਲਮ ਦਾ ਸਫ਼ਰ ਜਾਰੀ ਰੱਖਦਿਆਂ ਹੋਇਆਂ ਹੋਰ ਪੁਸਤਕਾਂ ਪੰਜਾਬੀ ਪਾਠਕਾਂ ਦੀ ਝੋਲ਼ੀ ‘ਚ ਪਾਉਣਗੇ।



ਡਾ. ਸੁਖਦੇਵ ਸਿੰਘ ਝੰਡ, +1 647-567-9128

# ਮੋਟਾਪਾ ਘਟਾਉਣ ਦੇ ਚੱਕਰ 'ਚ ਉੱਡ ਸਕਦੇ ਨੇ ਸਿਰ ਦੇ ਵਾਲ



ਵਜ਼ਨ ਘਟਾਉਣ ਵਾਲੀਆਂ ਦਵਾਈਆਂ ਦਾ ਸਬੰਧ ਪੁਰਸ਼ਾਂ ਵਿਚ ਗੰਜੇਪਣ ਦੇ ਵਧੇਰੇ ਜੋਖ਼ਮ ਨਾਲ ਹੋ ਸਕਦਾ ਹੈ। ਜਿਨ੍ਹਾਂ ਪੁਰਸ਼ਾਂ ਵਿਚ ਪਹਿਲਾਂ ਹੀ ਇਸ ਸਥਿਤੀ ਲਈ ਪਿਤਾ-ਪੁਰਖੀ ਝੁਕਾਅ ਹੁੰਦਾ ਹੈ, ਉਨ੍ਹਾਂ ਵਿਚ ਇਹ ਖ਼ਤਰਾ ਸੱਤ ਫ਼ੀਸਦ ਵਧ ਜਾਂਦਾ ਹੈ। ਨਿਊਯਾਰਕ ਯੂਨੀਵਰਸਿਟੀ ਦੇ ਲੈਂਗੋਨ ਹੈਲਥ ਦੇ ਖੋਜਕਰਤਿਆਂ ਦਾ ਇਹ ਅਧਿਐਨ ‘ਜਰਨਲ ਆਫ ਇਨਵੈਸਟੀਗੇਟਿਵ ਡਰਮੈਟੋਲੋਜੀ’ ਵਿਚ ਹਾਲ ਹੀ ਵਿਚ ਆਨਲਾਈਨ ਪ੍ਰਕਾਸ਼ਿਤ ਹੋਇਆ ਹੈ।

ਇਸ ਅਧਿਐਨ ਵਿਚ ਪੈਨਸਿਲਵੇਨੀਆ ਯੂਨੀਵਰਸਿਟੀ, ਕਿੰਗਜ਼ ਕਾਲਜ ਲੰਡਨ ਅਤੇ ਕੋਲੰਬੀਆ ਯੂਨੀਵਰਸਿਟੀ ਦੇ ਖੋਜਕਰਤਿਆਂ ਨੇ ਵੀ ਹਿੱਸਾ ਲਿਆ। ਉਨ੍ਹਾਂ ਨੇ ਦੇਖਿਆ ਕਿ ਓਜ਼ੈਂਪਿਕ, ਵੇਗੋਵੀ ਅਤੇ ਜੇਪਬਾਊਂਡ ਵਰਗੀਆਂ ਵਜ਼ਨ ਘਟਾਉਣ ਵਾਲੀਆਂ ਦਵਾਈਆਂ ਨਾਲ ਵਾਲਾਂ ਦੇ ਝੜਨ ਦਾ ਖ਼ਤਰਾ ਵਧਦਾ ਹੈ ਅਤੇ ਜਦੋਂ ਇਸ ਵਿਚ ਪਿਤਾ-ਪੁਰਖੀ ਕਾਰਕ ਸ਼ਾਮਲ ਹੁੰਦੇ ਹਨ ਤਾਂ ਇਹ ਜੋਖ਼ਮ ਹੋਰ ਵੀ ਵਧ ਜਾਂਦਾ ਹੈ। ਪੀਅਰ-ਰੀਵਿਊਡ ਸਟੱਡੀ ਪਹਿਲਾ ਅਜਿਹਾ ਅਧਿਐਨ ਹੈ ਜਿਸ ਨੇ ਜੀਐੱਲਪੀ-1 ਸਰਗਰਮੀ ਅਤੇ ‘ਐਂਡ੍ਰੋਜੈਨੇਟਿਕ ਐਲੋਪੀਸੀਆ’ ਦੇ ਵਧਦੇ ਜੋਖ਼ਮ ਵਿਚਕਾਰ ਜੈਨੇਟਿਕ ਸਬੰਧ ਦੀ ਪਛਾਣ ਕੀਤੀ ਹੈ।

ਖੋਜਕਰਤਿਆਂ ਨੇ ਜੀਐੱਲਪੀ-1 ਆਰ ਜੀਨ ਦਾ ਅਧਿਐਨ ਕੀਤਾ ਜੋ ਸੁਭਾਵਕ ਤੌਰ ''ਤੇ ਸਰੀਰ ਵਿਚ ਜੀਐੱਲਪੀ-1 ਰਿਸੈਪਟਰ ਪ੍ਰੋਟੀਨ ਦੇ ਪੱਧਰ ਨੂੰ ਪ੍ਰਭਾਵਿਤ ਕਰਦਾ ਹੈ ਅਤੇ ਇਸ ਦੀ ਸਰਗਰਮੀ ਦੀ ਤੁਲਨਾ ਪੁਰਸ਼ਾਂ ਵਿਚ ਐਂਡ੍ਰੋਜੈਨੇਟਿਕ ਐਲੋਪੀਸੀਆ ਨਾਲ ਸਬੰਧਤ ਪਿਤਾ-ਪੁਰਖੀ ਮਾਰਕਰਾਂ ਨਾਲ ਕੀਤੀ। ਉਨ੍ਹਾਂ ਨੇ ਦੇਖਿਆ ਕਿ ਜੀਐੱਲਪੀ-1 ਆਰ ਜੀਨ, ਜੋ ਸੁਭਾਵਕ ਤੌਰ ’ਤੇ ਜੀਐੱਲਪੀ-1 ਰਿਸੈਪਟਰ ਪ੍ਰੋਟੀਨ ਦੇ ਉੱਚ ਪੱਧਰ ਨਾਲ ਜੁੜੇ ਹੋਏ ਸਨ, ਉਹ ਪੁਰਸ਼ਾਂ ਵਿਚ ਐਂਡ੍ਰੋਜੈਨੇਟਿਕ ਐਲੋਪੀਸੀਆ ਦੇ ਮਾਮਲਿਆਂ ਵਿਚ ਵੱਧ ਪਾਏ ਗਏ। ਉੱਚ ਬਲੱਡ ਪ੍ਰੈਸ਼ਰ ਨੂੰ ਧਿਆਨ ਵਿਚ ਰੱਖਦੇ ਹੋਏ, ਜੋ ਖੋਪੜੀ ਵਿਚ ਖ਼ੂਨ ਦੇ ਵਹਾਅ ਨੂੰ ਘਟਾਉਣ ਤੇ ਵਾਲਾਂ ਦੇ ਵਾਧੂ ਵਿਕਾਸ ਨੂੰ ਪ੍ਰਭਾਵਿਤ ਕਰਨ ਲਈ ਜਾਣਿਆ ਜਾਂਦਾ ਹੈ, ਵਾਧੂ ਖ਼ਤਰਾ ਸੱਤ ਫ਼ੀਸਦ ਬਣਿਆ ਰਹਿੰਦਾ ਹੈ।

ਖੋਜਕਰਤਿਆਂ ਨੇ ਵਾਲਾਂ ਦੇ ਝੜਨ ਨਾਲ ਸਬੰਧਤ ਹੋਰ ਸੰਭਾਵੀ ਕਾਰਕਾਂ ਦਾ ਵੀ ਮੁਲਾਂਕਣ ਕੀਤਾ ਜਿਸ ਵਿਚ ਇੰਸੂਲਿਨ ਵਿਰੋਧ ਅਤੇ ਘੱਟ ਟੈਸਟੋਸਟੇਰੋਨ ਪੱਧਰ ਸ਼ਾਮਲ ਹਨ। ਜੀਐੱਲਪੀ-1 ਸਰਗਰਮੀ ਨਾਲ ਸਬੰਧਤ ਸੱਤ ਫ਼ੀਸਦ ਵਧੇ ਹੋਏ ਜੋਖ਼ਮ ਨੂੰ ਇਨ੍ਹਾਂ ਕਾਰਕਾਂ ’ਤੇ ਵਿਚਾਰ ਕਰਨ ਤੋਂ ਬਾਅਦ ਵੀ ਬਰਕਰਾਰ ਰੱਖਿਆ ਗਿਆ। ਜੀਐੱਲਪੀ-1 ਦਵਾਈਆਂ ਬਲੱਡ ਸ਼ੂਗਰ ਨੂੰ ਕੰਟਰੋਲ ਕਰਨ ਅਤੇ ਭੁੱਖ ਨੂੰ ਦਬਾਉਣ ਲਈ ਵਰਤੀਆਂ ਜਾਂਦੀਆਂ ਹਨ ਅਤੇ ਕਈ ਇਸਤੇਮਾਲਕਾਰਾਂ ਨੇ ਇਸ ਨੂੰ ਇਕ ਸਾਈਡ ਇਫੈਕਟ ਵਜੋਂ ਵਾਲਾਂ ਦੇ ਪਤਲੇ ਹੋਣ ਦੀ ਸੂਚਨਾ ਦਿੱਤੀ ਹੈ।

ਹਾਲਾਂਕਿ, ਹੁਣ ਤੱਕ ਜੀਐੱਲਪੀ-1 ਦੀ ਵਰਤੋਂ ਅਤੇ ਵਾਲਾਂ ਦੇ ਝੜਨ ਵਿਚਕਾਰ ਪਿਤਾ-ਪੁਰਖੀ ਸਬੰਧ ਸਿਰਫ਼ ਖ਼ਦਸ਼ਾ ਵਿਚ ਸੀ। ਇਹ ਅਧਿਐਨ ਜੀਐੱਲਪੀ-1 ਦੀ ਵਰਤੋਂ ਅਤੇ ਐਂਡ੍ਰੋਜੈਨੇਟਿਕ ਐਲੋਪੀਸੀਆ ਨਾਲ ਸਬੰਧਤ ਪੁਰਸ਼ ਪੈਟਰਨ ਵਾਲਾਂ ਦੇ ਝੜਨ ਵਿਚਲਾ ਪਹਿਲਾ ਅਨੁਵੰਸ਼ਿਕ ਸਬੰਧ ਪ੍ਰਦਾਨ ਕਰਦਾ ਹੈ।












# ਰਾਸ਼ੀਫਲ



**ਮੇਸ਼ –** ਬੁੱਧਵਾਰ, 9 ਸਤੰਬਰ ਨੂੰ, ਕਰਕ ਰਾਸ਼ੀ ਦਾ ਚੰਦਰਮਾ ਤੁਹਾਡੇ ਚੌਥੇ ਘਰ ਵਿੱਚ ਹੋਵੇਗਾ। ਪਰਿਵਾਰਕ ਮੈਂਬਰਾਂ ਨਾਲ ਬਹਿਸ ਤੁਹਾਡੇ ਮਨ ਨੂੰ ਚਿੰਤਾ ਨਾਲ ਭਰ ਦੇਵੇਗੀ। ਛਾਤੀ ਵਿੱਚ ਦਰਦ ਜਾਂ ਹੋਰ ਸਰੀਰਕ ਬੇਅਰਾਮੀ ਤੁਹਾਨੂੰ ਕਮਜ਼ੋਰ ਮਹਿਸੂਸ ਕਰਵਾਏਗੀ। ਬੇਲੋੜੇ ਵਿੱਤੀ ਖਰਚਿਆਂ ਤੋਂ ਬਚੋ। ਅੱਜ ਕਾਰੋਬਾਰ ਅਤੇ ਕੰਮ ਵਿੱਚ ਸਾਵਧਾਨ ਰਹੋ। ਤੁਸੀਂ ਕੰਮ 'ਤੇ ਆਪਣਾ ਕੰਮ ਸਮੇਂ ਸਿਰ ਪੂਰਾ ਨਹੀਂ ਕਰ ਸਕੋਗੇ। ਜੇਕਰ ਤੁਹਾਡੇ ਕੋਲ ਕੋਈ ਯਾਤਰਾ ਯੋਜਨਾ ਹੈ, ਤਾਂ ਅੱਜ ਉਨ੍ਹਾਂ ਨੂੰ ਮੁਲਤਵੀ ਕਰਨਾ ਸਭ ਤੋਂ ਵਧੀਆ ਹੋਵੇਗਾ। ਵਿਵਾਦਪੂਰਨ ਚਰਚਾਵਾਂ ਤੋਂ ਬਚੋ। ਅੱਜ ਆਪਣੇ ਜੀਵਨ ਸਾਥੀ ਨਾਲ ਮਤਭੇਦ ਹੋਣ ਦੀ ਸੰਭਾਵਨਾ ਹੈ। ਸਿਹਤ ਦੇ ਨਜ਼ਰੀਏ ਤੋਂ, ਅੱਜ ਦਾ ਦਿਨ ਦਰਮਿਆਨੀ ਫਲਦਾਇਕ ਹੈ।

**ਟੌਰਸ–** ਬੁੱਧਵਾਰ, 9 ਸਤੰਬਰ, 2026 ਨੂੰ, ਕਰਕ ਰਾਸ਼ੀ ਦਾ ਚੰਦਰਮਾ ਤੁਹਾਡੇ ਤੀਜੇ ਘਰ ਵਿੱਚ ਹੋਵੇਗਾ। ਤੁਹਾਨੂੰ ਆਪਣੇ ਹਰ ਕੰਮ ਵਿੱਚ ਸਫਲਤਾ ਮਿਲੇਗੀ। ਕੰਮ 'ਤੇ ਆਪਣੇ ਟੀਚਿਆਂ ਨੂੰ ਪੂਰਾ ਕਰਨ ਨਾਲ ਤੁਹਾਨੂੰ ਆਪਣੇ ਉੱਚ ਅਧਿਕਾਰੀਆਂ ਤੋਂ ਪ੍ਰਸ਼ੰਸਾ ਮਿਲੇਗੀ। ਤੁਸੀਂ ਆਪਣੇ ਵਿਰੋਧੀਆਂ ਨੂੰ ਹਰਾਉਣ ਦੇ ਯੋਗ ਹੋਵੋਗੇ। ਤੁਹਾਨੂੰ ਸਮਾਜਿਕ ਸਨਮਾਨ ਮਿਲੇਗਾ। ਦੁਪਹਿਰ ਨੂੰ ਝਗੜਾਲੂ ਮਾਹੌਲ ਰਹੇਗਾ। ਤੁਹਾਡੀ ਊਰਜਾ ਘੱਟ ਜਾਵੇਗੀ। ਇਸ ਸਮੇਂ ਦੌਰਾਨ, ਪਰਿਵਾਰ ਦੇ ਮੈਂਬਰਾਂ ਨਾਲ ਵੀ ਬਹਿਸ ਤੋਂ ਬਚੋ। ਆਲਸ ਪ੍ਰਬਲ ਰਹੇਗਾ। ਵਿਵਾਦਾਂ ਕਾਰਨ ਬਦਨਾਮੀ ਹੋ ਸਕਦੀ ਹੈ, ਇਸ ਲਈ ਸਾਵਧਾਨ ਰਹੋ। ਜ਼ਿਆਦਾਤਰ ਸਮਾਂ ਚੁੱਪ ਰਹੋ। ਸਿਹਤ ਦਰਮਿਆਨੀ ਰਹੇਗੀ।

**ਮਿਥੁਨ–** ਬੁੱਧਵਾਰ, 9 ਸਤੰਬਰ, 2026 ਨੂੰ, ਕਰਕ ਰਾਸ਼ੀ ਦਾ ਚੰਦਰਮਾ ਤੁਹਾਡੇ ਦੂਜੇ ਘਰ ਵਿੱਚ ਹੋਵੇਗਾ। ਅੱਜ ਕਿਸੇ ਵੀ ਚੀਜ਼ ਬਾਰੇ ਨਕਾਰਾਤਮਕ ਵਿਚਾਰਾਂ ਤੋਂ ਬਚੋ। ਤੁਸੀਂ ਅਸੰਤੁਸ਼ਟ ਮਹਿਸੂਸ ਕਰ ਸਕਦੇ ਹੋ। ਪਰਿਵਾਰਕ ਵਿਵਾਦ ਹੋ ਸਕਦਾ ਹੈ। ਤੁਸੀਂ ਸਰੀਰਕ ਤੌਰ 'ਤੇ ਬਿਮਾਰ ਹੋਵੋਗੇ। ਵਿਦਿਆਰਥੀਆਂ ਦਾ ਪੜ੍ਹਾਈ ਵਿੱਚ ਮਨ ਨਹੀਂ ਲੱਗੇਗਾ। ਤੁਸੀਂ ਦੁਪਹਿਰ ਨੂੰ ਖੁਸ਼ ਮਹਿਸੂਸ ਕਰੋਗੇ। ਹਾਲਾਂਕਿ, ਅੱਜ ਕੋਈ ਵੀ ਨਵਾਂ ਕੰਮ ਸ਼ੁਰੂ ਕਰਨ ਤੋਂ ਬਚੋ। ਤੁਸੀਂ ਆਪਣੇ ਵਿਰੋਧੀਆਂ 'ਤੇ ਜਿੱਤ ਪ੍ਰਾਪਤ ਕਰੋਗੇ। ਦੋਸਤਾਂ ਨੂੰ ਮਿਲਣ ਨਾਲ ਤੁਹਾਡੇ ਮਨ ਵਿੱਚ ਖੁਸ਼ੀ ਆਵੇਗੀ। ਅੱਜ ਇੱਕ ਆਨੰਦਦਾਇਕ ਯਾਤਰਾ ਦੀ ਵੀ ਸੰਭਾਵਨਾ ਹੈ।

**ਕਰਕ–** ਬੁੱਧਵਾਰ, 9 ਸਤੰਬਰ, 2026 ਨੂੰ, ਕਰਕ ਰਾਸ਼ੀ ਦਾ ਚੰਦਰਮਾ ਤੁਹਾਡੇ ਪਹਿਲੇ ਘਰ ਵਿੱਚ ਹੋਵੇਗਾ। ਅੱਜ ਆਪਣੀਆਂ ਭਾਵਨਾਵਾਂ ਵਿੱਚ ਡੁੱਬਣ ਤੋਂ ਬਚੋ। ਇੱਕ ਛੋਟੀ ਯਾਤਰਾ ਦੀ ਸੰਭਾਵਨਾ ਹੈ। ਤੁਹਾਡੀ ਸਿਹਤ ਚੰਗੀ ਰਹੇਗੀ ਅਤੇ ਤੁਹਾਡਾ ਮਨ ਖੁਸ਼ ਰਹੇਗਾ। ਕੰਮ ਦੀ ਘਾਟ ਕਾਰਨ ਦੁਪਹਿਰ ਤੋਂ ਬਾਅਦ ਤੁਸੀਂ ਚਿੜਚਿੜਾ ਮਹਿਸੂਸ ਕਰ ਸਕਦੇ ਹੋ। ਅੱਜ ਕਿਸੇ ਵੀ ਗਲਤ ਕੰਮ ਵਿੱਚ ਸ਼ਾਮਲ ਹੋਣ ਤੋਂ ਬਚੋ। ਪੈਸੇ ਦਾ ਖਰਚ ਜ਼ਿਆਦਾ ਹੋਵੇਗਾ। ਆਪਣੇ ਮਾਪਿਆਂ ਨਾਲ ਬਹਿਸ ਤੋਂ ਬਚੋ। ਤੁਸੀਂ ਆਪਣੇ ਪਰਿਵਾਰਕ ਮੈਂਬਰਾਂ ਨੂੰ ਕਾਫ਼ੀ ਸਮਾਂ ਨਹੀਂ ਦੇ ਸਕੋਗੇ।

**ਸਿੰਘ–** ਬੁੱਧਵਾਰ, 9 ਸਤੰਬਰ, 2026 ਨੂੰ, ਕਰਕ ਰਾਸ਼ੀ ਦਾ ਚੰਦਰਮਾ ਤੁਹਾਡੇ ਬਾਰ੍ਹਵੇਂ ਘਰ ਵਿੱਚ ਹੋਵੇਗਾ। ਅੱਜ ਤੁਸੀਂ ਫੈਸਲੇ ਲੈਣ ਦੀ ਸਥਿਤੀ ਵਿੱਚ ਨਹੀਂ ਹੋਵੋਗੇ। ਪਰਿਵਾਰਕ ਮਾਮਲਿਆਂ ਵਿੱਚ ਪੈਸਾ ਖਰਚ ਹੋਵੇਗਾ। ਆਪਣੀ ਬੋਲੀ ਵਿੱਚ ਸੰਜਮ ਰੱਖੋ। ਤੁਹਾਨੂੰ ਆਪਣੀ ਨੌਕਰੀ ਜਾਂ ਕਾਰੋਬਾਰ ਵਿੱਚ ਮੁੱਦਿਆਂ ਨੂੰ ਹੱਲ ਕਰਨ ਲਈ ਬਜ਼ੁਰਗਾਂ ਦੀ ਮਦਦ ਦੀ ਲੋੜ ਹੋ ਸਕਦੀ ਹੈ। ਰਿਸ਼ਤੇਦਾਰਾਂ ਨਾਲ ਮਤਭੇਦ ਪੈਦਾ ਹੋ ਸਕਦੇ ਹਨ। ਦੁਪਹਿਰ ਨੂੰ ਦੋਸਤਾਂ ਨਾਲ ਮੁਲਾਕਾਤ ਖੁਸ਼ੀ ਲਿਆਵੇਗੀ। ਤੁਹਾਨੂੰ ਕੰਮ 'ਤੇ ਇੱਕ ਨਵਾਂ ਟੀਚਾ ਵੀ ਮਿਲ ਸਕਦਾ ਹੈ। ਅੱਜ ਕਾਰੋਬਾਰ ਅਤੇ ਵਪਾਰ ਲਈ ਇੱਕ ਆਮ ਦਿਨ ਰਹੇਗਾ।

**ਕੰਨਿਆ –** ਬੁੱਧਵਾਰ, 9 ਸਤੰਬਰ, 2026 ਨੂੰ, ਕਰਕ ਰਾਸ਼ੀ ਦਾ ਚੰਦਰਮਾ ਤੁਹਾਡੇ ਗਿਆਰ੍ਹਵੇਂ ਘਰ ਵਿੱਚ ਹੋਵੇਗਾ। ਅੱਜ ਤੁਹਾਨੂੰ ਵੱਖ-ਵੱਖ ਖੇਤਰਾਂ ਤੋਂ ਲਾਭ ਹੋਣ ਦੀ ਸੰਭਾਵਨਾ ਹੈ। ਕਾਰੋਬਾਰ ਲਾਭਦਾਇਕ ਰਹੇਗਾ। ਤੁਹਾਨੂੰ ਸਹਿਕਰਮੀਆਂ ਤੋਂ ਪੂਰਾ ਸਮਰਥਨ ਮਿਲੇਗਾ। ਤੁਸੀਂ ਦੋਸਤਾਂ 'ਤੇ ਪੈਸਾ ਖਰਚ ਕਰ ਸਕਦੇ ਹੋ। ਯਾਤਰਾ ਜਾਂ ਸੈਰ-ਸਪਾਟਾ ਸੰਭਵ ਹੈ। ਦੁਪਹਿਰ ਨੂੰ ਤੁਹਾਡਾ ਮਨ ਉਲਝਣ ਵਿੱਚ ਰਹੇਗਾ। ਇਸ ਸਮੇਂ ਦੌਰਾਨ ਤੁਹਾਡਾ ਕੰਮ ਹੌਲੀ ਹੋ ਜਾਵੇਗਾ। ਰਿਸ਼ਤੇਦਾਰਾਂ ਨਾਲ ਮਤਭੇਦ ਵੀ ਪੈਦਾ ਹੋ ਸਕਦਾ ਹੈ। ਗੁੱਸੇ ਵਿੱਚ ਕਿਸੇ ਨਾਲ ਬਹਿਸ ਹੋਣ ਦੀ ਸੰਭਾਵਨਾ ਹੈ। ਤੁਹਾਡੀ ਸਿਹਤ ਵਿੱਚ ਉਤਰਾਅ-ਚੜ੍ਹਾਅ ਆਵੇਗਾ।

**ਤੁਲਾ –** ਬੁੱਧਵਾਰ, 9 ਸਤੰਬਰ, 2026 ਨੂੰ, ਕਰਕ ਰਾਸ਼ੀ ਦਾ ਚੰਦਰਮਾ ਤੁਹਾਡੇ ਦਸਵੇਂ ਘਰ ਵਿੱਚ ਹੋਵੇਗਾ। ਅੱਜ ਪਰਿਵਾਰਕ ਮਾਹੌਲ ਚੰਗਾ ਰਹੇਗਾ। ਪਰਿਵਾਰਕ ਮੈਂਬਰਾਂ ਨਾਲ ਚੰਗਾ ਵਿਵਹਾਰ ਕਰਨ ਨਾਲ ਤੁਹਾਡੇ ਰਿਸ਼ਤੇ ਮਜ਼ਬੂਤ ਹੋਣਗੇ। ਆਪਣੇ ਘਰ ਦੀ ਸਜਾਵਟ ਵਿੱਚ ਬਦਲਾਅ ਕਰਨ ਨਾਲ ਤੁਹਾਡੇ ਜੀਵਨ ਵਿੱਚ ਤਾਜ਼ਗੀ ਦੀ ਭਾਵਨਾ ਆਵੇਗੀ। ਤੁਹਾਨੂੰ ਕਿਸੇ ਕਾਰੋਬਾਰੀ ਸਾਥੀ ਤੋਂ ਵਿੱਤੀ ਤੌਰ 'ਤੇ ਲਾਭ ਹੋਵੇਗਾ। ਤੁਸੀਂ ਆਪਣੇ ਨਿਵੇਸ਼ਾਂ ਦੀ ਸਮਝਦਾਰੀ ਨਾਲ ਯੋਜਨਾ ਬਣਾਉਣ ਦੇ ਯੋਗ ਹੋਵੋਗੇ। ਤੁਹਾਡੀ ਸਿਹਤ ਵੀ ਚੰਗੀ ਰਹੇਗੀ। ਤੁਸੀਂ ਮਾਨਸਿਕ ਸ਼ਾਂਤੀ ਦਾ ਅਨੁਭਵ ਕਰੋਗੇ। ਤੁਹਾਨੂੰ ਆਪਣੇ ਬੱਚਿਆਂ ਤੋਂ ਖੁਸ਼ੀ ਮਿਲੇਗੀ।

**ਸਕਾਰਪੀਓ–** ਬੁੱਧਵਾਰ, 9 ਸਤੰਬਰ, 2026 ਨੂੰ, ਕਰਕ ਰਾਸ਼ੀ ਦਾ ਚੰਦਰਮਾ ਤੁਹਾਡੇ ਨੌਵੇਂ ਘਰ ਵਿੱਚ ਹੋਵੇਗਾ। ਅੱਜ ਤੁਹਾਡੇ ਲਈ ਵਧੀ ਹੋਈ ਕਿਸਮਤ ਦਾ ਦਿਨ ਹੈ। ਤੁਹਾਨੂੰ ਵਿਦੇਸ਼ਾਂ ਤੋਂ ਆਪਣੇ ਪਿਆਰਿਆਂ ਤੋਂ ਖੁਸ਼ਖਬਰੀ ਮਿਲੇਗੀ। ਤੁਹਾਡੀ ਸਰੀਰਕ ਅਤੇ ਮਾਨਸਿਕ ਸਿਹਤ ਚੰਗੀ ਰਹੇਗੀ। ਧਾਰਮਿਕ ਯਾਤਰਾ ਦੀ ਸੰਭਾਵਨਾ ਹੈ। ਵਿੱਤੀ ਲਾਭ ਵੀ ਸੰਭਵ ਹੈ। ਕਾਰੋਬਾਰ ਵਿੱਚ ਤਰੱਕੀ ਦੀ ਸੰਭਾਵਨਾ ਹੈ। ਤੁਹਾਡੇ ਸਾਰੇ ਕੰਮ ਸਫਲ ਅਤੇ ਪੂਰੇ ਹੋਣਗੇ। ਤੁਹਾਨੂੰ ਅੱਜ ਆਪਣੀ ਮਾਂ ਤੋਂ ਵਿਸ਼ੇਸ਼ ਆਸ਼ੀਰਵਾਦ ਮਿਲ ਸਕਦਾ ਹੈ। ਤੁਹਾਨੂੰ ਸਤਿਕਾਰ ਅਤੇ ਸਨਮਾਨ ਮਿਲੇਗਾ। ਤੁਹਾਡਾ ਪਰਿਵਾਰਕ ਜੀਵਨ ਖੁਸ਼ਹਾਲ ਰਹੇਗਾ।

**ਧਨੁ–** ਬੁੱਧਵਾਰ, 9 ਸਤੰਬਰ, 2026 ਨੂੰ, ਕਰਕ ਰਾਸ਼ੀ ਦਾ ਚੰਦਰਮਾ ਤੁਹਾਡੇ ਅੱਠਵੇਂ ਘਰ ਵਿੱਚ ਹੋਵੇਗਾ। ਅੱਜ ਸਵੇਰੇ ਤੁਹਾਡੀ ਸਿਹਤ ਵਿੱਚ ਉਤਰਾਅ-ਚੜ੍ਹਾਅ ਆ ਸਕਦਾ ਹੈ। ਨਕਾਰਾਤਮਕ ਵਿਚਾਰ ਤੁਹਾਨੂੰ ਪਰੇਸ਼ਾਨ ਕਰ ਸਕਦੇ ਹਨ। ਸੰਜਮ ਰੱਖਣਾ ਜ਼ਰੂਰੀ ਹੈ। ਤੁਹਾਨੂੰ ਵਿੱਤੀ ਰੁਕਾਵਟਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਦੁਪਹਿਰ ਨੂੰ ਤੁਹਾਡੀ ਸਿਹਤ ਵਿੱਚ ਸੁਧਾਰ ਹੋਵੇਗਾ। ਅਚਾਨਕ ਵਿੱਤੀ ਲਾਭ ਹੋਣ ਦੀ ਸੰਭਾਵਨਾ ਹੈ। ਕਾਰੋਬਾਰ ਲਾਭਦਾਇਕ ਰਹੇਗਾ। ਤੁਸੀਂ ਦੋਸਤਾਂ ਅਤੇ ਅਜ਼ੀਜ਼ਾਂ ਨਾਲ ਖੁਸ਼ੀ ਨਾਲ ਸਮਾਂ ਬਿਤਾਓਗੇ। ਯਾਤਰਾ ਵੀ ਸੰਭਵ ਹੈ।

**ਮਕਰ –** ਬੁੱਧਵਾਰ, 9 ਸਤੰਬਰ, 2026 ਨੂੰ, ਕਰਕ ਰਾਸ਼ੀ ਦਾ ਚੰਦਰਮਾ ਤੁਹਾਡੇ ਸੱਤਵੇਂ ਘਰ ਵਿੱਚ ਹੋਵੇਗਾ। ਤੁਸੀਂ ਆਪਣੇ ਪਰਿਵਾਰ ਨਾਲ ਯਾਤਰਾ ਦਾ ਆਨੰਦ ਮਾਣੋਗੇ। ਤੁਸੀਂ ਸਵੇਰੇ ਖੁਸ਼ ਹੋਵੋਗੇ, ਪਰ ਦੁਪਹਿਰ ਨੂੰ ਤੁਹਾਨੂੰ ਕਿਸੇ ਚੀਜ਼ ਦੀ ਚਿੰਤਾ ਹੋ ਸਕਦੀ ਹੈ। ਬਹੁਤ ਜ਼ਿਆਦਾ ਖਰਚ ਵਿੱਤੀ ਰੁਕਾਵਟਾਂ ਦਾ ਕਾਰਨ ਬਣੇਗਾ। ਸਰਕਾਰੀ ਕੰਮ ਵਿੱਚ ਰੁਕਾਵਟ ਆਵੇਗੀ। ਅਨੈਤਿਕ ਗਤੀਵਿਧੀਆਂ ਤੋਂ ਦੂਰ ਰਹੋ। ਤੁਹਾਡੇ ਪਰਿਵਾਰਕ ਜੀਵਨ ਵਿੱਚ ਸਦਭਾਵਨਾ ਬਣੀ ਰਹੇਗੀ। ਹੌਲੀ ਗੱਡੀ ਚਲਾਓ। ਤੁਹਾਡੀ ਸਿਹਤ ਦਰਮਿਆਨੀ ਰਹੇਗੀ, ਇਸ ਲਈ ਤੁਹਾਨੂੰ ਬਾਹਰ ਖਾਣ-ਪੀਣ ਤੋਂ ਬਚਣਾ ਚਾਹੀਦਾ ਹੈ।

**ਕੁੰਭ–** ਬੁੱਧਵਾਰ, 9 ਸਤੰਬਰ, 2026 ਨੂੰ, ਕਰਕ ਰਾਸ਼ੀ ਦਾ ਚੰਦਰਮਾ ਤੁਹਾਡੇ ਛੇਵੇਂ ਘਰ ਵਿੱਚ ਹੋਵੇਗਾ। ਅੱਜ ਦਾ ਦਿਨ ਖੁਸ਼ੀ ਅਤੇ ਸ਼ਾਂਤੀ ਦਾ ਰਹੇਗਾ। ਪਰਿਵਾਰਕ ਜੀਵਨ ਖੁਸ਼ੀ ਨਾਲ ਭਰਿਆ ਰਹੇਗਾ। ਸਰੀਰਕ ਅਤੇ ਮਾਨਸਿਕ ਸਿਹਤ ਚੰਗੀ ਰਹੇਗੀ। ਤੁਸੀਂ ਆਨੰਦ ਅਤੇ ਆਨੰਦ ਦੇ ਨਾਲ-ਨਾਲ ਵਾਹਨ ਦਾ ਆਨੰਦ ਮਾਣੋਗੇ। ਕਾਰੋਬਾਰ ਵਿੱਚ ਲਾਭ ਦੇਖਣ ਨੂੰ ਮਿਲੇਗਾ। ਨਵੇਂ ਕੱਪੜਿਆਂ ਅਤੇ ਗਹਿਣਿਆਂ 'ਤੇ ਪੈਸਾ ਖਰਚ ਹੋਵੇਗਾ। ਤੁਸੀਂ ਯਾਤਰਾ 'ਤੇ ਜਾ ਸਕਦੇ ਹੋ। ਆਪਣੇ ਜੀਵਨ ਸਾਥੀ ਨਾਲ ਲੰਬੇ ਸਮੇਂ ਤੋਂ ਚੱਲ ਰਹੇ ਮਤਭੇਦ ਦੂਰ ਹੋਣਗੇ। ਤੁਹਾਨੂੰ ਕੰਮ 'ਤੇ ਵੀ ਲਾਭ ਹੋਵੇਗਾ।

**ਮੀਨ–** ਬੁੱਧਵਾਰ, 9 ਸਤੰਬਰ, 2026 ਨੂੰ, ਕਰਕ ਰਾਸ਼ੀ ਦਾ ਚੰਦਰਮਾ ਤੁਹਾਡੇ ਪੰਜਵੇਂ ਘਰ ਵਿੱਚ ਹੋਵੇਗਾ। ਅੱਜ ਤੁਸੀਂ ਕਿਸੇ ਜਾਂ ਕਿਸੇ ਚੀਜ਼ ਵੱਲ ਆਕਰਸ਼ਿਤ ਹੋਵੋਗੇ। ਕਿਸੇ ਨਾਲ ਵੀ ਬਹਿਸ ਕਰਨ ਤੋਂ ਬਚੋ। ਅੱਜ ਨਵਾਂ ਕੰਮ ਸ਼ੁਰੂ ਕਰਨ ਨੂੰ ਮੁਲਤਵੀ ਕਰੋ। ਦੁਪਹਿਰ ਤੋਂ ਬਾਅਦ ਹਾਲਾਤ ਅਚਾਨਕ ਸੁਧਰਨਗੇ। ਤੁਸੀਂ ਸਰੀਰਕ ਅਤੇ ਮਾਨਸਿਕ ਤੌਰ 'ਤੇ ਸਿਹਤਮੰਦ ਮਹਿਸੂਸ ਕਰੋਗੇ। ਕਾਰੋਬਾਰੀ ਮਾਹੌਲ ਅਨੁਕੂਲ ਰਹੇਗਾ। ਤੁਸੀਂ ਆਪਣੇ ਵਿਰੋਧੀਆਂ 'ਤੇ ਕਾਬੂ ਪਾ ਸਕੋਗੇ। ਵਿੱਤੀ ਨਿਵੇਸ਼ਾਂ ਵਿੱਚ ਜਲਦਬਾਜ਼ੀ ਤੋਂ ਬਚੋ। ਆਪਣੇ ਸਾਰੇ ਕੰਮਾਂ ਨੂੰ ਸਮੇਂ ਸਿਰ ਪੂਰਾ ਕਰਨ ਨਾਲ ਖੁਸ਼ਹਾਲ ਮੂਡ ਆ ਸਕਦਾ ਹੈ।

## ਰਸਤੇ...

ਆਉਂਦੇ ਜਾਂਦੇ ਰਸਤੇ ਵਿਚ
ਜ਼ਿੰਦਗੀ ਨੂੰ ਬਹੁਤ ਵਾਰ ਮਿਲੀ
ਕਦੇ ਖਿੜੇ ਮੱਥੇ
ਕਦੇ ਮੱਥੇ ਵਟ ਪਾਕੇ
ਤੇ ਯਕੀਨ ਜਾਣਿਓ
ਜ਼ਿੰਦਗੀ ਵੀ ਮੈਨੂੰ ਏਦਾਂ ਹੀ ਮਿਲੀ
ਕਦੇ ਹਸਦੀ ਹੋਈ
ਕਦੇ ਗੁੱਸੇ ਵਿਚ
ਗੁੱਸੇ ਵਿਚ ਉਹ ਮੈਨੂੰ ਚੰਗੀ ਨਹੀਂ ਲੱਗੀ
ਸ਼ਾਇਦ ਮੈਂ ਵੀ ਓਹਨੂੰ ਭੈੜੀ ਲਗਦੀ ਹੋਵਾਂ
ਜਦੋਂ ਮੱਥੇ ਵਟ ਪਏ ਹੁੰਦੇ
ਫੇਰ ਮੈਂ ਉਸਨੂੰ ਖੁਸ਼ ਦੇਖਣਾ ਚਾਹਿਆ
ਤੇ ਆਪ ਖੁਸ਼ ਹੋ ਗਈ
ਹੁਣ ਸਾਡੀ ਮੁਲਾਕਾਤ ਜਦ ਵੀ ਹੁੰਦੀ
ਮਾਹੌਲ ਨੂੰ ਖੁਸ਼ਨੁਮਾ ਬਣਾ ਦਿੰਦੀ
ਸਾਨੂੰ ਕੋਈ ਸ਼ਿਕਾਇਤ ਨਹੀਂ ਰਹੀ
ਨਾ ਹੀ ਕੋਈ ਗੁੱਸਾ ਇਕ ਦੂਜੇ ਨਾਲ
ਅਜਕਲ ਅਸੀਂ ਖੁਸ਼ ਹਾਂ
ਮੈਂ ਤੇ ਮੇਰੀ ਜ਼ਿੰਦਗੀ
ਅਸੀਂ ਦੋਵੇਂ ਹੀ ਖੁਸ਼ ਹਾਂ।

# ਹਾਣੀ (ਭਾਗ–1)

ਵਿਸਾਖ ਦੇ ਅਖ਼ੀਰਲੇ ਪੱਖ ਵਿਚ ਗਰਮੀ ਛਾਲਾਂ ਮਾਰ ਮਾਰ ਵਧ ਰਹੀ ਸੀ। ਹਾੜ੍ਹੀ ਦੀ ਸਾਰੀ ਫ਼ਸਲ ਖਲਵਾੜਿਆਂ ਵਿਚ ਇਕੱਠੀ ਹੋ ਚੁੱਕੀ ਸੀ ਤੇ ਹਿੰਮਤ ਵਾਲਿਆਂ ਗਾਹ ਵੀ ਪਾ ਲਏ ਸਨ। ਵੱਟਾਂ ਦੇ ਹਰਿਆਉਲੇ ਘਾਹ ਨੂੰ ਡੰਗਰਾਂ ਖੇਤ ਵਿਹਲਿਆਂ ਹੁੰਦੇ ਸਾਰ ਚੂੰਡ ਲਿਆ ਸੀ। ਦੂਰ ਤੱਕ ਖੇਤਾਂ ਵਿਚ ਸਵਾਏ ਸਰੋਂ ਦੇ ਜੜ੍ਹਾਂਗਿਆਂ ਦੇ ਕੁਝ ਨਹੀਂ ਦਿਸਦਾ ਸੀ। ਇਹ ਜੜ੍ਹਾਂਗੇ ਵੀ ਸਰਦੇ-ਪੁੱਜਦੇ ਸਰਦਾਰਾਂ ਦੇ ਖੇਤਾਂ ਵਿਚ ਹੀ ਰਹਿ ਗਏ ਸਨ, ਜਿਹਨ੍ਹਾਂ ਨੂੰ ਬਾਲਣ ਦੀ ਲੋੜ ਨਹੀਂ ਸੀ। ਤਪੇ ਤੇ ਖ਼ੁਸ਼ਕ ਖੇਤਾਂ ਵਿਚੋਂ ਵਰੋਲੇ ਘੁੰਮਰ ਪਾ ਪਾ ਲੰਘ ਰਹੇ ਸਨ। ਇਹਨਾਂ ਜੜ੍ਹਾਂਗਿਆਂ ਨੂੰ ਕਮੀਣ ਕਾਹਲੀ ਕਾਹਲੀ ਤੋੜ ਤੋੜ ਬਾਲਣ ਦੇ ਭੰਡਾਰ ਬਣਾ ਰਹੇ ਸਨ। ਸੁੱਕੇ, ਬਿਨਾਂ ਕੰਡਿਆਂ ਤੋਂ ਤੇਲ-ਅੰਸ਼ ਰੱਖਣ ਕਾਰਨ ਇਹ ਜੜ੍ਹਾਂਗੇ ਵਧੀਆ ਬਾਲਣ ਸਮਝਿਆ ਜਾਂਦਾ ਹੈ। ਤਾਪੀ ਮਹਿਰੀ ਲਈ ਇਹ ਬਾਲਣ ਜ਼ਿੰਦਗੀ ਦਾ ਬੁਨਿਆਦੀ ਸਹਾਰਾ ਸੀ, ਜਿਹੜਾ ਭੁੱਠੀ ਹੇਠ ਬਲ ਕੇ ਸ਼ਰਬਤੀ ਕਣਕ ਆਟਾ, ਰੋਟੀ, ਮਿੱਠੀ ਨੀਂਦ ਤੇ ਫਿਰ ਜ਼ਿੰਦਗੀ ਦਾ ਸੁੱਚਾ ਹੁਲਾਰਾ ਹੋ ਜਾਂਦਾ ਸੀ।

ਤਾਪੀ ਤੇ ਉਸ ਦੀ ਜਵਾਨ ਹੋ ਰਹੀ ਇਕੋ-ਇਕ ਧੀ ਧੰਤੋ, ਇਸ ਦੁਪਹਿਰ ਵਿਚ ਜੜ੍ਹਾਂਗਿਆਂ ਦੇ ਭਾਰ ਬਣਾ ਰਹੀਆਂ ਸਨ। ਮਾਂ ਧੀ ਦੋਹਾਂ ਨੂੰ ਨਿੱਤ ਹੱਡ-ਤੋੜਵਾਂ ਕੰਮ ਕਰਨਾ ਪੈਂਦਾ, ਤਦ ਜਾ ਕੇ ਰੋਟੀ ਦੇ ਸਿਰ ਹੁੰਦੀਆਂ ਸਨ। ਦਾਤੀ ਪੈਣ ਦੇ ਦਿਨਾਂ ਤੋਂ ਲੈ ਕੇ ਹੁਣ ਤੱਕ ਉਹ ਕੁੱਕੜ ਦੀ ਬਾਂਗ ਨਾਲ ਉਠਦੀਆਂ, ਧੰਤੋ ਚੁੱਲ੍ਹੇ ਅੱਗ ਬਾਲਦੀ ਤੇ ਉਸ ਦੀ ਮਾਂ ਅੱਧੋਰਾਣੀ ਗੱਭਣ ਮੱਝ ਤੇ ਉਸ ਦੀ ਪਿਛਲੇਰੇ ਸਾਲ ਦੀ ਕੱਟੀ ਨੂੰ ਪੱਠੇ ਪਾਉਂਦੀ ਤੇ ਫਿਰ ਉਹਨਾਂ ਦਾ ਗੋਹਾ ਬਾਹਰ ਹਨੇਰੇ ਹਨੇਰੇ ਥੱਪ ਆਉਂਦੀ। ਏਨੇ ਸਮੇਂ ਵਿਚ ਧੰਤੋ ਚਾਹ ਬਣਾ ਕੇ ਆਪਣੇ ਬਾਪੂ ਕਿਸ਼ਨੇ ਦੇ ਸਿਰਹਾਣੇ ਰੱਖ ਦਿੰਦੀ ਜਿਹੜਾ ਟੁੱਟੇ ਹੱਡ ਸਮੇਟਦਾ ਪਹਿਲਾਂ ਅਫ਼ੀਮ ਵਾਲੀ ਡੱਬੀ ਟੋਲਦਾ, ਫਿਰ ਖੁੱਲ੍ਹੀਆਂ ਜਟੂਰੀਆਂ ਤੇ ਉਬਾਸੀਆਂ ਦੀ ਭਰਮਾਰ ਵਿਚ ਮਾਵਾ ਮੂੰਹ ਪਾ ਲੈਂਦਾ। ਚਾਹ ਦਾ ਘੁੱਟ ਭਰ ਲੈਣ ਪਿਛੋਂ ਉਸ ਨੂੰ ਆਪਣਾ ਛੋਟਾ ਜਿਹਾ ਜਹਾਨ ਦਿਸਣ ਲੱਗ ਪੈਂਦਾ। ਥੋੜ੍ਹੇ ਸਮੇਂ ਪਿਛੋਂ ਹੀ ਨਸ਼ਾ ਆ ਜਾਣ ਤੇ ਉਹ ਇਕ ਨਵੇਂ ਸਵਰਗ ਵਿਚ ਆ ਜਾਂਦਾ ਤੇ ਉਸ ਨੂੰ ਆਪਣਾ ਛੋਟਾ ਜਿਹਾ ਜਹਾਨ ਦਿਸਣੋਂ ਬੰਦ ਹੋ ਜਾਂਦਾ। ਚਿਲਮ ਵਿਚ ਅੱਗ ਭਰ ਕੇ ਉਹ ਮੰਜੇ ਤੇ ਮੁੜ ਪੈ ਜਾਂਦਾ ਤੇ ਆਪਣੀ ਸਾਥਣ ਹੁੱਕੀ ਨਾਲ ਗੱਲਾਂ ਕਰਨ ਲੱਗ ਪੈਂਦਾ।

ਉਧਰੋਂ ਦੋਵੇਂ ਮਾਂ ਧੀ ਚਾਹ ਦਾ ਘੁੱਟ ਘੁੱਟ ਪੀ, ਜਾਂ ਰਾਤ ਦੀ ਬੇਹੀ ਰੋਟੀ ਬਚੀ ਹੁੰਦੀ, ਤਦ ਚਾਹ ਨਾਲ ਖਾ ਕੇ ਦਿਨ ਚੜ੍ਹਨ ਤੋਂ ਪਹਿਲਾਂ ਖੇਤਾਂ ਵਿਚ ਆ ਜਾਂਦੀਆਂ ਤੇ ਸਿੱਟੇ ਚੁਗਣੇ ਸ਼ੁਰੂ ਕਰ ਦਿੰਦੀਆਂ। ਦੋ ਢਾਈ ਘੰਟੇ ਸੂਰਜ ਚੜ੍ਹ ਆਉਣ ਤੱਕ ਉਹ ਖੇਤ ਖੇਤ ਸਿੱਟੇ ਚੁਣਦੀਆਂ ਰਹਿੰਦੀਆਂ। ਜਦ ਭਾਰ ਬਣ ਜਾਂਦਾ, ਉਹ ਘਰ ਨੂੰ ਪਰਤ ਪੈਂਦੀਆਂ। ਧੰਤੋ ਰੋਟੀ ਦੇ ਆਹਰ ਲੱਗ ਜਾਂਦੀ ਅਤੇ ਤਾਪੀ ਮੱਝ ਛੱਪੜ ਛੱਡ ਲੈਂਦੀ। ਕਿਸ਼ਨਾ ਮੌਜ ਵਿਚ ਆਇਆ ਘਾਹ ਦੀ ਝੋਲੀ ਲੈ ਆਉਂਦਾ, ਨਹੀਂ ਤਾਂ ਜਗਨੇ ਬਾਹਮਣ ਦੀ ਹੱਟੀ ਉੱਤੇ ਜੱਕੜ ਮਾਰ ਛੱਡਦਾ। ਜਗਨਾ ਸ਼ਤਰੰਜ ਦਾ ਖਿਲਾੜੀ ਸੀ। ਉਸ ਕਿਸ਼ਨੇ ਦਾ ਕੱਦ ਲੰਮਾ ਹੋਣ ਕਾਰਨ ਫ਼ੀਲਾ ਨਾਂ ਪਾ ਲਿਆ ਸੀ। ਸਰੀਰ ਅਤੇ ਸੁਭਾ ਨਾਲ ਮਿਲਦਾ ਜੁਲਦਾ ਇਕ ਵਾਧੂ ਨਾਂ ਲੋਕ ਜ਼ਰੂਰ ਦੇਂਦੇ ਹਨ ਤੇ ਬਹੁਤੀ ਵਾਰ ਗ਼ਰੀਬਾਂ ਤੇ ਕਮੀਨਾਂ ਦੇ ਅਸਲ ਨਾਂ ਟੁੱਟ ਕੇ ਅੱਧੇ ਹੀ ਰਹਿ ਜਾਂਦੇ ਹਨ, ਜਿਵੇਂ ਤਾਪੀ ਨੂੰ ਕਿਸੇ ਪਰਤਾਪ ਕੌਰ ਨਹੀਂ ਆਖਿਆ ਸੀ। ਤਾਪੀ ਮੱਝ ਤੇ ਕੱਟੀ ਨੂੰ ਨਹਾ ਕੇ ਬਾਹਰ ਗਲੀ ਵਿਚ ਨਿੰਮ ਦੀ ਛਾਵੇਂ ਬੰਨ੍ਹ ਦੇਂਦੀ। ਜੇ ਕਿਸ਼ਨਾ ਥੋੜ੍ਹਾ ਬਹੁਤ ਘਾਹ ਲੈ ਆਇਆ ਹੁੰਦਾ ਤਾਂ ਝਾੜ ਕੇ ਉਹਨਾਂ ਨੂੰ ਪਾ ਦੇਂਦੀ, ਜਿਸ ਨੂੰ ਬਹੁਤੀ ਵਾਰ ਪੰਚਾਇਤ ਦਾ ਸਾਹਨ ਹੀ ਖਾ ਜਾਂਦਾ ਸੀ।

ਦੂਜੀ ਫੇਰੀ ਲਈ ਉਹ ਦੋਵੇਂ ਰੱਸੇ ਤੇ ਦੁਸਾਂਗ ਚੁੱਕ ਕੇ ਬਾਲਣ ਲੈਣ ਲਈ ਖੇਤਾਂ ਨੂੰ ਮੁੜ ਨਿਕਲ ਤੁਰਦੀਆਂ। ਸ਼ਾਮ ਨੂੰ ਧੰਤੋ ਭੱਠੀ ਤਪਾਉਂਦੀ ਤੇ ਉਸ ਦੀ ਮਾਂ ਸਿਲਾਂ ਚੁਗਣ ਲਈ ਇਕ ਹੋਰ ਚੱਕਰ ਮਾਰਦੀ। ਰਾਤੀਂ ਰਲ ਕੇ ਰਸੋਈ ਤਿਆਰ ਕਰਦੀਆਂ ਤੇ ਬਹੁਤੀ ਵਾਰ ਰੋਟੀ ਖਾਣ ਖੁਣੋਂ ਦੁੱਭਰ ਹੋ ਜਾਂਦੀ, ਜਦ ਕਿਸ਼ਨਾ ਬਾਹਾਂ ਚੁੱਕ ਚੁੱਕ ਫ਼ੀਲਾ ਬਣ ਕੇ ਵਖਾਉਂਦਾ ਅਤੇ ਸ਼ਰਾਬੀ ਹੋਇਆ ਤਾਪੀ ਨੂੰ ਗਾਲ੍ਹਾਂ ਦੀ ਸੂੜ ਧਰ ਲੈਂਦਾ। ਇਹ ਗਾਲ੍ਹਾਂ ਤਾਂ ਨਿੱਤ ਵਾਪਰਨ ਵਾਲੀ ਘਟਨਾ ਹੀ ਹੋ ਗਈਆਂ ਸਨ। ਹਾਲੇ ਸ਼ੁਕਰ ਰੱਬ ਦਾ ਕਿ ਧੌਲ-ਧੱਫ਼ਾ ਬੰਦ ਹੋ ਗਿਆ ਸੀ। ਆਪਣੇ ਮਾਲਕ ਤੋਂ ਬਲੋਂ ਤਕੜੀ ਹੁੰਦਿਆਂ ਵੀ ਤਾਪੀ ਨੇ ਅੱਗੋਂ ਕਦੇ ਹੱਥ ਨਹੀਂ ਚੁੱਕਿਆ ਸੀ, ਬਿਲਕੁਲ ਆਗਿਆਕਾਰ ਹਿੰਦੁਸਤਾਨੀ ਪਤਨੀ ਵਾਂਗ। ਪਰ ਜਵਾਨ ਹੋ ਰਹੀ ਧੰਤੋ ਤੋਂ ਨਿਰਦੋਸ਼ ਤੇ [illegible] ਦੀ ਸੱਚੀ ਮੁੱਚੀ ਦੁਨੀਆ ਅਸਲੋਂ ਸੁੰਗੜ ਗਈ। ਇਸ ਤਰ੍ਹਾਂ ਮਾਂ ਧੀ ਦੀ ਜ਼ਿੰਦਗੀ ਘਰ ਵਿਚ ਮੁਰਝਾਈ ਤੇ ਵਾਹਣਾਂ 'ਚ ਹੱਡ ਭੰਨਦਿਆਂ ਬੀਤ ਰਹੀ ਸੀ। ਫਿਰ ਵੀ ਅਸਮਾਨੀ ਧੁੱਪ ਉਹਨਾਂ ਨੂੰ ਸਾੜ ਨਾ ਸਕੀ–ਸੁਲ੍ਹਾ ਜ਼ਿੰਦਗੀ ਦੀ ਤੋਰ ਵਿਚ ਭੋਰਾ ਫ਼ਰਕ ਨਾ ਪਾ ਸਕੀਆਂ, ਪਰ ਰੋਹੀ ਧੁੱਪ ਰਾਤੀ ਬੁਖ਼ਾਰ ਬਣ ਜਾਂਦੀ ਤੇ ਸੁਲ੍ਹਾ ਰੂਹ ਨੂੰ ਜੋਕਾਂ ਲਾ ਜਾਂਦੀਆਂ। ਦੁੱਖ ਜ਼ਿੰਦਗੀ ਦਾ ਗਲ ਘੁੱਟ ਦੇਣ ਦੇ ਬਾਵਜੂਦ ਉਸ ਨੂੰ ਮਾਰ ਨਹੀਂ ਸਕੇ। ਮਿਹਨਤ ਦੁੱਖਾਂ ਦੇ ਮੂੰਹ ਉਤੇ ਥੱਪੜ ਮਾਰਦੀ ਹੈ ਤੇ ਜ਼ਿੰਦਗੀ ਨੂੰ ਆਪਣੀ ਬੁੱਕਲ ਵਿਚ ਲੈ ਕੇ ਹੌਸਲਾ ਦੇਂਦੀ ਹੈ। ਉਹ ਜ਼ਿੰਦਗੀ ਦਾ ਅਥਰਾਇਆ ਮੂੰਹ ਚੁੰਮ ਕੇ ਉਸ ਨੂੰ ਅਜਿਹੀ ਸ਼ਕਤੀ ਬਖ਼ਸ਼ਦੀ ਹੈ, ਜਿਹੜੀ ਸਮੇਂ ਤੋਂ ਪਹਿਲਾਂ ਆਈ ਮੌਤ ਨੂੰ ਹਾਰ ਦੇ ਸਕੇ। ਤਾਪੀ ਨੇ ਕਰੜੀ ਮਿਹਨਤ ਨਾਲ ਇਕ ਬੂਟਾ ਪਾਲਿਆ ਸੀ ਤੇ ਹੁਣ ਉਹ ਸਮਝਦੀ ਸੀ ਸ਼ਾਇਦ ਮੈਂ ਇਸ ਦੀ ਛਾਵੇਂ ਕੁਝ ਸੁਖਾਲੇ ਸਾਹ ਲੈ ਸਕਾਂ, ਜਿਹੜੇ ਮੇਰੇ ਭਾਗਾਂ ਵਿਚੋਂ ਨਖੁੱਟ ਗਏ ਸਨ। ਕਿਸ਼ਨੇ ਦੇ ਨਸ਼ੇ ਵਿਚ ਮੌਤ ਵਰਗੀ ਤਲਖ਼ੀ ਹੁੰਗਾਰ ਰਹੀ ਸੀ ਤੇ ਤਾਪੀ ਦੇ ਨਸ਼ੇ ਵਿਚੋਂ ਜ਼ਿੰਦਗੀ ਦੀ ਸੁੱਚੀ ਮਹਿਕ ਆ ਰਹੀ ਸੀ। ਤਾਪੀ ਵਾਹ ਲਗਦੀ ਧੰਤੋ ਨੂੰ ਔਖੀ ਨਾ ਹੋਣ ਦੇਂਦੀ ਤੇ ਉਸ ਦਾ ਹਰ ਤਰ੍ਹਾਂ ਖ਼ਿਆਲ ਰੱਖਦੀ ਸੀ। ਪਰ ਇਸ ਦੇ ਉਲਟ ਧੰਤੋ ਸਮਝਦੀ ਸੀ ਕਿ ਮੇਰੀ ਮਾਂ ਨੇ ਸਾਰੀ ਉਮਰ ਨਰਕ ਭੋਗਿਆ ਹੈ, ਮੈਂ ਇਸ ਦਾ ਕੁਝ ਤਾਂ ਸਾਹ ਸੁਖਾਲਾ ਕਰਾਂ। ਮਾਂ ਧੀ ਵਿਚ ਸਹੇਲੀਆਂ ਵਾਲੀ ਪਿਆਰ, ਹਮਦਰਦੀ ਅਤੇ ਸਾਊ ਪਿਊ ਤੇ ਅਸੀਲ ਪੁੱਤਰ ਵਰਗੀ ਕਮਾਊ ਸਾਂਝ ਬਣੀ ਹੋਈ ਸੀ।




ਸੱਜੇ ਬੰਨਿਓਂ ਰੇਲ ਨੇ ਚੀਕ ਮਾਰੀ। ਬੱਦੋਵਾਲ ਪਿੰਡ ਤੋਂ ਰੇਲਵੇ ਸਟੇਸ਼ਨ ਥੋੜ੍ਹੀ ਵਿੱਥ ਨਾਲ ਸੀ। ਤਾਪੀ ਨੇ ਸਿਰ ਉਤਾਹਾਂ ਚੁੱਕ ਕੇ ਸੂਰਜ ਵੱਲ ਵੇਖਿਆ—ਦੁਪਹਿਰਾ ਜਵਾਨੀ ਦੇ ਸੇਕ ਵਿਚ ਸੜ ਉਠਿਆ ਸੀ। ਦੁਪਹਿਰ ਦੀ ਗੱਡੀ ਸਮੇਂ ਉਹ ਘਰ ਨੂੰ ਪਰਤ ਜਾਇਆ ਕਰਦੀਆਂ ਸਨ। ਤਾਪੀ ਨੇ ਧੰਤੋ ਵੱਲ ਵੇਖਿਆ ਤੇ ਧੰਤੋ ਨੇ ਤਾਪੀ ਵੱਲ, ਜਿਵੇਂ ਦੋਹਾਂ ਆਖੀ ਜਾਣ ਵਾਲੀ ਗੱਲ ਨੂੰ ਸਮਝ ਲਿਆ ਹੋਵੇ।

"ਰਾਹ ਵਾਲੇ ਨਲਕੇ ਤੋਂ ਪਾਣੀ ਨਾ ਪੀ ਆਈਏ?" ਤੁਰਨ ਤੋਂ ਪਹਿਲਾਂ ਤਾਪੀ ਨੇ ਤਰੇਹ ਅਨੁਭਵ ਕੀਤੀ।

"ਹਾਂ, ਤ੍ਰੇਹ ਤਾਂ ਮੈਨੂੰ ਵੀ ਬੜੀ ਲੱਗੀ ਏ।" ਧੰਤੋ ਨੇ ਹਥਲਾ ਰੁੱਗ ਢੇਰ ਉਤੇ ਰੱਖ ਦਿੱਤਾ।

ਉਹ ਟਾਹਲੀ ਹੇਠ ਲੱਗੇ ਨਲਕੇ ਵੱਲ ਤੁਰ ਪਈਆਂ, ਜਿਹੜਾ ਇਕ ਔਂਤ ਜਾਂਦੇ ਸਰਦਾਰ ਨੇ ਪੁੰਨ ਵਜੋਂ ਰਾਹੀ ਪਾਂਧੀ ਦੇ ਪਾਣੀ ਪੀਣ ਲਈ ਲਵਾਇਆ ਸੀ। ਤਾਪੀ ਦੇ ਹੱਥ ਵਿਚ ਸ਼ਿਵਜੀ ਦੇ ਤਰਸ਼ੂਲ ਵਾਂਗ ਦੁਸਾਂਗ ਫੜੀ ਹੋਈ ਸੀ। ਦੋਹਾਂ ਟਾਹਲੀ ਦੀ ਛਾਵੇਂ ਝੱਟ ਕੁ ਦਮ ਮਾਰਿਆ। ਗੱਡੀ 'ਛਕ ਛਕ' ਕਰਦੀ ਲਾਗੋਂ ਲੰਘ ਗਈ। ਧੰਤੋ ਨੂੰ ਛੀਂਬਿਆਂ ਦੀ ਨੂੰਹ ਪਿਆਰੋ ਚੇਤੇ ਆ ਗਈ, ਜਿਹੜੀ ਪਿਛਲੇ ਮਹੀਨੇ ਗੱਡੀ ਹੇਠ ਆ ਕੇ ਵੱਢੀ ਗਈ ਸੀ। ਪਿਆਰੋ ਭਾਵੇਂ ਧੰਤੋ ਦੀ ਸਹੇਲੀ ਨਹੀਂ ਸੀ, ਪਰ ਉਹ ਪਿਆਰੋ ਦੇ ਦੁੱਖਾਂ-ਦਰਦਾਂ ਤੋਂ ਚੰਗੀ ਤਰ੍ਹਾਂ ਜਾਣੂ ਸੀ। ਪਿਆਰੋ ਦਾ ਨਾਂ ਵੀ ਕਿਸੇ ਚੰਦਰੇ ਦਿਨ ਹੀ ਰੱਖਿਆ ਗਿਆ ਹੋਵੇਗਾ, ਕਿਉਂਕਿ ਉਸ ਨੂੰ ਹੌਸਲਾ ਤੇ ਪਿਆਰ ਕਿਸੇ ਪੱਖੋਂ ਵੀ ਨਹੀਂ ਮਿਲਿਆ ਸੀ। ਮਾਂ ਛੋਟੀ ਹੁੰਦੀ ਦੀ ਮਰ ਗਈ ਸੀ ਤੇ ਪਿਊ ਨੇ ਘਰ ਵੇਚ ਵੱਟ ਕੇ ਉਸ ਦਾ ਵਿਆਹ ਕਰ ਦਿੱਤਾ, ਪਰ ਸਹੁਰੇ ਆ ਜਾਣ ਤੇ ਰੱਬ ਜਾਣੇ ਉਸ ਦਾ ਜੀਅ ਜੀਅ ਵੈਰੀ ਕਿਉਂ ਹੋ ਗਿਆ। ਮਾਲਕ ਉਸ ਦਾ ਨਿਆਣਾ ਸੀ ਤੇ ਨਨਾਣ ਸੱਸ ਨੇ ਰਲ ਕੇ ਮਾਂ-ਬਾਹਰੀ ਪਿਆਰੋ ਦਾ ਉਹ ਬੁਰਾ ਹਾਲ ਕੀਤਾ ਕਿ ਦੋ ਸਾਲ ਪਿਛੋਂ ਹੀ ਵਿਚਾਰੀ ਨੇ ਨਿੱਤ ਦੀ ਕੋਹ-ਕੁਹਾਈ ਨਾਲੋਂ ਗੱਡੀ ਹੇਠ ਆ ਕੇ ਮਰਨ ਸੁਖਾਲਾ ਕਰ ਲਿਆ। ਧੰਤੋ ਨੇ ਪਿਆਰੋ ਨੂੰ ਗੱਡੀ ਹੇਠ ਕਟੀ ਹੋਈ ਨੂੰ ਆਪ ਆ ਕੇ ਵੇਖਿਆ ਸੀ। ਉਸ ਦੀ ਕਟੀ ਹੋਈ ਖੱਬੀ ਬਾਹ ਵਿਚ ਹਾਲੇ ਸੁਹਾਗ ਦੀਆਂ ਦੋ ਚੂੜੀਆਂ ਟੁੱਟਣ ਖੁਣੋਂ ਰਹਿ ਗਈਆਂ ਸਨ, ਜਿਹੜੀਆਂ ਅਸਲੋਂ ਸਫ਼ੈਦ ਹੋ ਚੁੱਕੀਆਂ ਸਨ। ਧੰਤੋ ਪਿਆਰੋ ਦੀ ਮੌਤ ਤੇ ਬੜਾ ਰੋਈ ਸੀ। ਹੁਣ ਵੀ ਉਸ ਨੂੰ ਯਾਦ ਕਰਕੇ ਉਹਦਾ ਮਨ ਭਰ ਆਇਆ। ਉਸ ਨਲਕਾ ਗੇੜਦੀ ਤਾਪੀ ਵੱਲ ਤੱਕਿਆ, ਫਿਰ ਉਸ ਨੂੰ ਖ਼ਿਆਲ ਆਇਆ, ਮੇਰੀ ਮਾਂ ਜਿਉਂਦੀ ਹੈ, ਜਿਹੜੀ ਮੈਨੂੰ ਕਿਸੇ ਤਰ੍ਹਾਂ ਦੀ ਤੱਤੀ ਵਾ ਨਹੀਂ ਲੱਗਣ ਦੇਵੇਗੀ। ਤਾਪੀ ਨੇ ਮੂੰਹ ਧੋਤਾ ਅਤੇ ਸ਼ਾਂਤੀ ਨਾਲ ਪਾਣੀ ਪੀਤਾ।

ਉਸ ਨੂੰ ਵੇਖਿਆਂ ਪ੍ਰਤੀਤ ਹੁੰਦਾ ਸੀ, ਜਿਵੇਂ ਉਹ ਚਾਲੀਆਂ ਵਿਚ ਵੀ ਮੁਟਿਆਰ ਹੀ ਜਾਪਦੀ ਹੈ।

"ਧੰਤੋ! ਆ ਜਾ ਨੀ, ਪੀ ਲੈ, ਫਿਰ ਚੱਲੀਏ!" ਤਾਪੀ ਨੇ ਨਲਕੇ ਉਤੇ ਬੈਠੀ ਨੇ ਹੀ ਪੁਕਾਰਿਆ।

ਧੰਤੋ ਉਠ ਕੇ ਨਲਕੇ ਹੇਠ ਆ ਗਈ। ਪਾਣੀ ਪੀ ਲੈਣ ਪਿਛੋਂ ਉਸ ਵੀ ਮੂੰਹ ਉਤੇ ਛਿੱਟੇ ਮਾਰੇ ਅਤੇ ਚੁੰਨੀ ਦੇ ਸਰਦਈ ਲੜ ਨਾਲ ਰਗੜ ਕੇ ਸਾਰਾ ਚਿਹਰਾ ਪੂੰਝ ਸੁੱਟਿਆ। ਮਾਂ ਨੂੰ ਖਿਆਲ ਆਇਆ, ਉਸ ਦੀ ਧੰਤੋ ਅੱਗੇ ਜਿੰਨੀ ਸੌਲੀ ਨਹੀਂ, ਸਗੋਂ ਸ਼ਰਬਤੀ ਕਣਕ ਵੰਨਾ ਰੰਗ ਸਮੇਂ ਨਾਲ ਬਾਹਰ ਆਇਆ ਹੈ। ਹੁਣ ਉਹਦੇ ਮਾਤਾ ਦੇ ਦਾਗ ਵੀ ਭਰ ਕੇ ਬਰਾਬਰ ਆ ਗਏ ਸਨ। ਧੰਤੋ ਨੂੰ ਛੋਟੀ ਹੁੰਦੀ ਨੂੰ ਤਾਪੀ ਨੇ ਇਕ ਤਰ੍ਹਾਂ ਮਾਤਾ ਰਾਣੀ (ਬਿਮਾਰੀ) ਕੋਲੋਂ ਲੜ੍ਹੇ ਦੇ ਤਰਲਿਆਂ ਤੇ ਵਾਸਤਿਆਂ ਨਾਲ ਮੰਗ ਕੇ ਲਿਆ ਸੀ। ਜਿੰਨਾ ਚਿਰ ਧੰਤੋ ਤਕੜੀ ਨਹੀਂ ਹੋ ਗਈ ਸੀ, ਤਾਪੀ ਘੁਮਿਆਰਾਂ ਦੇ ਗਧੇ ਨੂੰ ਮਾਤਾ ਰਾਣੀ ਦੇ ਵਾਹਣ ਵਜੋਂ ਨਿੱਤ ਜੌਂ ਪਾਇਆ ਕਰਦੀ ਸੀ। ਤਾਪੀ ਨੂੰ ਧੰਤੋ ਉਤੇ ਬੜਾ ਗਰਵ ਸੀ, ਜਿਵੇਂ ਉਹ ਉਸ ਦੀ ਜੰਮਣ ਵਾਲੀ ਹੀ ਨਹੀਂ, ਸਗੋਂ ਜ਼ਿੰਦਗੀ ਦੇਣ ਵਾਲੀ ਵਿਧਮਾਤਾ ਵੀ ਹੈ। ਉਹ ਆਪਣੇ ਦਿਮਾਗ ਵਿਚ ਕਿੰਨੀ ਹੀ ਤਰ੍ਹਾਂ ਦੀਆਂ ਆਸਾਂ ਨੂੰ ਜਵਾਨ ਹੁੰਦਿਆਂ ਤੇ ਧੰਤੋ ਨੂੰ ਜ਼ਿੰਦਗੀ ਦੇ ਸਾਰੇ ਸੁਖਾਂ ਵਿਚ ਰੱਜੀ-ਪੁੱਜੀ ਵੇਖ ਕਲਪਨਾ ਵਿਚ ਹੀ ਮੁਸਕਾ ਪੈਂਦੀ। ਘੱਟ ਤੋਂ ਘੱਟ ਉਹ ਆਪਣੇ ਦਿਲ ਵਿਚ ਪੱਕਾ ਨਿਸ਼ਚਾ ਕਰੀ ਬੈਠੀ ਸੀ ਕਿ ਧੰਤੋ ਨੂੰ ਆਪਣੇ ਵਰਗੀ ਦੁਰਜ਼ਿੰਦਗੀ ਵਿਚ ਨਹੀਂ ਪੈਣ ਦੇਣਾ। ਤਾਪੀ ਅਠਾਰਾਂ ਵਰ੍ਹਿਆਂ ਦੀ ਸੀ, ਜਦ ਉਸ ਨੂੰ ਪੈਂਤੀਆਂ ਦੇ ਦਹਾਜੂ ਕਿਸ਼ਨੇ ਨਾਲ ਨਰੜ ਦਿੱਤਾ ਗਿਆ ਸੀ। ਤਾਪੀ ਦੇ ਪਿਉ ਨੇ ਕਿਸ਼ਨੇ ਤੋਂ ਪੈਸੇ ਲਏ ਸਨ। ਇਸ ਧੌਂਸ ਕਾਰਨ ਹੀ ਸਾਰੀ ਉਮਰ ਕਿਸ਼ਨੇ ਅੱਗੇ ਤਾਪੀ ਦੀ ਧੌਣ ਉੱਚੀ ਨਹੀਂ ਉੱਠੀ ਸੀ।

"ਮਾਂ! ਕਾਰਾ ਆਉਂਦਾ ਏ।" ਧੰਤੋ ਨੇ ਰਾਹ ਆਉਂਦੇ ਇਕ ਰਾਹੀ ਨੂੰ ਦੂਰੋਂ ਪਛਾਣਦਿਆਂ ਸੁਭਾਵਕ ਕਿਹਾ।

"ਹੈਂ, ਇਹ ਟੁੱਟ ਪੈਣਾ ਐਨੀ ਦੁਪਹਿਰ ਵਿਚ ਕਿਧਰੋਂ।" ਤਾਪੀ ਨੇ ਮੱਥੇ ਤੇ ਹੱਥ ਰਖ ਕੇ ਵੇਖਿਆ, "ਖ਼ਬਰੇ ਕਿਥੋਂ ਲਾਈਆਂ-ਬੁਝਾਈਆਂ ਕਰਦਾ ਆਇਆ ਏ, ਇਹ ਮਰ ਕੇ ਵੀ ਭੂਤ ਬਣੇਗਾ।"

ਧੰਤੋ ਦਾ ਮੱਲੋ ਮੱਲੀ ਹਾਸਾ ਨਿਕਲ ਗਿਆ। ਕਾਰਾ, ਜਿਸ ਦਾ ਅਸਲ ਨਾਂ ਕਰਤਾਰਾ ਸੀ, ਕਿਸ਼ਨੇ ਦਾ ਪਗ-ਵਟ ਯਾਰ-ਭਰਾ ਸੀ। ਬੱਦੋਵਾਲ ਤੋਂ ਉਸ ਦਾ ਪਿੰਡ ਪਮਾਲ ਦੋ ਕੁ ਮੀਲ ਦੂਰ ਸੀ। ਪਰ ਉਹ ਛੜਾ-ਛਟਾਂਗ ਹੋਣ ਕਾਰਨ ਆਪਣੇ ਯਾਰ ਕਿਸ਼ਨੇ ਕੋਲ ਆਥਣ-ਸਵੇਰ ਆਉਂਦਾ ਜਾਂਦਾ ਰਹਿੰਦਾ। ਉਮਰ ਵਿਚ ਉਹ ਆਪਣੇ ਯਾਰ ਨਾਲੋਂ ਵੀ ਪੰਜ ਵਰ੍ਹੇ ਵੱਡਾ ਸੀ ਪਰ ਉਸ ਤਾਪੀ ਦਾ ਦਿਓਰ ਬਣਨ ਦੀ ਖ਼ਾਹਸ਼ ਤੇ ਜੱਦੋਜਹਿਦ ਛੱਡੀ ਨਹੀਂ ਸੀ। ਉਸ ਦੀ ਖ਼ਾਹਸ਼ ਸੀ, ਤਾਪੀ ਉਸ ਨੂੰ ਇਕ ਵਾਰ 'ਆ ਦਿਓਰਾ' ਕਹਿ ਦੇਵੇ। ਉਹ ਆਪਣੀ ਸਾਰੀ ਜਟਕੀ ਸ਼ਾਨ ਉਸ ਉੱਤੋਂ ਨਛਾਵਰ ਕਰ ਸਕਦਾ ਹੈ। ਭਾਵੇਂ ਉਸ ਦੀ ਜਟਕੀ ਸ਼ਾਨ ਹੈ ਹੀ ਕੋਈ ਨਹੀਂ ਸੀ, ਕਿਉਂਕਿ ਉਸ ਦੀ ਮਾਂ ਨੂੰ "ਪਮਾਲ" ਦਾ ਇਕ ਜੱਟ ਕਿਸੇ ਮੱਸਿਆ ਦੇ ਮੇਲੇ ਤੋਂ ਖਿਸਕਾ ਕੇ ਲੈ ਆਇਆ ਸੀ ਤੇ ਕਾਰਾ ਉਦੋਂ ਉਸ ਦੇ ਕੁੱਛੜ ਸੀ। ਹੁਣ ਇਹ ਕੋਈ ਨਹੀਂ ਸੀ ਜਾਣਦਾ ਕਿ ਕਾਰਾ ਸੱਚੀਂ ਜੱਟ ਦਾ ਪੁੱਤਰ ਹੈ। ਪਰ ਉਹ ਆਪਣੇ ਆਪ ਨੂੰ ਜੱਟ ਜ਼ਰੂਰ ਸਮਝਦਾ ਸੀ। ਛੋਟੀ ਉਮਰ ਵਿਚ ਉਸ ਨੂੰ 'ਹਰਾਮਦਿਆ' ਜਾਂ ਗਾਲ੍ਹ ਕੱਢ ਕੇ ਸੁਭਾਵਕ ਹੀ ਬੁਲਾਇਆ ਜਾਂਦਾ ਸੀ ਤੇ ਵੱਡੀ ਉਮਰ ਤੱਕ ਵੀ ਪਿੰਡ ਵਿਚੋਂ ਉਸ ਦਾ ਕੋਈ ਮੁੰਡਾ ਚੱਜ ਦਾ ਯਾਰ ਨਾ ਬਣ ਸਕਿਆ। ਜਵਾਨ ਹੋਣ ਤੱਕ ਉਹ ਇਸ ਹਰਾਮੀ ਮਾਹੌਲ ਤੋਂ ਤੰਗ ਆ ਗਿਆ ਤੇ ਭਰਤੀ ਹੋ ਗਿਆ। ਫ਼ੌਜੀ ਵਰਦੀ ਵਿਚ ਵੀ ਉਸ ਨੂੰ ਕਿਸੇ ਹੱਸ ਕੇ ਨਹੀਂ ਬੁਲਾਇਆ ਸੀ ਅਤੇ ਕਿਸੇ ਮੁਟਿਆਰ ਨਾਲ ਅੱਖ ਲੜਾਣ ਦਾ ਉਸ ਜੇਰਾ ਨਹੀਂ ਕੀਤਾ ਸੀ। ਜਦੋਂ ਮਾਲਕੀ ਦੀ ਕੋਲ ਜ਼ਮੀਨ ਵੀ ਨਾ ਹੋਵੇ, ਅਜਿਹੀ ਭੈੜੀ ਅਵਸਥਾ ਵਿਚ ਵਿਆਹ ਦਾ ਤਾਂ ਸੁਪਨਾ ਵੀ ਨਹੀਂ ਲਿਆ ਜਾ ਸਕਦਾ। ਮਨ ਹੀ ਮਨ ਵਿਚ ਅੱਕਿਆ-ਸੜਿਆ ਉਹ ਕਈ ਕਈ ਸਾਲ ਛੁੱਟੀ ਵੀ ਨਾ ਆਉਂਦਾ। ਫ਼ੌਜੀ ਨੌਕਰੀ ਦੇ ਹੀ ਵਿਚਕਾਰ ਉਸ ਦੀ ਮਾਂ ਅਤੇ ਉਸ ਨੂੰ ਉਧਾਲ ਕੇ ਲੈ ਆਉਣ ਵਾਲਾ ਜੱਟ ਅਗੇਤ ਪਛੇਤ ਨਾਲ ਇਸ ਸੰਸਾਰ ਤੋਂ ਹਮੇਸ਼ਾ ਲਈ ਤੁਰ ਗਏ ਸਨ। ਉਹਨਾਂ ਦੀ ਮੌਤ ਦਾ ਉਸ ਨੂੰ ਭੋਰਾ ਅਫ਼ਸੋਸ ਨਾ ਹੋਇਆ। ਸ਼ਾਇਦ ਉਸ ਦੇ ਪੁਰਾਣੇ ਬਿਮਾਰ ਮਨ ਨੇ ਸਾਹ ਸੁਖਾਲਾ ਲਿਆ ਕਿ ਹੋ ਸਕਦਾ ਹੈ ਕਿ ਇਹ ਹਰਾਮੀ ਲਾਹਨਤ ਹੁਣ ਉਸਦੇ ਗਲੋਂ ਲਹਿ ਜਾਏ। ਪਰ ਇਹ ਲਾਹਨਤ ਅਜਿਹੀ ਲਾਹਨਤ ਸੀ, ਜਿਹੜੀ ਉਸ ਦੀ ਮੌਤ ਪਿੱਛੋਂ ਵੀ ਮਰਨਾ ਨਹੀਂ ਚਾਹੁੰਦੀ ਸੀ। ਉਹ ਫ਼ੌਜੀ ਨੌਕਰੀ ਪੂਰੀ ਕਰ ਕੇ ਪੈਨਸ਼ਨ ਆ ਗਿਆ। ਉਸ ਕਈਆਂ ਸ਼ਰੀਕਾਂ ਦੀਆਂ ਲੋੜਾਂ ਪੂਰੀਆਂ, ਕਈਆਂ ਲੋਕਾਂ ਦੇ ਕੰਮ ਵੀ ਆਇਆ, ਪਰ ਨਾ ਉਸ ਨੂੰ ਕੋਈ ਜੱਟ ਮੰਨਣ ਲਈ ਤਿਆਰ ਹੋਇਆ ਤੇ ਨਾ ਹੀ ਦਿਲੋਂ ਆਪਣਾ ਭਰਾ ਬਣਾਉਣ ਲਈ। ਉਸ ਪੈਰ ਪੈਰ ਸੋਚਿਆ ਸੀ, ਇਹ ਦੁਨੀਆਂ ਕਿੰਨੀ ਨਿਰਦਈ ਹੈ ਪੱਥਰ ਦੇ ਲੋਕ, ਜਿਹਨਾਂ ਉੱਤੇ ਨਾ ਪ੍ਰਾਥਨਾ ਅਸਰ ਕਰਦੀ ਹੈ ਤੇ ਨਾ ਹੀ ਸੇਵਾ। ਫਿਰ ਉਹ ਪੱਕਾ ਢੀਠ ਹੋ ਗਿਆ। ਉਸ ਦੇ ਦਿਲ ਦਿਮਾਗ ਨੇ ਭੈੜੀਆਂ ਗੱਲਾਂ ਦਾ ਅਸਰ ਕਬੂਲਣੋਂ ਹੀ ਨਾਂਹ ਕਰ ਦਿੱਤੀ। ਉਸ ਦੇ ਦਿਲ ਵਿਚ ਬਦਲਾ ਲਊ ਭਾਵਨਾਵਾਂ ਜਾਗ ਪੈਂਦੀਆਂ ਤੇ ਉਸ ਕਮਜ਼ੋਰ ਜੇਰੇ ਨਾਲ ਵੀ ਆਪਣੇ ਵਿਰੋਧੀ ਵਾਤਾਵਰਨ ਉੱਤੇ ਮੋੜਵੇਂ ਹਮਲੇ ਸ਼ੁਰੂ ਕਰ ਦਿੱਤੇ। ਕਿਸ਼ਨੇ ਦਾ ਉਹ ਦਿਲੋਂ ਕਿਰਤੱਗਯ ਸੀ, ਜਿਸ ਉਸ ਨੂੰ ਸ਼ਰਾਬ ਦੇ ਪਿਆਲੇ ਦੀ ਸਾਂਝ ਨਾਲ ਹੀ ਯਾਰ ਬਣਾ ਲਿਆ ਸੀ ਤੇ ਉਹਨਾਂ ਸ਼ਰਾਬ ਦੇ ਨਸ਼ੇ ਵਿਚ ਪੱਗਾਂ ਵੀ ਵਟਾ ਲਈਆਂ ਸਨ। ਫਿਰ ਕਾਰੇ ਨੇ ਦੋਸਤੀ ਦੀਆਂ ਇਹਨਾਂ ਕੱਚੀਆਂ ਤੰਦਾਂ ਨੂੰ ਆਪਣੀ ਮਿਲਵਰਤਣ ਨਾਲ ਰੇਸ਼ਮ ਦੀ ਪੱਕੀ ਡੋਰ ਬਣਾ ਲਿਆ। ਅੱਜ ਉਹ ਆਪਣੇ ਉੱਤੇ ਫ਼ਖ਼ਰ ਕਰ ਸਕਦਾ ਸੀ ਕਿ ਉਸ ਕੋਲ ਯਾਰ ਹੈ, ਪੱਗ-ਵੱਟ ਭਰਾ ਹੈ ਤੇ ਲਾਲੜੀ ਵਰਗੀ ਭਰਜਾਈ ਵੀ।

ਜਦ ਕਾਰਾ ਤਾਪੀ ਕੋਲ ਟਾਹਲੀ ਹੇਠ ਆਇਆ, ਤਦ ਤਾਪੀ ਨੇ ਜੇਠ ਸਮਝ ਕੇ ਥੋੜ੍ਹਾ ਵਾਸਾ ਵੱਟ ਲਿਆ ਤੇ ਪੱਲਾ ਨੀਵਾਂ ਕਰ ਲਿਆ। ਬੱਸ ਐਨੀ ਹੇਠੀ ਨਾਲ ਹੀ ਕਾਰੇ ਦਾ ਅੰਦਰ ਸੁਆਹ ਹੋ ਗਿਆ। ਸੜਿਆ-ਬਲਿਆ ਤਾਂ ਉਹ ਪਹਿਲਾਂ ਹੀ ਰਹਿੰਦਾ ਸੀ। ਉਸ ਕਿਸੇ ਤਰ੍ਹਾਂ ਦੀ ਚੋਟ ਨਾ ਮਾਰਨ ਤੋਂ ਪਹਿਲਾਂ ਹਮਦਰਦੀ ਜਤਾਉਣੀ ਹੀ ਠੀਕ ਸਮਝੀ ਤੇ ਬੋਲਿਆ:

"ਇਹ ਤੇਰੀ ਕੁੜੀ ਐ, ਕਿਉਂ ਦੁਪਹਿਰਾਂ 'ਚ ਖੱਪਦੀ ਐਂ, ਰਾਜ ਕਰਨ ਵਾਲੇ ਥਾਂ ਵਿਆਹ ਦਿਆਂਗਾ।"

ਕਾਰੇ ਨੇ ਜਦ ਸਿਰੋਂ ਪੱਗ ਲਾਹੀ, ਵਿਚੋਂ ਗੰਜਾ ਸਿਰ ਨਿਕਲ ਆਇਆ, ਜਿਹੜਾ ਮੁੜ੍ਹਕੇ ਨਾਲ ਭਿੱਜਾ ਪਿਆ ਸੀ। ਉਸ ਦੀ ਦਾੜ੍ਹੀ ਇਕਮੁੱਠ ਤੇ ਦੋ ਉਂਗਲ ਲੰਮੀ ਸੀ, ਉਹ ਵੀ ਠੋਡੀ ਉੱਤੇ ਹੀ, ਜਿਸ ਵਿਚ ਕਾਲਾ ਵਾਲ ਮੁਸ਼ਕਲ ਨਾਲ ਰਹਿ ਗਿਆ ਸੀ। ਵਿਆਹ ਦੀ ਗੱਲ ਸੁਣ ਕੇ ਧੰਤੋ ਬਾਲਣ ਇਕੱਠਾ ਕਰਨ ਜਾ ਲੱਗੀ ਤੇ ਤਾਪੀ ਨੇ ਗੁੱਸਾ ਮਨ ਵਿਚ ਮਾਰ ਕੇ ਆਖਿਆ:

"ਤੈਨੂੰ ਭਾਈ ਜੀ (ਜੇਠ) ਬੀਹ ਬਾਰੀ ਆਖਿਆ ਏ, ਕੁੜੀ ਸਾਹਮਣੇ ਵਿਆਹ ਦੀ ਗੱਲ ਨਾ ਕਰਿਆ ਕਰ।"

"ਬਸ ਤੂੰ ਭਾਈ ਜੀ ਕਹਿਣੋਂ ਨਾ ਹਟੀਂ। ਜਦੋਂ ਕੁੜੀ ਚਾਚਾ ਆਖ ਕੇ ਰਾਜ਼ੀ ਏ, ਤੈਨੂੰ ਕੀ 'ਤਰਾਜ ਐ?"

"ਤੈਨੂੰ ਪਤਾ ਏ ਤੇਰਾ ਸਿਰ ਕਿਵੇਂ ਗੰਜਾ ਹੋਇਆ ਏ?" ਤਾਪੀ ਘੁੰਡ। ਵਿਚੋਂ ਮਿੰਨ੍ਹਾ ਜਿਹਾ ਹੱਸ ਪਈ।

"ਵੇਖ, ਸੌ ਸੁਖ ਦੀ ਤੂੰ ਇੱਕੋ ਇੱਕ ਭਰਜਾਈ, ਜੁੱਤੀਆਂ ਮਾਰ, ਭਾਵੇਂ ਫੁੱਲ, ਆਪਾਂ ਨਾਂਹ ਥੋੜ੍ਹੇ ਕਰਨੀ ਏਂ। ਸਾਹਬ ਦਾ ਹੁਕਮ ਸੀ ਆਪਣੇ ਤੋਂ ਵੱਡੇ ਅਗੇ ਅਟੈਨਸ਼ਨ ਰਹੋ।" ਉਹ ਅਟੈਨਸ਼ਨ ਹੋਣ ਦੀ ਤਿਆਰੀ ਵਿਚ ਸੀ।

"ਫੇਰ ਤੂੰ ਪਹਿਲਾਂ ਪੁੱਠੀਆਂ ਕਾਹਤੋਂ ਪਾਉਨਾ ਏਂ।" ਤਾਪੀ ਥੋੜ੍ਹੀ ਨਰਮ ਪੈ ਗਈ।

"ਮੇਰੀ ਸਿੱਧੀ ਵੀ ਤੂੰ ਸਮਝੇਂ।" ਕਾਰੇ ਨੇ ਜਾਣ ਕੇ ਲੰਮਾ ਹਾਉਕਾ ਲਿਆ। "ਰੱਬ ਸਾਰੀਆਂ ਦਾ ਹੈ, ਪਰ ਸਾਲਾ ਮੇਰਾ ਹੀ ਨਹੀਂ।"

"ਤੈਨੂੰ ਆਪਣੀ ਦਾਹੜੀ ਤਾਂ ਨਹੀਂ ਨਾ ਦਿਸਦੀ ਹੋਣੀ?" ਤਾਪੀ ਦਾ ਅੰਦਰ ਹੱਸ ਰਿਹਾ ਸੀ।

"ਤੂੰ ਮੂੰਹੋਂ ਫੁਟ ਸਹੀ, ਦਾਹੜੀ ਤਾਂ ਭਾਬੀ ਮਿੰਟਾਂ ਸਕਿੰਟਾਂ 'ਚ ਕਾਲੀ ਹੋ ਸਕਦੀ ਹੈ।"

"ਜੇ ਸਲੰਗ ਮੈਂ ਤੇਰੇ ਗਲ 'ਚ ਫਸਾ ਲਈ, ਸਾਹ ਲੈਣ ਨੂੰ ਵੀ ਤਰਸੇਂਗਾ। ਜਾਂ ਤਾਂ ਮੈਨੂੰ ਅੱਗੋਂ ਬੁਲਾਈਂ ਨਾ, ਨਹੀਂ ਸਿੱਧੀ ਨੀਤ ਨਾਲ ਗੱਲ ਕਰਿਆ ਕਰ।" ਤਾਪੀ ਨੇ ਘੁੰਡ ਵਿਚੋਂ ਉਸ ਨੂੰ ਘੂਰਿਆ।

"ਮੇਰੀ ਨੀਤ ਮਾਨੇ ਨਾਲੋਂ ਵੀ ਮਾੜੀ ਐ?" ਕਾਰੇ ਤੋਂ ਆਖਣੋਂ ਨਾ ਹੀ ਰਿਹਾ ਗਿਆ ਜਦੋਂ ਕਿ ਉਹ ਜਾਣਦਾ ਸੀ, ਤਾਪੀ ਮਾਨੇ ਦੇ ਨਾਂ ਨਾਲ ਖਿਝ ਉਠਦੀ ਹੈ।

"ਗਰਕ ਜਾਣਿਆਂ ਤੈਨੂੰ ਗੋਲੀ ਲੱਗੇ-ਜਹਾਨੋਂ ਔਂਤਰਾ ਜਾਵੇਂ।" ਤਾਪੀ ਗੁੱਸੇ 'ਚ ਉਠ ਕੇ ਚਲੇ ਗਈ ਤੇ ਉਸ ਦੁਸਾਂਗ ਚੁਕ ਲਈ।

"ਜਹਾਨੋਂ ਤਾਂ ਜਿਵੇਂ ਜਾਣਾ ਏਂ, ਉਹ ਪਤਾ ਈ ਏ, ਪਰ ਸੱਚੀ ਪੁੱਛੇਂ ਤਾਂ ਤੇਰੇ ਘੱਲੇ ਹੀ ਜਾਣਾ ਹੈ। ਆਹ ਲੈ ਜਾਣੇ ਆਂ।"

ਕਾਰੇ ਨੇ ਪੱਗ ਚੁੱਕ ਕੇ ਉਸੇ ਤਰ੍ਹਾਂ ਹੀ ਗੰਜੇ ਸਿਰ ਉੱਤੇ ਰੱਖ ਲਈ ਤੇ ਬਿਨਾਂ ਪਾਣੀ ਪੀਤੇ ਹੀ ਤੁਰ ਗਿਆ।

ਤਾਪੀ ਪਹਿਲੀ ਵਾਰ ਗੁੱਸੇ ਨਹੀਂ ਹੋਈ ਸੀ, ਸਗੋਂ ਜਦੋਂ ਵੀ ਕਾਰਾ ਇਕੱਲੀ ਨੂੰ ਮਿਲਦਾ, ਗੱਲ ਰੜਕਾਉਣੋਂ ਨਾ ਹਟਦਾ ਤੇ ਹਮੇਸ਼ਾ ਤਾਨ "ਗਰਕ ਜਾਣਿਆਂ, ਬੇਸ਼ਰਮਾ!" ਤੇ ਆ ਕੇ ਟੁੱਟਦੀ ਸੀ। ਠੁਮਕ ਠੁਮਕ ਜਾਂਦੇ ਕਾਰੇ ਨੂੰ ਵੇਖ ਕੇ ਤਾਪੀ ਤੋਂ ਹਾਸਾ ਨਾ ਰੋਕਿਆ ਗਿਆ।

(ਬਾਕੀ ਅਗਲੇ ਭਾਗ) –ਜਸਵੰਤ ਸਿੰਘ ਕੰਵਲ

# ਕਹਾਣੀ – ਬਟਵਾਰਾ



ਬਾਬਾ ਬੰਤਾ ਸਿੰਘ ਜਿਸ ਦੀ ਉਮਰ ਅੱਸੀ ਸਾਲ ਸੀ। ਉਸਦੇ ਦੋ ਪੁੱਤਰ ਸਨ ਜੋ ਵਿਆਹੇ ਹੋਏ ਸਨ। ਉਹ ਤੇ ਉਹਨਾਂ ਦੀਆਂ ਪਤਨੀਆਂ ਨੌਕਰੀ ਕਰਦੀਆਂ ਸਨ। ਬਾਪੂ ਦੀ ਪਤਨੀ ਦੀ ਮੌਤ ਹੋ ਚੁੱਕੀ ਸੀ। ਉਸਦੇ ਪੋਤੇ ਉਸ ਨੂੰ ਬਹੁਤ ਪਿਆਰ ਕਰਦੇ ਸਨ।

ਜਦ ਉਸਦੀ ਪਤਨੀ ਜ਼ਿੰਦਾ ਸੀ ਉਦੋਂ ਉਸ ਦੀ ਬਹੁਤ ਸੇਵਾ ਕਰਦੀ ਸੀ। ਪਰ ਜਦੋਂ ਉਸ ਦੀ ਮੌਤ ਹੋ ਗਈ ਤਾਂ ਨੂੰਹਾਂ ਨੇ ਅਗਲੇ ਦਿਨ ਹੀ ਬਟਵਾਰੇ ਦੀ ਗੱਲ ਕਰਨੀ ਸ਼ੁਰੂ ਕਰ ਦਿੱਤੀ ਸੀ। ਜਾਇਦਾਦ ਨਾਲ ਨਾਲ ਹੁਣ ਬਾਬਾ ਬੰਤਾ ਸਿੰਘ ਕਿਹੜੇ ਪੁੱਤਰ ਨਾਲ ਰਹੇਗਾ ਹੁਣ ਇਸ ਗੱਲ ਦੀ ਚਰਚਾ ਹੋਣੀ ਸ਼ੁਰੂ ਹੋ ਗਈ ਸੀ। ਕੌਣ? ਉਸਦੀ ਦੇਖਭਾਲ ਕਰੇਗਾ।

ਦੋਵੇਂ ਨੂੰਹਾਂ ਇਹ ਕਹਿ ਪੱਲਾ ਝਾੜ ਰਹੀਆਂ ਸਨ ਕਿ ਅਸੀਂ ਦੋਵੇਂ ਨੇ ਨੌਕਰੀ ਤੇ ਜਾਣਾ ਹੁੰਦਾ ਹੈ ਤੇ ਆਣ ਕੇ ਬੱਚਿਆਂ ਦਾ ਧਿਆਨ ਦੇਣਾ ਹੁੰਦਾ ਹੈ। ਅਸੀਂ ਕਿਵੇਂ ਰੱਖ ਸਕਦੇ ਹਾਂ? ਉਨ੍ਹਾਂ ਦੀ ਦੇਖਭਾਲ ਕਿਵੇਂ ਕਰਾਂਗੇ?

ਅਸੀਂ ਤਾਂ ਸਾਰਾ ਦਿਨ ਵਿਅਸਤ ਹੁੰਦੇ ਹਾਂ। ਬਾਪੂ ਜੀ ਨੂੰ ਰੋਟੀ ਦੇਣੀ, ਉਨ੍ਹਾਂ ਦੇ ਕੱਪੜੇ ਧੋਣੇ, ਫਿਰ ਦਵਾਈ ਦਾ ਖਰਚਾ ਕੌਣ ਕਰੇਗਾ ਇਹ ਸਭ ਕੁਝ ਨਾ ਬਾਬਾ ਨਾ ਅਸੀਂ ਨਹੀਂ ਸਾਂਭ ਸਕਦੇ ਬਾਪੂ ਜੀ ਨੂੰ। ਉਸਦੇ ਦੋਵੇਂ ਪੁੱਤਰ ਆਪਣੀਆਂ ਪਤਨੀਆਂ ਦੀ ਹਾਂ ਵਿੱਚ ਹਾਂ ਮਿਲਾ ਰਹੇ ਸਨ। ਬਾਬਾ ਬੰਤਾ ਸਿੰਘ ਉਨ੍ਹਾਂ ਦੀਆਂ ਚੁੱਪ ਚਾਪ ਗੱਲਾਂ ਸੁਣਦਾ ਹੋਇਆ ਆਪਣੇ ਪੁੱਤਰਾਂ ਦੇ ਮੂੰਹ ਵੱਲ ਦੇਖ ਰਿਹਾ ਸੀ। ਆਪਣੀ ਪਤਨੀ ਨੂੰ ਯਾਦ ਕਰਕੇ ਅੱਖਾਂ ਪੂੰਝ ਰਿਹਾ ਸੀ। ਕਾਫੀ ਚਿਰ ਬਹਿਸ ਕਰਨ ਤੋਂ ਬਾਅਦ ਫੈਸਲਾ ਕੀਤਾ ਕਿ ਬਾਪੂ ਜੀ ਦੋਵੇਂ ਪੁੱਤਰਾਂ ਕੋਲ ਇੱਕ ਇੱਕ ਮਹੀਨਾ ਰਿਹਾ ਕਰੇਗਾ। ਫਿਰ ਪਹਿਲਾਂ ਵੱਡੀ ਨੂੰਹ ਦੀ ਵਾਰੀ ਆਈ ਉਸਨੇ ਬਹੁਤ ਤਾਹਨੇ ਮਿਹਣੇ ਮਾਰ ਕੇ ਬਾਪੂ ਨੂੰ ਰੋਟੀ ਦੇਣੀ। ਕਈ ਵਾਰ ਤਾਂ ਸਾਰੇ ਦਿਨ ਵਿੱਚ ਇੱਕ ਵਾਰ ਹੀ ਰੋਟੀ ਦੇਣੀ। ਜਿਸ ਗੱਲ ਤੋਂ ਉਨ੍ਹਾਂ ਘਰੇ ਕਲੇਸ਼ ਰਹਿਣ ਲੱਗ ਪਿਆ ਸੀ।

ਇਹ ਗੱਲ ਦੇਖ ਛੋਟੀ ਨੂੰਹ ਨੇ ਵੱਡੀ ਨੂੰਹ ਨੂੰ ਕਿਹਾ ਕਿ ਆਪਾਂ ਬਾਪੂ ਨੂੰ ਬਿਰਧ ਆਸ਼ਰਮ ਕਿਉਂ ਨਾ ਛੱਡ ਆਈਏ? ਦੋਵੇਂ ਨੂੰਹਾਂ ਸਲਾਹ ਕਰ ਆਪਣੇ ਘਰਵਾਲਿਆਂ ਨੂੰ ਕਹਿਣ ਲੱਗ ਪਈਆਂ ਕਿ ਬਾਪੂ ਜੀ ਨੂੰ ਬਿਰਧ ਆਸ਼ਰਮ ਛੱਡ ਕੇ ਆਈਏ। ਪਹਿਲਾਂ ਉਸਦੇ ਪੁੱਤਰਾਂ ਨੇ ਬਹੁਤ ਮਨਾਂ ਕੀਤਾ ਕਿ ਨਹੀਂ ਅਸੀਂ ਇੰਜ ਨਹੀਂ ਕਰ ਸਕਦੇ ਉਹ ਸਾਡੇ ਪਿਤਾ ਹਨ। ਪਰ ਘਰੇਲੂ ਕਲੇਸ਼ ਨੂੰ ਵੱਧ ਦਾ ਦੇਖ ਕੇ ਉਹ ਮਨ ਗਏ। ਹੁਣ ਜਦੋਂ ਬਾਪੂ ਨੂੰ ਉਸਦੇ ਪੁੱਤਰ ਬਿਰਧ ਆਸ਼ਰਮ ਛੱਡਣ ਲਈ ਜਾ ਰਹੇ ਸਨ ਤਾਂ ਬਾਪੂ ਕਹਿਣ ਲੱਗਾ ਕਾਸ਼! ਮੇਰੀ ਇੱਕ ਧੀ ਹੁੰਦੀ। ਬਹੁਤ ਹੀ ਭਾਵੁਕ ਹੋਇਆ ਬਾਪੂ ਬੋਲਿਆ ਨਾਲੇ ਚੰਗਾ ਹੋਇਆ ਤੁਹਾਡੀ ਮਾਂ ਮੇਰੇ ਤੋਂ ਪਹਿਲਾਂ ਚੱਲੀ ਗਈ।

ਉਸਨੂੰ ਇਹ ਦਿਨ ਦੇਖਣ ਨੂੰ ਨਹੀਂ ਮਿਲਿਆ।

ਬਾਪੂ ਆਪਣੀ ਅੱਖਾਂ ਪੂੰਝਣ ਲੱਗ ਪਿਆ। ਇਹ ਦੇਖ ਉਸਦਾ ਪੋਤਰਾ ਬੋਲਿਆ ਪਾਪਾ ਦਾਦਾ ਜੀ ਕਿੱਥੇ ਚੱਲੇ ਹਨ ? ਬਿਰਧ ਆਸ਼ਰਮ। ਇਹ ਬਿਰਧ ਆਸ਼ਰਮ ਕੀ ਹੁੰਦਾ ਹੈ? ਦਾਦਾ ਜੀ ਉੱਥੇ ਕਿਉਂ ਰਹਿਣਗੇ ਸਾਡੇ ਨਾਲ ਕਿਉਂ ਨਹੀਂ ਰਹਿ ਸਕਦੇ? ਮੈਂ ਵੀ ਤੁਹਾਨੂੰ ਉੱਥੇ ਛੱਡ ਕੇ ਆਵਾਂਗਾ ਜਦੋਂ ਵੱਡਾ ਹੋ ਜਾਵਾਂਗਾ? ਬੱਚੇ ਦੀਆਂ ਗੱਲਾਂ ਸੁਣ ਮਾਂ ਬਾਪ ਨੀਵੀਂ ਪਾ ਅੱਖਾਂ ਭਰ ਖੜ੍ਹੇ ਹੋਏ ਕਹਿੰਦੇ ਹਨ ਨਹੀਂ ਪੁੱਤ ਤੇਰੇ ਦਾਦਾ ਜੀ ਕਿਤੇ ਨਹੀਂ ਜਾ ਰਹੇ। ਇਹ ਤਾਂ ਸਾਡੇ ਨਾਲ ਹੀ ਰਹਿਣਗੇ। ਇਹ ਗੱਲ ਸੁਣ ਕੇ ਬੱਚਾ ਭੱਜ ਆਪਣੇ ਦਾਦੇ ਦੇ ਗਲ ਲੱਗ ਜਾਂਦਾ ਹੈ।

ਪਰਮਬੀਰ ਕੌਰ ਰਿਆੜ






# ਦੁਸਾਂਝ ਕਲਾਂ ਤੋਂ ਮਿਲਾਨ ਤੱਕ—

## ਇੱਕ ਪਿੰਡ ਦੀ ਗਲੀ ਦਾ ਮੁੰਡਾ ਜਦੋਂ ਦੁਨੀਆ ਦੇ ਦਿਲ ਵਿੱਚ ਵੱਜਿਆ



ਕਈ ਵਾਰ ਜ਼ਿੰਦਗੀ ਵਿੱਚ ਕੋਈ ਐਸਾ ਪਲ ਆ ਜਾਂਦਾ ਹੈ, ਜਿਹੜਾ ਅੱਖਾਂ ਸਾਹਮਣੇ ਤਾਂ ਕੁਝ ਮਿੰਟਾਂ ਲਈ ਵਾਪਰਦਾ ਹੈ, ਪਰ ਮਨ ਦੇ ਅੰਦਰ ਸਾਲਾਂ-ਬੱਧੀ ਚੱਲਦਾ ਰਹਿੰਦਾ ਹੈ। 5 ਸਤੰਬਰ ਦੀ ਮਿਲਾਨ ਵਾਲੀ ਰਾਤ ਮੇਰੇ ਲਈ ਵੀ ਐਸਾ ਹੀ ਇੱਕ ਪਲ ਸੀ।

ਮੈਂ ਦਿਲਜੀਤ ਦੁਸਾਂਝ ਦਾ ਸ਼ੋਅ ਵੇਖਣ ਗਿਆ ਸੀ, ਪਰ ਮੁੜਿਆ ਤਾਂ ਲੱਗਾ ਜਿਵੇਂ ਮਿਲਾਨ ਤੋਂ ਮੈਂ ਆਪਣੇ ਨਾਲ ਦੁਸਾਂਝ ਕਲਾਂ ਦਾ ਇੱਕ ਪੂਰਾ ਪਿੰਡ ਚੁੱਕ ਲਿਆਇਆ ਹਾਂ।

ਲਾਈਟਾਂ ਬੁੱਝ ਗਈਆਂ ਸਨ। ਸਟੇਜ ਖਾਲੀ ਹੋ ਗਿਆ ਸੀ। ਲੋਕ ਆਪੋ-ਆਪਣੇ ਘਰਾਂ ਨੂੰ ਮੁੜ ਰਹੇ ਸਨ। ਪਰ ਮੇਰੇ ਅੰਦਰ ਕੁਝ ਅਜੇ ਵੀ ਨੱਚ ਰਿਹਾ ਸੀ।

ਉਹ ਸੀ—ਮੇਰਾ ਪਿੰਡ।

ਜਿਸਨੂੰ ਦੁਨੀਆ ਸਟਾਰ ਆਖਦੀ, ਮੇਰੇ ਲਈ ਉਹ ਪਿੰਡ ਦਾ ਮੁੰਡਾ

ਅੱਜ ਦਿਲਜੀਤ ਦੁਸਾਂਝ ਦਾ ਨਾਂ ਦੁਨੀਆ ਦੇ ਵੱਡੇ ਕਲਾਕਾਰਾਂ ਵਿੱਚ ਲਿਆ ਜਾਂਦਾ ਹੈ। ਗਾਇਕੀ ਹੋਵੇ, ਅਦਾਕਾਰੀ ਹੋਵੇ, ਫੈਸ਼ਨ ਹੋਵੇ ਜਾਂ ਦੁਨੀਆ ਦੇ ਵੱਡੇ ਸਟੇਜ—ਉਹਨੇ ਆਪਣੀ ਇੱਕ ਵੱਖਰੀ ਥਾਂ ਬਣਾਈ ਹੈ।

ਪਰ ਮੇਰੇ ਲਈ ਇਸ ਸਾਰੇ ਤੋਂ ਪਹਿਲਾਂ ਇੱਕ ਹੋਰ ਪਛਾਣ ਆਉਂਦੀ ਹੈ। ਦੁਸਾਂਝ ਕਲਾਂ ਦਾ ਮੁੰਡਾ।

ਮੈਂ ਉਹਨੂੰ ਉਸ ਵੇਲੇ ਤੋਂ ਜਾਣਦਾ ਹਾਂ ਜਦੋਂ ਨਾ ਮਿਲਾਨ ਸੀ, ਨਾ ਯੂਰਪ ਸੀ, ਨਾ ਦੁਨੀਆ ਦੇ ਵੱਡੇ ਸਟੇਜ।

ਉਦੋਂ ਸਾਡੀ ਦੁਨੀਆ ਹੀ ਸਾਡਾ ਪਿੰਡ ਸੀ।

ਗਲੀਆਂ ਸਨ, ਖੇਤ ਸਨ, ਸਕੂਲ ਦਾ ਮੈਦਾਨ ਸੀ, ਮੇਲੇ ਸਨ ਤੇ ਉਹਨਾਂ ਵਿੱਚ ਘੁੰਮਦੇ ਸਾਡੇ ਆਪਣੇ ਚਿਹਰੇ ਸਨ।

ਅੱਜ ਉਹੀ ਮੁੰਡਾ ਹਜ਼ਾਰਾਂ ਮੀਲ ਦੂਰ ਮਿਲਾਨ ਵਿੱਚ ਖੜ੍ਹਾ ਸੀ ਤੇ ਹਜ਼ਾਰਾਂ ਲੋਕ ਉਹਦੇ ਇੱਕ ਇਸ਼ਾਰੇ ਨਾਲ ਆਪਣੀਆਂ ਬਾਂਹਾਂ ਹਵਾ ਵਿੱਚ ਚੁੱਕ ਰਹੇ ਸਨ।

ਮੈਂ ਬੈਠਾ ਵੇਖ ਰਿਹਾ ਸੀ।

ਤੇ ਅੰਦਰੋਂ ਇੱਕ ਆਵਾਜ਼ ਆ ਰਹੀ ਸੀ—

"ਓਏ, ਇਹ ਤਾਂ ਆਪਣਾ ਦਿਲਜੀਤ ਆ।"

ਮਿਲਾਨ ਦੀ ਧਰਤੀ 'ਤੇ ਪੰਜਾਬ ਦੀ ਧੜਕਣ

Unipol Forum ਦਾ ਉਹ ਵਿਸ਼ਾਲ ਹਾਲ ਲੋਕਾਂ ਨਾਲ ਭਰਿਆ ਪਿਆ ਸੀ। ਪੰਜਾਬੀ ਸਨ, ਭਾਰਤੀ ਸਨ, ਪਾਕਿਸਤਾਨੀ ਸਨ, ਬੰਗਲਾਦੇਸ਼ੀ ਸਨ ਤੇ ਇਟਾਲੀਅਨ ਵੀ।

ਕੋਈ ਦੂਰ ਬਰੇਸ਼ੀਆ ਤੋਂ ਆਇਆ ਸੀ, ਕੋਈ ਬੇਰਗਾਮੋ ਤੋਂ, ਕੋਈ ਪਾਦੋਵਾ ਤੋਂ ਤੇ ਕੋਈ ਪਾਰਮਾ ਤੋਂ।

ਸਭ ਦੇ ਚਿਹਰਿਆਂ 'ਤੇ ਇੱਕੋ ਉਡੀਕ ਸੀ।

ਫਿਰ ਸਟੇਜ ਦੀਆਂ ਲਾਈਟਾਂ ਜਗੀਆਂ।

ਦਿਲਜੀਤ ਆਇਆ। ਤੇ ਅਗਲੇ ਪਲ ਮਿਲਾਨ ਨਹੀਂ ਸੀ ਰਹੀ—ਪੰਜਾਬ ਹੋ ਗਿਆ ਸੀ।

ਤਾਲੀਆਂ ਦੀ ਆਵਾਜ਼, ਗੀਤਾਂ ਦੇ ਬੋਲ, ਢੋਲ ਦੀ ਧੁਨ ਤੇ ਹਜ਼ਾਰਾਂ ਲੋਕਾਂ ਦਾ ਇਕੱਠਿਆਂ ਨੱਚਣਾ... ਇਹ ਸਭ ਵੇਖਦਿਆਂ ਮੈਨੂੰ ਵਾਰ-ਵਾਰ ਲੱਗਦਾ ਰਿਹਾ ਕਿ ਇਹ ਮੁੰਡਾ ਇਕੱਲਾ ਨਹੀਂ ਖੜ੍ਹਾ।

ਉਹਦੇ ਪਿੱਛੇ ਉਹ ਪਿੰਡ ਖੜ੍ਹਾ ਹੈ, ਜਿੱਥੋਂ ਉਹ ਤੁਰਿਆ ਸੀ।

ਚਮਕੀਲਾ ਮੁੜ ਮਿਲਾਨ ਵਿੱਚ ਚਮਕਿਆ

ਸ਼ੋਅ ਦੀ ਸ਼ੁਰੂਆਤ ਚਮਕੀਲੇ ਦੇ ਗੀਤਾਂ ਨਾਲ ਹੋਈ ਤਾਂ ਮਨ ਇੱਕ ਪਲ ਲਈ ਅੱਜ ਤੋਂ ਪਿੱਛੇ ਮੁੜ ਗਿਆ।

ਪੰਜਾਬੀ ਸੰਗੀਤ ਦੇ ਉਸ ਮਹਾਨ ਕਲਾਕਾਰ ਦੀ ਯਾਦ, ਜਿਸਦੀ ਆਵਾਜ਼ ਨੇ ਇੱਕ ਸਮੇਂ ਪੰਜਾਬ ਦੇ ਪਿੰਡਾਂ ਨੂੰ ਹਿਲਾ ਦਿੱਤਾ ਸੀ, ਅੱਜ ਇਟਲੀ ਦੀ ਧਰਤੀ 'ਤੇ ਫਿਰ ਗੂੰਜ ਰਹੀ ਸੀ।

ਦਲਜੀਤ ਨੇ ਚਮਕੀਲੇ ਨੂੰ ਸਿਰਫ਼ ਗਾਇਆ ਨਹੀਂ।

ਮੈਨੂੰ ਲੱਗਿਆ, ਉਹਨੇ ਚਮਕੀਲੇ ਨੂੰ ਇੱਕ ਨਵੀਂ ਪੀੜ੍ਹੀ ਦੇ ਸਾਹਮਣੇ ਮੁੜ ਖੜ੍ਹਾ ਕਰ ਦਿੱਤਾ।

ਮਿਲਾਨ ਵਿੱਚ ਬੈਠੇ ਕਈ ਲੋਕ ਸ਼ਾਇਦ ਚਮਕੀਲੇ ਨੂੰ ਕਦੇ ਵੇਖਿਆ ਵੀ ਨਾ ਹੋਵੇ। ਪਰ ਉਸ ਰਾਤ ਉਸਦੇ ਬੋਲ ਉਹਨਾਂ ਦੀਆਂ ਜ਼ੁਬਾਨਾਂ 'ਤੇ ਸਨ।

ਇਹੀ ਤਾਂ ਕਲਾ ਦੀ ਉਮਰ ਹੁੰਦੀ ਹੈ।

ਕਲਾਕਾਰ ਚਲਾ ਜਾਂਦਾ ਹੈ, ਪਰ ਆਵਾਜ਼ ਰਹਿ ਜਾਂਦੀ ਹੈ।

ਦਿਲਜੀਤ ਨੱਚਿਆ ਤਾਂ ਮੈਨੂੰ ਗੁੱਗੂ ਯਾਦ ਆ ਗਿਆ

ਦਿਲਜੀਤ ਦਾ ਭੰਗੜਾ ਵੇਖਦਿਆਂ ਮੇਰਾ ਮਨ ਅਚਾਨਕ ਦੁਸਾਂਝ ਕਲਾਂ ਦੀਆਂ ਗਲੀਆਂ ਵਿੱਚ ਜਾ ਵੜਿਆ।

ਮੈਨੂੰ ਆਪਣਾ ਗੁੱਗੂ ਜੋ ਕਿ ਦਲਜੀਤ ਦੇ ਸਕੇ ਤਾਏ ਦਾ ਮੁੰਡਾ ਯਾਦ ਆ ਗਿਆ—ਸਾਡੇ ਪਿੰਡ ਦੀ ਭੰਗੜਾ ਟੀਮ ਦਾ ਕਪਤਾਨ।

ਉਹੀ ਖੁੱਲ੍ਹੀਆਂ ਬਾਂਹਾਂ।

ਉਹੀ ਪੈਰਾਂ ਦੀ ਥਾਪ।

ਉਹੀ ਸਰੀਰ ਦਾ ਤਾਲ ਨਾਲ ਝੂਮਣਾ।

ਮਿਲਾਨ ਦੇ ਸਟੇਜ 'ਤੇ ਦਿਲਜੀਤ ਨੂੰ ਨੱਚਦਿਆਂ ਵੇਖ ਕੇ ਮੈਨੂੰ ਲੱਗਾ ਜਿਵੇਂ ਪਿੰਡ ਦਾ ਪੁਰਾਣਾ ਭੰਗੜਾ ਕਿਸੇ ਨਵੇਂ ਰੂਪ ਵਿੱਚ ਮੇਰੇ ਸਾਹਮਣੇ ਆ ਗਿਆ ਹੋਵੇ।

ਬੰਦਾ ਪਿੰਡ ਤੋਂ ਦੂਰ ਜਾ ਸਕਦਾ ਹੈ, ਪਿੰਡ ਬੰਦੇ ਤੋਂ ਦੂਰ ਨਹੀਂ ਜਾਂਦਾ।

ਕਿਤੇ ਨਾ ਕਿਤੇ ਉਹਦੇ ਅੰਦਰ ਆਪਣੀ ਮਿੱਟੀ ਦੀ ਖੁਸ਼ਬੂ ਬਚੀ ਰਹਿੰਦੀ ਹੈ।

ਇੱਕ ਹਾਕੀ ਦੀ ਸਟਿੱਕ ਤੋਂ ਹਜ਼ਾਰਾਂ ਉੱਠੀਆਂ ਬਾਂਹਾਂ ਤੱਕ

ਉਸ ਰਾਤ ਇੱਕ ਹੋਰ ਤਸਵੀਰ ਮੇਰੇ ਮਨ ਵਿੱਚ ਵਾਰ-ਵਾਰ ਉੱਭਰਦੀ ਰਹੀ।

ਦੁਸਾਂਝ ਕਲਾਂ ਦਾ ਸਕੂਲ।

ਮੈਦਾਨ।

ਹਾਕੀ ਖੇਡਦਾ ਬਲਬੀਰ ਸਿੰਘ ਦੋਸਾਂਝ।

ਗੋਲ ਹੋਣ 'ਤੇ ਹੱਥ ਵਿੱਚ ਹਾਕੀ ਦੀ ਸਟਿੱਕ ਉੱਚੀ ਹੁੰਦੀ ਹੋਵੇਗੀ।

ਕਿਸੇ ਨੇ ਉਦੋਂ ਨਹੀਂ ਸੋਚਿਆ ਹੋਣਾ ਕਿ ਇਸੇ ਘਰ ਦਾ ਇੱਕ ਮੁੰਡਾ ਇੱਕ ਦਿਨ ਹਜ਼ਾਰਾਂ ਮੀਲ ਦੂਰ ਜਾ ਕੇ ਹਜ਼ਾਰਾਂ ਲੋਕਾਂ ਦੀਆਂ ਬਾਂਹਾਂ ਹਵਾ ਵਿੱਚ ਚੁਕਵਾ ਦੇਵੇਗਾ।

ਉਦੋਂ ਇੱਕ ਹਾਕੀ ਦੀ ਸਟਿੱਕ ਉੱਠੀ ਸੀ।

ਅੱਜ ਹਜ਼ਾਰਾਂ ਬਾਂਹਾਂ ਉੱਠ ਰਹੀਆਂ ਸਨ।

ਵਕਤ ਦੀ ਆਪਣੀ ਵੀ ਇੱਕ ਲਿਖਤ ਹੁੰਦੀ ਹੈ।

ਮਾਪਿਆਂ ਨਾਲ ਹੋਈ ਗੱਲ ਤੇ ਮਿਲਾਨ ਦੀ ਉਹ ਰਾਤ

ਪਿਛਲੇ ਸਾਲ ਮੈਨੂੰ ਦਿਲਜੀਤ ਦੇ ਮਾਪਿਆਂ ਨੂੰ ਲੁਧਿਆਣੇ ਮਿਲਣ ਦਾ ਮੌਕਾ ਮਿਲਿਆ ਸੀ।

ਬੈਠ ਕੇ ਦਿਲਜੀਤ ਦੀ ਗਾਇਕੀ, ਭਵਿੱਖ ਤੇ ਪਿੰਡ ਦੀਆਂ ਗੱਲਾਂ ਹੋਈਆਂ ਸਨ।

ਉਦੋਂ ਦਿਲਜੀਤ ਦੀ ਕਾਮਯਾਬੀ ਬਾਰੇ ਗੱਲ ਕਰਨਾ ਇੱਕ ਗੱਲ ਸੀ।

ਪਰ 5 ਸਤੰਬਰ ਦੀ ਰਾਤ ਉਸ ਕਾਮਯਾਬੀ ਨੂੰ ਆਪਣੀਆਂ ਅੱਖਾਂ ਨਾਲ ਵੇਖਣਾ ਹੋਰ ਗੱਲ ਸੀ।

ਜਿਹੜੀ ਗੱਲ ਉਦੋਂ ਗੱਲਬਾਤ ਵਿੱਚ ਸੀ, ਉਹ ਅੱਜ ਮਿਲਾਨ ਦੇ ਸਟੇਜ 'ਤੇ ਹਕੀਕਤ ਬਣ ਕੇ ਖੜ੍ਹੀ ਸੀ।

ਦੁਸਾਂਝ ਕਲਾਂ ਦਾ ਮੁੰਡਾ ਹੁਣ ਸਿਰਫ਼ ਪਿੰਡ ਦੀ ਗੱਲ ਨਹੀਂ ਸੀ ਰਹਿ ਗਿਆ—ਉਹ ਦੁਨੀਆ ਦੀ ਗੱਲ ਬਣ ਚੁੱਕਾ ਸੀ।

ਮਿਲਣ ਦੀ ਤਾਂਘ ਰਹੀ, ਪਰ ਮੁਲਾਕਾਤ ਨਾ ਹੋਈ

ਇਸ ਸਾਰੀ ਖੁਸ਼ੀ ਦੇ ਵਿਚਕਾਰ ਮਨ ਵਿੱਚ ਇੱਕ ਨਿੱਕੀ ਜਿਹੀ ਕਸਕ ਵੀ ਸੀ।

ਮੈਂ ਉਹਨੂੰ ਮਿਲਣਾ ਚਾਹੁੰਦਾ ਸੀ।

ਚਾਰ ਦਿਨ ਟੀਮ ਦੇ ਮੈਂਬਰਾਂ ਨਾਲ ਸੰਪਰਕ ਕਰਦਾ ਰਿਹਾ। ਗੱਲਾਂ ਹੋਈਆਂ। ਆਸ ਬਣੀ ਕਿ ਮਿਲਾ ਦੇਣਗੇ।

ਪਰ ਅਖੀਰ ਮੁਲਾਕਾਤ ਨਾ ਹੋ ਸਕੀ।

ਸੁਰੱਖਿਆ ਦੇ ਘੇਰੇ ਬਹੁਤ ਸਖ਼ਤ ਸਨ।

ਮੈਂ ਦੂਰੋਂ ਉਹਨੂੰ ਵੇਖਿਆ।

ਬਸ ਐਨਾ ਹੀ।

ਪਰ ਦਿਲ ਨੇ ਫਿਰ ਵੀ ਆਖਿਆ—

"ਚੱਲ, ਅੱਜ ਨਹੀਂ ਤਾਂ ਕਦੇ ਹੋਰ ਸਹੀ... ਆਪਣਾ ਮੁੰਡਾ ਕਿਤੇ ਭੱਜਿਆ ਨਹੀਂ।"

ਸ਼ਾਇਦ ਬਚਪਨ ਦੇ ਰਿਸ਼ਤਿਆਂ ਵਿੱਚ ਇਹੀ ਗੱਲ ਹੁੰਦੀ ਹੈ। ਦੂਰੀ ਕਿੰਨੀ ਵੀ ਹੋਵੇ, ਆਪਣਾਪਣ ਆਪਣੀ ਥਾਂ ਖੜ੍ਹਾ ਰਹਿੰਦਾ ਹੈ।

ਇਸ ਵਾਰ ਮੈਂ ਪੱਤਰਕਾਰ ਨਹੀਂ ਸੀ

ਮੈਂ ਇਟਲੀ ਵਿੱਚ ਸਾਲਾਂ ਤੋਂ ਪੰਜਾਬੀ ਕਲਾਕਾਰਾਂ ਦੇ ਪ੍ਰੋਗਰਾਮ ਕਵਰ ਕਰਦਾ ਆ ਰਿਹਾ ਹਾਂ।

ਪੱਤਰਕਾਰ ਦੀ ਜ਼ਿੰਦਗੀ ਵਿੱਚ ਬਹੁਤ ਸ਼ੋਅ ਆਉਂਦੇ ਨੇ ਤੇ ਲੰਘ ਜਾਂਦੇ ਨੇ।

ਪਰ ਇਸ ਵਾਰ ਗੱਲ ਹੋਰ ਸੀ।

ਇਸ ਵਾਰ ਮੈਂ ਕਿਸੇ ਅਖ਼ਬਾਰ ਲਈ ਖ਼ਬਰ ਬਣਾਉਣ ਨਹੀਂ ਗਿਆ ਸੀ।

ਮੈਂ ਆਪਣੀ ਜੇਬ ਵਿੱਚੋਂ ਟਿਕਟ ਖਰੀਦ ਕੇ ਆਪਣੇ ਪਿੰਡ ਦੇ ਮੁੰਡੇ ਨੂੰ ਵੇਖਣ ਗਿਆ ਸੀ।

ਇਸੇ ਕਰਕੇ ਸ਼ਾਇਦ ਉਸ ਰਾਤ ਮੇਰੇ ਅੰਦਰ ਪੱਤਰਕਾਰ ਘੱਟ ਤੇ ਦੁਸਾਂਝ ਕਲਾਂ ਦਾ ਬੰਦਾ ਵੱਧ ਬੈਠਾ ਸੀ।

ਇੱਕ ਇਟਾਲੀਅਨ ਪ੍ਰਸ਼ੰਸਕ ਤੇ Ik Onkar

ਉਸ ਰਾਤ ਇੱਕ ਹੋਰ ਗੱਲ ਨੇ ਮੇਰਾ ਧਿਆਨ ਖਿੱਚਿਆ।

ਇੱਕ ਇਟਾਲੀਅਨ ਪ੍ਰਸ਼ੰਸਕ ਨੇ ਆਪਣੇ ਸਰੀਰ ਉੱਤੇ ਇਕੌਨਕਓਰ ਦੇ ਨਾਲ ਦਲਜੀਤ ਦਾ ਨਾਂ ਵੀ ਲਿਖਿਆ ਹੋਇਆ ਸੀ। ਦਲਜੀਤ ਨੇ ਇਸ ਮੌਕੇ 'ਤੇ ਸਪਸ਼ਟ ਕੀਤਾ ਕਿ ਉਹ ਇਕੌਨਕਓਰ ਦੇ ਬਰਾਬਰ ਨਹੀਂ।

ਮੈਨੂੰ ਇਹ ਗੱਲ ਚੰਗੀ ਲੱਗੀ।

ਕਿਉਂਕਿ ਕਲਾਕਾਰ ਜਿੰਨਾ ਮਰਜ਼ੀ ਵੱਡਾ ਹੋ ਜਾਵੇ, ਆਪਣੇ ਤੋਂ ਵੱਡੀ ਉਸ ਰੂਹਾਨੀ ਵਿਰਾਸਤ ਨੂੰ ਪਛਾਣਨਾ ਉਸਦੀ ਆਪਣੀ ਵਡਿਆਈ ਹੁੰਦੀ ਹੈ।

ਉਸ ਪਲ ਮੈਨੂੰ ਲੱਗਿਆ ਕਿ ਦੁਸਾਂਝ ਕਲਾਂ ਦਾ ਇਹ ਮੁੰਡਾ ਸਿਰਫ਼ ਗੀਤ ਨਹੀਂ ਵੇਚ ਰਿਹਾ—ਉਹ ਆਪਣੀ ਪਛਾਣ ਵੀ ਦੁਨੀਆ ਦੇ ਸਾਹਮਣੇ ਲੈ ਕੇ ਤੁਰ ਰਿਹਾ ਹੈ।

ਰਾਤ ਮੁੱਕ ਗਈ, ਪਰ ਪਿੰਡ ਅੰਦਰ ਜਾਗਦਾ ਰਿਹਾ

ਸ਼ੋਅ ਮੁੱਕਣ ਤੋਂ ਲਗਭਗ ਇੱਕ ਘੰਟੇ ਬਾਅਦ ਮੈਂ ਬੈਠ ਗਿਆ।

ਕਲਮ ਚੁੱਕੀ।

ਤੇ ਲਿਖਣਾ ਸ਼ੁਰੂ ਕਰ ਦਿੱਤਾ।

ਸ਼ਾਇਦ ਇਸੇ ਕਰਕੇ ਉਹ ਲਿਖਤ ਖ਼ਬਰ ਨਾ ਬਣ ਸਕੀ।

ਉਹ ਮੇਰੀ ਉਸ ਰਾਤ ਦੀ ਅੰਦਰਲੀ ਆਵਾਜ਼ ਬਣ ਗਈ।



ਮੈਂ ਖੁਸ਼ ਸੀ।

ਬਹੁਤ ਖੁਸ਼।

ਕਿਉਂਕਿ ਮੇਰੇ ਪਿੰਡ ਦਾ ਮੁੰਡਾ ਮਿਲਾਨ ਵਿੱਚ ਹਜ਼ਾਰਾਂ ਲੋਕਾਂ ਨੂੰ ਨਚਾ ਕੇ ਗਿਆ ਸੀ।

ਪਰ ਅੰਦਰ ਕਿਤੇ ਇੱਕ ਛੋਟੀ ਜਿਹੀ ਉਦਾਸੀ ਵੀ ਸੀ ਕਿ ਜਿਹੜੇ ਬੰਦੇ ਨੂੰ ਮਿਲਣ ਦੀ ਇੰਨੀ ਤਾਂਘ ਲੈ ਕੇ ਗਿਆ ਸੀ, ਉਹਨੂੰ ਗਲ ਲਾ ਕੇ ਮਿਲ ਨਾ ਸਕਿਆ।

ਸ਼ਾਇਦ ਇਹ ਦੋਵੇਂ ਭਾਵਨਾਵਾਂ ਰਲ ਕੇ ਹੀ ਉਹ ਲੇਖ ਬਣ ਗਈਆਂ।

ਪਿੰਡ ਛੋਟਾ ਸੀ, ਸੁਪਨਾ ਵੱਡਾ ਨਿਕਲਿਆ

ਦੁਸਾਂਝ ਕਲਾਂ ਕੋਈ ਮਿਲਾਨ ਨਹੀਂ।

ਨਾ ਉੱਥੇ ਐਨੇ ਵੱਡੇ ਸਟੇਜ ਨੇ, ਨਾ ਐਨੀਆਂ ਚਮਕਦਾਰ ਲਾਈਟਾਂ।

ਪਰ ਉਸ ਪਿੰਡ ਦੀ ਮਿੱਟੀ ਵਿੱਚ ਵੀ ਸੁਪਨੇ ਉੱਗਦੇ ਨੇ।

ਇੱਕ ਮੁੰਡਾ ਉਸ ਮਿੱਟੀ ਵਿੱਚੋਂ ਉੱਠਿਆ।

ਗੀਤ ਗਾਏ।

ਅਦਾਕਾਰੀ ਕੀਤੀ।

ਆਪਣੀ ਬੋਲੀ ਨੂੰ ਆਪਣੀ ਪਛਾਣ ਬਣਾਇਆ।

ਤੇ ਅੱਜ ਦੁਨੀਆ ਦੇ ਵੱਡੇ ਸ਼ਹਿਰਾਂ ਵਿੱਚ ਪੰਜਾਬੀ ਗੂੰਜ ਰਹੀ ਹੈ।

ਮਿਲਾਨ ਦੀ ਉਸ ਰਾਤ ਮੈਨੂੰ ਵਾਰ-ਵਾਰ ਇੱਕੋ ਗੱਲ ਮਹਿਸੂਸ ਹੋਈ—

ਦੁਸਾਂਝ ਕਲਾਂ ਤੋਂ ਤੁਰਿਆ ਉਹ ਮੁੰਡਾ ਅੱਜ ਭਾਵੇਂ ਦੁਨੀਆ ਦਾ ਹੋ ਗਿਆ ਏ, ਪਰ ਪਿੰਡ ਦੀ ਅੱਖ ਵਿੱਚ ਉਹ ਅਜੇ ਵੀ ਆਪਣਾ ਹੀ ਆ।

ਅਖੀਰ ਵਿੱਚ ਸ਼ਾਇਦ ਕਿਸੇ ਪਿੰਡ ਲਈ ਇਸ ਤੋਂ ਵੱਡੀ ਖੁਸ਼ੀ ਹੋਰ ਕੋਈ ਨਹੀਂ ਹੁੰਦੀ ਕਿ ਉਸਦਾ ਪੁੱਤ ਦੁਨੀਆ ਜਿੱਤ ਲਵੇ, ਪਰ ਪਿੰਡ ਉਸਨੂੰ ਆਪਣਾ ਆਖਣ ਦਾ ਹੱਕ ਨਾ ਗੁਆਵੇ।

ਉਸ ਰਾਤ ਮਿਲਾਨ ਵਿੱਚ ਦਲਜੀਤ ਦੁਸਾਂਝ ਨਹੀਂ ਗੂੰਜਿਆ ਸੀ ਸਿਰਫ਼—

ਦੁਸਾਂਝ ਕਲਾਂ ਗੂੰਜਿਆ ਸੀ।

ਤੇ ਮੈਂ ਦੂਰ ਬੈਠਾ ਸੋਚ ਰਿਹਾ ਸੀ—

"ਓਏ ਦਿਲਜੀਤ ਆ... ਤੂੰ ਤਾਂ ਸੱਚੀਂ ਆਪਣੇ ਪਿੰਡ ਦੀ ਮਿੱਟੀ ਨੂੰ ਦੁਨੀਆ ਦੇ ਨਕਸ਼ੇ 'ਤੇ ਲਾ ਕੇ ਆ ਗਿਆ ਏਂ।"

ਪਰਮਜੀਤ ਸਿੰਘ ਦੁਸਾਂਝ (ਮਿਲਾਨ) ਇਟਲੀ।
0039-3381411381

# ਦੋਗਾਣਾ ਗਾਇਕੀ ਦਾ ਚੁਲਬੁਲਾ ਲੋਕ ਗਾਇਕ : ਗੁਰਪ੍ਰੀਤ ਵਿੱਕੀ



ਗੁਰਪ੍ਰੀਤ ਵਿੱਕੀ ਪੰਜਾਬੀ ਸੰਗੀਤ ਵਿਚ ਨਿਵੇਕਲਾ ਤੇ ਨਵਾਂ ਅਜਿਹਾ ਨਾਂ ਲੱਗਦਾ ਹੈ। ਪਰ ਇਹ ਸ਼ਖਸ ਲੰਮੇ ਅਰਸੇ ਤੋਂ ਦੋਗਾਣਿਆਂ ਦੇ ਨਾਲ ਪੰਜਾਬੀ ਗਾਇਕੀ ਵਿਚ ਸਰਗਰਮ ਹੈ। ਗੋਲੂ ਜਿਹੇ ਚਿਹਰੇ ਤੋਂ ਆਮ ਨਾਗਰਿਕ ਜਿਹਾ ਲੱਗਣ ਵਾਲਾ ਗੁਰਪ੍ਰੀਤ ਵਿੱਕੀ ਪਟਿਆਲੇ ਜ਼ਿਲ੍ਹੇ ਦੀ ਤਹਿਸੀਲ ਨਾਭਾ ਦੇ ਪਿੰਡ ਟੌਹੜਾ ਦਾ ਜੰਮਪਲ ਹੈ। ਇਨ੍ਹਾਂ ਦੇ ਪਿਤਾ ਮਰਹੂਮ ਸ੍ਰ. ਅਮਰਜੀਤ ਸਿੰਘ ਜੀ ਕਾਰਪੇਂਟਰ / ਲੱਕੜ ਦੇ ਮਿਸਤਰੀ ਵਜੋਂ ਕੰਮ ਕਰਦੇ ਰਹੇ ਤੇ ਇਨ੍ਹਾਂ ਮਾਤਾ ਪ੍ਰੀਤਮ ਕੌਰ ਘਰੇਲੂ ਜ਼ਿੰਦਗੀ ਨੂੰ ਮਾਣਦੇ ਰਹੇ। ਬਚਪਨ ਵਿਚ ਸਕੂਲ ਚ ਪੜ੍ਹਾਈ ਕਰਦਿਆਂ ਸਮੇਂ ਮੁਹੰਮਦ ਸਦੀਕ,ਹਾਕਮ ਬਖਤੜੀ ਵਾਲਾ ਅਤੇ ਸੁਰਿੰਦਰ ਛਿੰਦਾ ਵਰਗਿਆਂ ਦੀ ਪ੍ਰਚਾਲਿਤ ਗਾਇਕੀ ਨੇ ਇਸਦੇ ਬਾਲ ਮਨ ਨੂੰ ਬਹੁਤ ਪ੍ਰਭਾਵਿਤ ਕੀਤਾ। ਦਸਵੀਂ ਦੀ ਪੜ੍ਹਾਈ ਕਰਨ ਤੋਂ ਬਾਅਦ ਇਹ ਪੁਰਾਤਨ ਗਾਇਕੀ ਤੇ ਦੋਗਾਣਿਆਂ ਦੇ ਥੰਮ ਮੰਨੇ ਜਾਂਦੇ ਪੰਜਾਬੀ ਲੋਕ ਗਾਇਕ ਸਵ:ਲੱਖੀ ਵਣਜਾਰੇ ਦੀ ਸਰਪ੍ਰਸਤੀ ਹੇਠ ਇਸ ਖੇਤਰ ਵਿਚ ਆਇਆ। ਉਸ ਤੋਂ ਬਾਅਦ ਇਸ ਨੇ ਗੀਤਕਾਰ ਤੇ ਗਾਇਕ ਹਾਕਮ ਬਖਤੜੀ ਵਾਲਾ ਤੇ ਬੀਬਾ ਦਲਜੀਤ ਕੌਰ ਦੇ ਆਸ਼ੀਰਵਾਦ ਨਾਲ ਬਤੌਰ ਗਾਇਕ ਵਜੋਂ ਇਸ ਖੇਤਰ ਵਿਚ ਪ੍ਰਵੇਸ਼ ਕੀਤਾ। ਸ਼ੁਰੂਆਤੀ ਦੇ ਦਿਨਾਂ ਵਿਚ ਗੁਰਪ੍ਰੀਤ ਵਿੱਕੀ ਨੇ ਲਵਪ੍ਰੀਤ ਲਾਲੀ, ਸਿੰਮੀ ਰੰਧਾਵਾ ਅਤੇ ਬੀਬਾ ਕਮਲਪ੍ਰੀਤ ਵਰਗੀਆਂ ਉਭਰ ਦੀਆਂ ਹੋਈਆਂ ਗਾਇਕਾਵਾਂ ਦੇ ਨਾਲ ਗਾਇਆ ਤੇ ਬਾਅਦ ਵਿਚ ਇਸ ਨੇ ਜਸਪ੍ਰੀਤ ਜੱਸੀ ਨਾਲ ਪੱਕੇ ਤੌਰ ਤੇ ਸਹਿ ਗਾਇਕਾਂ ਵਜੋਂ ਆਪਣੀ ਜੋੜੀ ਬਣਾ ਲਈ। ਸਵ: ਗਾਇਕ ਤੇ ਗੀਤਕਾਰ ਲੱਖੀ ਵਣਜਾਰੇ ਦੇ ਗੀਤ:- "ਖੁਸ਼ ਲੱਗਦਾ ਜੀਜਾ"ਦੋਗਾਣਾ ਗਾਉਣ ਵਾਲਾ ਗੁਰਪ੍ਰੀਤ ਵਿੱਕੀ ਅੱਜ ਆਪਣੀਆਂ ਤੇਰੀ ਭੈਣ ਕੋਲ ਕਾਕਾ, ਸਰਪੰਚੀ, ਹੌਸਲਾ ਰੱਖ ਜੱਟ ਵਰਗਾ, ਕਬੂਤਰ ਬਾਜ਼ੀ ਅਤੇ ਜਿਹੜੀ ਕਾਲਜ ਵਿਚ ਪੜ੍ਹਦੀ ਵਰਗੀਆਂ ਅਨੇਕਾਂ ਦੋਗਾਣਾ, ਸੋਲੋ ਤੇ ਧਾਰਮਿਕ ਕੈਸਟਾਂ/ਸੀਡੀਆਂ ਦੀ ਭਰਮਾਰ ਕਰ ਚੁੱਕਾ ਹੈ। ਗੀਤਕਾਰ ਲੱਖੀ ਵਣਜਾਰੇ ਤੋਂ ਆਪਣੀ ਗਾਇਕੀ ਦੀ ਸ਼ੁਰੂਆਤ ਕਰਨ ਵਾਲਾ ਗੁਰਪ੍ਰੀਤ ਵਿੱਕੀ ਹਰ ਜਾਗ ਟਿਵਾਣਾ,ਮੀਤਾ ਗਿੱਲਾਂਵਾਲਾ, ਮਨਦੀਪ ਘਣੀਵਾਲ, ਗਾਮੀ ਸੰਗਤਪੁਰੀਆ, ਹਾਕਮ ਬਖਤੜੀ ਵਾਲਾ ਜਗਦੇਵ ਭੂੰਦੜ, ਮੰਗਤ ਜੰਗਪੁਰ ਵਾਲਾ, ਰਾਮ ਮਹਿਰਾ, ਬੰਤ ਲਲੌੜੀ, ਸੇਵਾ ਸਿੰਘ ਨੌਰਥ ਤੇ ਦਰਸ਼ਨ ਸ਼ੌਂਕੀ ਸ਼ਾਹਪੁਰੀਆ ਵਰਗੇ ਹੋਰ ਵੀ ਅਨੇਕਾ ਗੀਤਕਾਰਾਂ ਦੇ ਗੀਤ ਗਾ ਚੱਕਾ ਹੈ। ਭਾਵੇਂ ਗੁਰਪ੍ਰੀਤ ਵਿੱਕੀ ਸੰਗੀਤ ਦੇ ਖੇਤਰ ਵਿਚ ਆਪਣੇ ਨਾਂ ਦੀ ਬਹੁਤੀ ਪਹਿਚਾਣ ਨਹੀਂ ਬਣਾ ਸਕਿਆ ਪਰ ਪਿੰਡਾਂ/ਸ਼ਹਿਰਾਂ ਵਿਚ ਲੱਗਣ ਵਾਲੇ ਸੱਭਿਆਚਾਰਕ ਮੇਲਿਆਂ ਰਾਹੀਂ ਉਹ ਲੋਕਾਂ ਦੇ ਦਿਲਾਂ ਵਿਚ ਖਾਸ ਜਗ੍ਹਾ ਬਣਾਈ ਬੈਠਾ ਹੈ। ਖੁੱਲ੍ਹੇ ਅਖਾੜਿਆਂ ਵਿਚ ਸਰੋਤੇ ਉਸ ਦੀ ਗਾਇਕੀ ਦਾ ਭਰਪੂਰ ਆਨੰਦ ਮਾਣਦੇ ਹਨ। 100 ਦੇ ਕਰੀਬ ਦੋਗਾਣਿਆਂ ਨੂੰ ਰਿਕਾਰਡ ਕਰਵਾਉਣ ਵਾਲਾ ਗੁਰਪ੍ਰੀਤ ਵਿੱਕੀ ਆਪਣੇ ਪਿੰਡ ਟੌਹੜਾ ਵਿਖੇ ਆਪਣੇ ਪਰਿਵਾਰ ਸਮੇਤ ਸੁਖਾਵੀਂ ਜ਼ਿੰਦਗੀ ਦਾ ਆਨੰਦ ਮਾਣ ਰਿਹਾ ਹੈ। ਪ੍ਰਮਾਤਮਾ ਕਰੇ ਦੋਗਾਣਾ ਗਾਇਕੀ ਦਾ ਇਹ ਚੁਲਬੁਲਾ ਲੋਕ ਗਾਇਕ ਆਪਣੇ ਗੀਤਾਂ ਦੇ ਨਾਲ ਲੋਕ ਮਨਾਂ ਦਾ ਮਨੋਰੰਜਨ ਕਰਦਾ ਹੋਇਆ ਆਪਣੀ ਗਾਇਕੀ ਵਿਚ ਚਿਰਸਥਾਈ ਵਾਧਾ ਕਰਦਾ ਰਵੇ।

ਸਰੂਪ ਸਿੰਘ ਚੌਧਰੀ ਮਾਜਰਾ (ਨਾਭਾ)
99886-27880

# ਚਾਰਟਰਡ ਜਹਾਜ਼ ਨੂੰ 'ਖਿਡੌਣਾ ਜਹਾਜ਼' ਕਹਿ ਕੇ ਫਸੀ ਨੋਰਾ ਫ਼ਤੇਹੀ, ਤਿੰਨ ਕਰੋੜ ਰੁਪਏ ਦਾ ਮਾਣਹਾਨੀ ਮੁਕੱਦਮਾ ਦਾਇਰ



ਬਾਲੀਵੁੱਡ ਅਦਾਕਾਰਾ ਨੋਰਾ ਫ਼ਤੇਹੀ ਵਿਰੁੱਧ ਇੱਕ ਏਅਰਲਾਈਨ ਨੇ ਗਾਂਧੀਨਗਰ ਅਦਾਲਤ ਵਿੱਚ ਤਿੰਨ ਕਰੋੜ ਰੁਪਏ ਦਾ ਮਾਣਹਾਨੀ ਦਾ ਮੁਕੱਦਮਾ ਦਾਇਰ ਕੀਤਾ ਹੈ। ਕੰਪਨੀ ਦਾ ਦੋਸ਼ ਹੈ ਕਿ ਸੋਸ਼ਲ ਮੀਡੀਆ 'ਤੇ ਨੋਰਾ ਦੀਆਂ ''ਅਪਮਾਨਜਨਕ ਅਤੇ ਗ਼ੈਰ-ਜ਼ਿੰਮੇਵਾਰਾਨਾ'' ਟਿੱਪਣੀਆਂ – ਜਿਨ੍ਹਾਂ ਵਿੱਚ ਉਨ੍ਹਾਂ ਨੇ ਕੰਪਨੀ ਦੇ ਚਾਰਟਰਡ ਜਹਾਜ਼ ਨੂੰ ਖਿਡੌਣਾ ਜਹਾਜ਼ ਕਿਹਾ ਸੀ – ਨਾਲ ਕੰਪਨੀ ਦੀ ਸਾਖ ਨੂੰ ਭਾਰੀ ਨੁਕਸਾਨ ਪਹੁੰਚਿਆ ਹੈ। ਸੀਨੀਅਰ ਸਿਵਲ ਜੱਜ ਆਰ. ਅਗਰਵਾਲ ਦੀ ਅਦਾਲਤ ਇਸ ਮਾਮਲੇ ਦੀ ਸੁਣਵਾਈ 25 ਸਤੰਬਰ ਨੂੰ ਕਰੇਗੀ। ਕੰਪਨੀ ਨੇ ਦੋਸ਼ ਲਾਇਆ ਕਿ 4.6 ਕਰੋੜ ਤੋਂ ਵੱਧ ਫ਼ਾਲੋਅਰਜ਼ ਦੀ ਗਿਣਤੀ ਵਾਲੀ ਅਦਾਕਾਰਾ ਦੇ ''ਗ਼ੈਰ-ਜ਼ਿੰਮੇਵਾਰਾਨਾ'' ਬਿਆਨਾਂ ਦੀ ਵਜ੍ਹਾ ਨਾਲ ਬੁਕਿੰਗਾਂ ਰੱਦ ਹੋਈਆਂ ਅਤੇ ਕੰਪਨੀ ਦੇ ਵਪਾਰਕ ਕੰਮਕਾਜ ਨੂੰ ਭਾਰੀ ਨੁਕਸਾਨ ਪਹੁੰਚਿਆ। ਇਸ ਸਾਲ ਅਪਰੈਲ ਵਿੱਚ ਦਾਇਰ ਮੁਕੱਦਮੇ ਵਿੱਚ ਕਿਹਾ ਗਿਆ ਕਿ ਫ਼ਤੇਹੀ ਨੇ ਬਿਆਨ ''ਲਾਪਰਵਾਹ, ਗ਼ੈਰ-ਜ਼ਿੰਮੇਵਾਰਾਨਾ ਅਤੇ ਬਿਨਾਂ ਕਿਸੇ ਤਕਨੀਕੀ ਜਾਣਕਾਰੀ, ਪੁਸ਼ਟੀ ਜਾਂ ਤੱਥਾਂ ਦੇ ਆਧਾਰ ਤੋਂ ਦਿੱਤੇ'' ਸਨ। 'ਡਿਊਨਜ਼ ਐਵੀਏਸ਼ਨ' ਨੇ ਕਿਹਾ ਕਿ ਫ਼ਤੇਹੀ ਦੇ ਵੱਡੀ ਗਿਣਤੀ ਵਿੱਚ ਫ਼ਾਲੋਅਰ ਹੋਣ ਕਾਰਨ, ਉਨ੍ਹਾਂ ਦੇ ''ਗ਼ੈਰ-ਜ਼ਿੰਮੇਵਾਰਾਨਾ ਬਿਆਨਾਂ'' ਨਾਲ ਕੰਪਨੀ ਦੀ ''ਸਾਖ ਨੂੰ ਗੰਭੀਰ ਨੁਕਸਾਨ ਪਹੁੰਚਿਆ ਹੈ ਅਤੇ ਵਪਾਰਕ ਤੌਰ 'ਤੇ ਬੁਰਾ ਅਸਰ ਪਿਆ ਹੈ।

LEGAL & BUSINESS SOLUTIONS FOR NRI'S
Property • Family • Business • Taxation Matters

ਪੰਜਾਬ ਵਿੱਚ ਜੇਕਰ ਤੁਹਾਨੂੰ ਆਪਣੇ ਜ਼ਮੀਨੀ, ਪਰਿਵਾਰਿਕ ਜਾਂ ਵਿਓਪਾਰਕ ਝਗੜੇ ਲਈ ਕਨੂੰਨੀ ਸਲਾਹ ਦੀ ਲੋੜ ਹੈ ਤਾਂ ਸਾਡੇ ਕੋਲ ਮਾਹਿਰ ਵਕੀਲਾਂ ਦੀ ਟੀਮ, ਤੁਹਾਡੇ ਸਮਲੇ ਦਾ ਹੱਲ ਕਰ ਸਕਦੀ ਹੈ, ਤੁਹਾਨੂੰ ਜਾਣ ਦੀ ਵੀ ਲੋੜ ਨਹੀਂ

PROPERTY MATTERS
ਜ਼ਮੀਨ/ਜਾਇਦਾਦ ਦੇ ਮਾਮਲੇ
- Ancestral Property Issues
- ਜੱਦੀ ਜਾਇਦਾਦ ਦੇ ਮਸਲੇ
- Wills, Estate, Probate
- ਵਸੀਅਤ, ਅਸਟੇਟ, ਪ੍ਰੋਬੇਟ
- Partition of Property
- ਜਾਇਦਾਦ ਦੀ ਵੰਡ
- Removing illegal possession or encroachments
- ਨਾਜਾਇਜ਼ ਕਬਜ਼ੇ ਦੇ ਮਾਮਲੇ
- Disputes with Municipality, Government etc.
- ਨਗਰ ਪਾਲਿਕਾ ਨਾਲ ਵਿਵਾਦ, ਸਰਕਾਰੀ ਝਗੜੇ

FAMILY MATTERS
ਪਰਿਵਾਰਕ ਝਗੜੇ
- Divorce and Separation
- ਤਲਾਕ ਦੇ ਮਾਮਲੇ
- Maintenance or Alimony
- ਰੱਖ-ਰਖਾਵ ਜਾਂ ਗੁਜ਼ਾਰਾ
- Matrimonial Property disputes
- ਵਿਆਹੁਤਾ ਸੰਪਤੀ ਵਿਵਾਦ
- Child Custody
- ਬੱਚੇ ਦੀ ਹਿਰਾਸਤ

BUSINESS/COMMERCIAL DISPUTES
ਵਿਓਪਾਰਕ ਝਗੜੇ
- Startup business in India (we provide services from incorporation to commencement)
- ਭਾਰਤ ਵਿੱਚ ਕਾਰੋਬਾਰ ਸ਼ੁਰੂ ਕਰਨ ਲਈ ਹਰ ਤਰ੍ਹਾਂ ਦੀ ਸਹਾਇਤਾ ਕਰਦੇ ਹਾਂ
- Business outsourcing
- ਵਪਾਰ ਆਊਟਸੋਰਸਿੰਗ
- Taxation issues
- ਟੈਕਸ ਦੇ ਮਸਲੇ
- Partnership disputes
- ਭਾਈਵਾਲੀ ਦੇ ਝਗੜੇ
- Breach of contract, recovery of unpaid dues
- ਇਕਰਾਰਨਾਮੇ ਦੀ ਉਲੰਘਣਾ, ਅਦਾ ਨਾ ਕੀਤੇ ਬਕਾਏ ਦੀ ਵਸੂਲੀ

INDOWORLD BUSINESS SOLUTIONS INC.
Contact:
Indoworld Business Solutions
Phone: 416-840-4365
Email: info@indoworldbusinesssolutions.com

ACCESS PERSONNEL RESOURCES INC.
TEMPORARY STAFFING AGENCY
WE ARE HIRING
Join Our Team



OPEN POSITION
- General Labour
- Forklift Operators
- Sanitation Workers
- Machine Operators
- Mixers/Bakers
- Shippers/Receivers

REQUIREMENTS:
The person should be fluent in english, able to work long hours.
The person should be able to work full time with valid work permit or PR holders

APPLY NOW

Send your resume
disptach.accesspersonnel@gmail.com
Contact: 416-675-2288

Shift Available
Morning
Afternoon
Night




# ਸੁੱਕਾ ਪੱਤਾ (ਕਹਾਣੀ)

"ਬੀਬੀ ਛੱਡ ਨੀ ਪੀੜੀ ਦਾ ਪਾਵਾ,
ਸਾਡਾ ਕੀ ਏ ਦਾਅਵਾ,
ਨੀ ਦਾਅਵੇ ਵਾਲੇ ਲੈ ਨੀ ਚੱਲੇ..."

ਪਤਾ ਨਹੀਂ ਕਿੱਥੋਂ ਇਹ ਬੋਲ ਅਚਾਨਕ ਉਸਦੇ ਕੰਨਾਂ ਵਿੱਚ ਗੂੰਜਣ ਲੱਗ ਪਏ। ਕੁੜੀਆਂ ਦੇ ਵਿਆਹਾਂ ਵਿੱਚ ਇਹ ਗੀਤ ਉਸਨੇ ਅਕਸਰ ਸੁਣਿਆ ਸੀ, ਪਰ ਅੱਜ ਸ਼ਾਇਦ ਇਨ੍ਹਾਂ ਸ਼ਬਦਾਂ ਨੂੰ ਅਰਥ ਮਿਲ ਗਏ ਸਨ। ਆਪ-ਮੁਹਾਰੇ ਹੀ ਉਸਦੀਆਂ ਅੱਖਾਂ ਵਿੱਚੋਂ ਹੰਝੂ ਤ੍ਰਿਪ-ਤ੍ਰਿਪ ਕਰਕੇ ਡਿੱਗਣ ਲੱਗ ਪਏ।

"ਧੀਏ, ਜਨਾਨੀ ਜਾਤ ਤਾਂ ਸੁੱਕੇ ਪੱਤੇ ਵਰਗੀ ਹੁੰਦੀ ਐ। ਹਨੇਰੀ ਆਵਦੇ ਨਾਲ ਹੀ ਉਡਾ ਲੈ ਜਾਂਦੀ ਐ।"

ਨਾਨੀ, ਦਾਦੀ ਅਤੇ ਮਾਂ ਦੇ ਮੂੰਹੋਂ ਇਹ ਲਫ਼ਜ਼ ਉਸਨੇ ਬਹੁਤ ਵਾਰ ਸੁਣੇ ਸਨ, ਪਰ ਅੱਜ ਉਸਨੂੰ ਇਨ੍ਹਾਂ ਦੀ ਅਸਲ ਸੱਚਾਈ ਦਾ ਅਹਿਸਾਸ ਹੋਇਆ ਸੀ।

ਉਹ ਸਿਰ ਸੁੱਟੀ ਡੂੰਘੀਆਂ ਸੋਚਾਂ ਵਿੱਚ ਗੁਆਚੀ ਪਈ ਸੀ। ਕੱਲ੍ਹ ਕੀ ਹੋਊਗਾ—ਇਹ ਸੋਚ-ਸੋਚ ਕੇ ਹੀ ਉਸਦਾ ਸਰੀਰ ਕੰਬ ਰਿਹਾ ਸੀ। ਕੋਈ ਜਨਾਨੀ ਆ ਕੇ ਉਸਨੂੰ ਰੋਟੀ ਖਾਣ ਲਈ ਕਹਿ ਰਹੀ ਸੀ, ਪਰ ਉਸਦਾ ਤਾਂ ਮਨ ਹੀ ਮਰ ਚੁੱਕਾ ਸੀ। ਫਿਰ ਢਾਈ ਸਾਲਾਂ ਦੇ ਪੁੱਤ ਦਾ ਖ਼ਿਆਲ ਆਇਆ ਤਾਂ ਉਹ ਅਣਮੰਨੇ ਜਿਹੇ ਮਨ ਨਾਲ ਰੋਟੀ ਖਾਣ ਲੱਗ ਪਈ।

ਉਸਦੀ ਉੱਖੜੀ ਜਿਹੀ ਜ਼ਿੰਦਗੀ ਅੱਖਾਂ ਅੱਗੇ ਘੁੰਮਣ ਲੱਗੀ।

ਯਾਦ ਆਇਆ, ਨਿੱਕੀ ਹੁੰਦੀ ਉਸਨੂੰ ਵੀ ਵੀਰ ਵਾਂਗ ਸਾਈਕਲ ਗਲੀਆਂ ਵਿੱਚ ਚਲਾਉਣ ਦਾ ਬਹੁਤ ਸ਼ੌਕ ਸੀ, ਪਰ ਬਾਪੂ ਨੇ ਘੂਰ ਕੇ ਕਿਹਾ ਸੀ, "ਕੁੜੀਆਂ ਇੰਜ ਬਾਹਰ ਨਹੀਂ ਫਿਰਦੀਆਂ।"

ਸਕੂਲ ਵਿੱਚ ਪੜ੍ਹਦਿਆਂ ਉਸਦਾ ਮਨ ਵੀ ਸਕੂਲ ਟੂਰ 'ਤੇ ਜਾਣ ਨੂੰ ਕਰਦਾ ਸੀ, ਪਰ ਬਾਪ ਨਾ ਮੰਨਿਆ। ਕਹਿਣ ਲੱਗਾ, "ਕੁੜੀ ਦਾ ਇੰਜ ਘੁੰਮਣਾ ਕੋਈ ਚੰਗੀ ਗੱਲ ਨਹੀਂ।"

ਉਹ ਕਾਲਜ ਤੱਕ ਪੜ੍ਹ ਗਈ, ਪਰ ਕਿਤੇ ਵੀ ਘੁੰਮਣ ਦੀ ਇਜਾਜ਼ਤ ਨਾ ਮਿਲੀ। ਹਰ ਵਾਰ ਮਨ ਮਾਰ ਕੇ ਹੀ ਰਹਿ ਜਾਂਦੀ।

ਫਿਰ ਉਸਨੂੰ ਯਾਦ ਆਇਆ ਕਿ ਕਿਵੇਂ ਉਹ ਵਕਾਲਤ ਦੀ ਪੜ੍ਹਾਈ ਕਰਨਾ ਚਾਹੁੰਦੀ ਸੀ, ਪਰ ਬਾਪ ਨੂੰ ਉਸਦਾ ਇੰਜ ਜ਼ਬਾਨ ਚਲਾਉਣ ਵਾਲਾ ਕਿੱਤਾ ਪਸੰਦ ਨਹੀਂ ਸੀ। ਉਹ ਤਾਂ ਉਸਨੂੰ ਪ੍ਰਾਈਵੇਟ ਹੀ ਪੜ੍ਹਾਉਣਾ ਚਾਹੁੰਦਾ ਸੀ। ਭਲਾ ਹੋਵੇ ਮਾਂ ਦਾ, ਜਿਸਦੀਆਂ ਮਿੰਨਤਾਂ-ਤਰਲੇ ਉਸਨੂੰ ਕਾਲਜ ਜਾਣ ਦਾ ਮੌਕਾ ਦੇ ਗਏ।

ਭਾਵੇਂ ਬਾਅਦ ਵਿੱਚ ਉਸਦੇ ਚੰਗੇ ਨੰਬਰ ਅਤੇ ਅਧਿਆਪਕਾਂ ਤੋਂ ਮਿਲੀ ਸਲਾਹੁਤਾ ਸੁਣ ਕੇ ਬਾਪ ਨੇ ਉਸਨੂੰ ਐੱਮ.ਐੱਸ.ਸੀ. ਵੀ ਕਰਵਾ ਦਿੱਤੀ ਸੀ, ਪਰ ਨੌਕਰੀ ਕਰਨ ਦੀ ਇਜਾਜ਼ਤ ਫਿਰ ਵੀ ਨਾ ਮਿਲੀ।

ਉਸਨੇ ਬਹੁਤ ਮਿੰਨਤਾਂ ਕੀਤੀਆਂ, ਪਰ ਕਿਸੇ 'ਤੇ ਕੋਈ ਅਸਰ ਨਾ ਹੋਇਆ। ਮਾਂ ਵੀ ਘਰ ਵਿੱਚ ਕਲੇਸ਼ ਪੈਣ ਦੇ ਡਰੋਂ ਹੱਥ ਬੰਨ੍ਹ ਕੇ ਖੜ੍ਹ ਗਈ ਅਤੇ ਅਖ਼ੀਰ ਉਹ ਫਿਰ ਚੁੱਪ ਹੋ ਗਈ।

ਚੰਦ ਹੀ ਦਿਨਾਂ ਵਿੱਚ ਵੀਰ ਨੇ ਉਸਦਾ ਰਿਸ਼ਤਾ ਵੀ ਪੱਕਾ ਕਰ ਦਿੱਤਾ। ਕਿਸੇ ਦੋਸਤ ਨੇ ਦੱਸ ਪਾਈ ਸੀ। ਪਿਉ ਵੀ ਇਸ ਰਿਸ਼ਤੇ ਤੋਂ ਬਹੁਤ ਖੁਸ਼ ਸੀ, ਭਾਵੇਂ ਕਈ ਲੋਕ ਆ ਕੇ ਦੱਸ ਗਏ ਸਨ ਕਿ ਮੁੰਡਾ ਨਸ਼ੇ ਕਰਦਾ ਹੈ।

ਪਰ ਸ਼ਾਇਦ ਜ਼ਮੀਨ-ਜਾਇਦਾਦ ਨੇ ਸਭ ਦੀਆਂ ਅੱਖਾਂ 'ਤੇ ਪਰਦਾ ਪਾ ਦਿੱਤਾ ਸੀ।

ਉਹ ਫਿਰ ਬਹੁਤ ਕੁਰਲਾਈ, ਪਰ ਕਿਸੇ 'ਤੇ ਕੋਈ ਅਸਰ ਨਾ ਹੋਇਆ।

ਵਿਆਹ ਹੋਇਆ ਤਾਂ ਪਤਾ ਲੱਗਾ ਕਿ ਉਹ ਤਾਂ ਨਸ਼ੇ-ਪੱਤੇ ਵਿੱਚ ਧੁੱਤ ਰਹਿੰਦਾ ਸੀ। ਉਂਞ ਭਾਵੇਂ ਉਹ ਉਸਨੂੰ ਬਹੁਤ ਪਿਆਰ ਕਰਦਾ ਸੀ ਅਤੇ ਉਸਨੂੰ ਉਸਦੇ ਸੁਧਰਨ ਦੀ ਆਸ ਵੀ ਪੂਰੀ ਸੀ। ਕਿੰਨੀ ਵਾਰ ਸਹੁੰਆਂ ਖਾਧੀਆਂ ਉਸਨੇ—"ਬੱਸ, ਹੁਣ ਸੁਧਰ ਜਾਊਂਗਾ।"

ਪਰ ਪਤਾ ਨਹੀਂ ਕਿਉਂ, ਫਿਰ ਨਸ਼ਾ ਨਾ ਛੱਡ ਸਕਿਆ।

ਸਾਲ ਕੁ ਅੰਦਰ ਮੁੰਡਾ ਵੀ ਹੋ ਗਿਆ। ਉਸਨੂੰ ਲੱਗਿਆ ਕਿ ਸ਼ਾਇਦ ਹੁਣ ਸਭ ਕੁਝ ਠੀਕ ਹੋ ਜਾਊਗਾ। ਪਰ ਸਭ ਉਵੇਂ ਹੀ ਚੱਲਦਾ ਰਿਹਾ।

ਅਜੇ ਵਿਆਹ ਨੂੰ ਸਾਢੇ ਤਿੰਨ ਸਾਲ ਹੀ ਤਾਂ ਹੋਏ ਸਨ ਕਿ ਇਹ ਭਾਣਾ ਵਰਤ ਗਿਆ।

ਨਸ਼ੇ ਦੇ ਟੀਕੇ ਦੀ ਵੱਧ ਮਾਤਰਾ ਕਾਰਨ ਦਿਲ ਫੇਲ੍ਹ ਹੋ ਗਿਆ।

ਉਹ ਚਲਾ ਗਿਆ... ਤੇ ਉਸਦੀ ਹਾਲਤ ਸੱਚਮੁੱਚ ਸੁੱਕੇ ਪੱਤੇ ਜਿਹੀ ਕਰ ਗਿਆ।

ਘਰ ਵਿੱਚ ਹੁੰਦੀ ਘੁਸਰ-ਮੁਸਰ ਉਸਨੂੰ ਸੱਥਰ 'ਤੇ ਬੈਠੀ ਨੂੰ ਵੀ ਸੁਣਾਈ ਦੇ ਰਹੀ ਸੀ। ਉਸਨੂੰ ਭਿਣਕ ਪੈ ਗਈ ਸੀ ਕਿ ਹੁਣ ਉਸਨੂੰ ਦਿਉਰ ਦੇ ਸਿਰ ਬਿਠਾਉਣ ਨੂੰ ਫਿਰਦੇ ਹਨ।

ਇਹ ਗੱਲ ਸੁਣ ਕੇ ਤਾਂ ਉਸਦੇ ਪੈਰਾਂ ਥੱਲੋਂ ਜ਼ਮੀਨ ਹੀ ਨਿਕਲ ਗਈ ਸੀ।

ਪਰ ਉਸਨੂੰ ਆਸ ਸੀ ਕਿ ਛੋਟਾ ਇਨਕਾਰ ਕਰ ਦੇਵੇਗਾ। ਉਹ ਉਸਤੋਂ ਚਾਰ ਸਾਲ ਛੋਟਾ ਸੀ। ਪਰ ਪਤਾ ਨਹੀਂ ਕੀ ਹੋਇਆ—ਛੋਟੇ ਨੂੰ ਉਸ 'ਤੇ ਤਰਸ ਆ ਗਿਆ, ਭਤੀਜੇ ਦਾ ਮੋਹ ਆ ਗਿਆ ਜਾਂ ਜ਼ਮੀਨ ਦਾ ਲਾਲਚ... ਉਸਨੇ ਵੀ ਹਾਂ ਕਰ ਦਿੱਤੀ।

ਦੁੱਖ ਦੀ ਗੱਲ ਤਾਂ ਇਹ ਸੀ ਕਿ ਕਿਸੇ ਨੇ ਉਸਨੂੰ ਦੱਸਣਾ ਵੀ ਮੁਨਾਸਿਬ ਨਾ ਸਮਝਿਆ। ਪੁੱਛਣ ਦੀ ਤਾਂ ਗੱਲ ਹੀ ਦੂਰ ਸੀ।

ਅੱਜ ਭੋਗ ਤੋਂ ਬਾਅਦ ਉਸਦਾ ਬਾਪ, ਭਰਾ, ਸਹੁਰਾ, ਦਿਉਰ ਅਤੇ ਦੋਹਾਂ ਪਿੰਡਾਂ ਦੇ ਪਤਵੰਤੇ ਪੰਚਾਇਤ ਸਜਾ ਕੇ ਉਸਦੀ ਜ਼ਿੰਦਗੀ ਦਾ ਫ਼ੈਸਲਾ ਕਰਨ ਬੈਠੇ ਸਨ।

ਉਹ ਚੁੱਪਚਾਪ ਕੋਨੇ ਵਿੱਚ ਸਿਰ ਸੁੱਟੀ, ਉਨ੍ਹਾਂ ਦੇ ਫ਼ੈਸਲੇ ਦਾ ਇੰਤਜ਼ਾਰ ਕਰ ਰਹੀ ਸੀ।

ਅਚਾਨਕ ਉਸਦੇ ਅੰਦਰੋਂ ਕੋਈ ਆਵਾਜ਼ ਉੱਠੀ—

"ਤੂੰ ਕੋਈ ਸੁੱਕਾ ਪੱਤਾ ਨਹੀਂ ਆਂ, ਜੋ ਹਨੇਰੀਆਂ ਵਿੱਚ ਰੁਲ ਜਾਵੇਂ। ਤੂੰ ਇੱਕ ਜਿਉਂਦੀ-ਜਾਗਦੀ ਇਨਸਾਨ ਐਂ। ਤੇਰਾ ਆਪਣਾ ਵਜੂਦ ਐ। ਤੂੰ ਕੱਠਪੁਤਲੀ ਨਹੀਂ ਆਂ, ਜੋ ਹਮੇਸ਼ਾ ਦੂਜਿਆਂ ਦੇ ਇਸ਼ਾਰਿਆਂ 'ਤੇ ਹੀ ਨੱਚੇ।"

ਇਸ ਆਵਾਜ਼ ਨੇ ਜਿਵੇਂ ਉਸਦੇ ਅੰਦਰ ਕੋਈ ਗੈਬੀ ਸ਼ਕਤੀ ਜਗਾ ਦਿੱਤੀ ਸੀ।

ਦੂਜੇ ਪਾਸੇ ਪੰਚਾਇਤ ਵਿੱਚ ਸਲਾਹ ਹੋ ਰਹੀ ਸੀ।

"ਭਾਈ, ਧੀ ਦਾ ਚੰਗਾ ਹੀ ਸੋਚਾਂਗੇ।"

"ਘਰ ਦੀ ਇੱਜ਼ਤ ਘਰ ਹੀ ਰਹਿ ਜਾਊ।"

"ਮੁੰਡਿਆਂ, ਤੂੰ ਤਾਂ ਪੁੰਨ ਖੱਟ ਲਿਆ।"

ਇਹ ਆਵਾਜ਼ਾਂ ਉਸਦੇ ਕੰਨਾਂ ਵਿੱਚ ਪੈ ਰਹੀਆਂ ਸਨ।

"ਭਾਈ, ਕੋਈ ਕੁੜੀ ਨੂੰ ਵੀ ਪੁੱਛ ਲਓ," ਕਿਸੇ ਨੇ ਵਿਚੋਂ ਆਖਿਆ।

"ਕੁੜੀ ਨੂੰ ਕੀ ਪਤਾ! ਅਸੀਂ ਬੈਠੇ ਆਂ ਫ਼ੈਸਲਾ ਕਰਨ ਨੂੰ," ਉਸਦਾ ਸਹੁਰਾ ਗਰਜ ਕੇ ਬੋਲਿਆ।

ਅਤੇ ਫਿਰ...

ਉਹ ਅਚਾਨਕ ਉੱਠ ਖੜ੍ਹੀ ਹੋਈ।

ਸਭ ਉਸ ਵੱਲ ਡੌਰ-ਭੌਰ ਹੋ ਕੇ ਦੇਖਣ ਲੱਗੇ।

ਆਪਣੀਆਂ ਇੱਛਾਵਾਂ ਦਾ ਗਲਾ ਘੁੱਟਣ ਵਾਲੀ, ਹਰ ਗੱਲ 'ਤੇ ਚੁੱਪ ਕਰ ਜਾਣ ਵਾਲੀ ਉਹ ਔਰਤ ਅੱਜ ਪਹਿਲੀ ਵਾਰ ਗਰਜ ਕੇ ਬੋਲੀ—

"ਆਪਣੀ ਜ਼ਿੰਦਗੀ ਤੁਹਾਡੇ ਹਵਾਲੇ ਕਰਨ ਤੋਂ ਮੈਂ ਇਨਕਾਰ ਕਰਦੀ ਆਂ। ਮੈਨੂੰ ਤੁਹਾਡਾ ਇਹ ਫ਼ੈਸਲਾ ਮਨਜ਼ੂਰ ਨਹੀਂ। ਮੈਂ ਆਪਣਾ ਬੱਚਾ ਆਪ ਨੌਕਰੀ ਕਰਕੇ ਪਾਲ ਸਕਦੀ ਆਂ। ਤੇ ਜੇਕਰ ਤੁਹਾਡੇ ਵਿੱਚੋਂ ਕਿਸੇ ਨੂੰ ਵੀ ਮੇਰੇ ਫ਼ੈਸਲੇ 'ਤੇ ਇਤਰਾਜ਼ ਐ, ਤਾਂ ਮੈਂ ਹੁਣੇ, ਇਸੇ ਵਕਤ ਇਹ ਘਰ ਛੱਡਣ ਨੂੰ ਤਿਆਰ ਆਂ।"

ਕੁਝ ਪਲਾਂ ਲਈ ਸਾਰਾ ਵਿਹੜਾ ਸੁੰਨ ਹੋ ਗਿਆ।

ਜਿਹੜੇ ਲੋਕ ਹੁਣ ਤੱਕ ਉਸਦੀ ਜ਼ਿੰਦਗੀ ਦਾ ਫ਼ੈਸਲਾ ਕਰ ਰਹੇ ਸਨ, ਉਹ ਸਾਰੇ ਸਿਰ ਸੁੱਟੀ ਬੈਠੇ ਸਨ।

ਤੇ ਉਹ...

ਆਪਣੇ ਵਜੂਦ ਦੀ ਰਾਖੀ ਲਈ ਹਿੱਕ ਤਾਣ ਕੇ ਖੜ੍ਹੀ ਸੀ।

ਅੱਜ ਉਸਨੂੰ ਸਮਝ ਆ ਗਿਆ ਸੀ—

ਉਹ ਸੁੱਕਾ ਪੱਤਾ ਨਹੀਂ ਸੀ।

ਉਹ ਤਾਂ ਉਹ ਦਰੱਖ਼ਤ ਸੀ, ਜਿਸਦੀਆਂ ਜੜ੍ਹਾਂ ਨੇ ਬਹੁਤ ਕੁਝ ਸਹਿ ਕੇ ਵੀ ਉਸਨੂੰ ਖੜ੍ਹਾ ਰੱਖਿਆ ਸੀ।

ਕਹਾਣੀਕਾਰਾ- ਹਰਪ੍ਰੀਤ ਬਰਾੜ ਸਿੱਧੂ

# ਅਧਿਆਪਕ...




ਮਨੁੱਖ ਸਾਰੀ ਜ਼ਿੰਦਗੀ ਕੁਝ ਨਾ ਕੁਝ ਸਿੱਖਦਾ ਰਹਿੰਦਾ ਹੈ।ਉਸ ਦੀ ਸਿੱਖਿਆ ਰਸਮੀ ਤੇ ਗੈਰ ਰਸਮੀ ਤੌਰ ਤੇ ਹੁੰਦੀ ਹੈ। ਰਸਮੀ ਸਿੱਖਿਆ ਦੇਣ ਵਾਲੇ ਨੂੰ ਅਧਿਆਪਕ ਕਹਿੰਦੇ ਹਨ। ਅਧਿਆਪਕ ਹੀ ਹੈ ਜੋ ਤੁਹਾਨੂੰ ਬੋਲੀ ਤੇ ਭਾਸ਼ਾ ਨੂੰ ਲਿਪੀ ਵਿੱਚ ਬਦਲਣ ਦੀ ਮੁਹਾਰਤ ਦਿੰਦਾ ਹੈ। ਤੁਸੀਂ ਆਪਣੀ ਗੱਲ ਨੂੰ ਕਹਿਣਾ ਬੇਸ਼ੱਕ ਮਾਂ ਬਾਪ ਜਾਂ ਸਮਾਜ ਤੋਂ ਸਿੱਖ ਜਾਵੋ ਪਰ ਤਰੀਕੇ ਨਾਲ ਕਹਿਣਾ ਤੇ ਲਿਖਣਾ ਅਧਿਆਪਕ ਤੋਂ ਹੀ ਸਿੱਖਦੇ ਹੋ। ਅਧਿਆਪਕ ਸਿਰਫ ਪੜਾਉਂਦਾ ਨਹੀਂ ਉਹ ਜੀਵਨ ਦੀ ਜਾਂਚ ਵੀ ਦਿੰਦਾ ਹੈ। ਅਧਿਆਪਕ ਤੁਹਾਨੂੰ ਤੁਹਾਡੇ ਰੂਬਰੂ ਕਰਵਾਉਂਦਾ ਹੈ।ਜੇਕਰ ਤੁਹਾਡੀ ਜ਼ਿੰਦਗੀ ਵਿੱਚ ਕੋਈ ਅਧਿਆਪਕ ਜੋ ਸਹੀ ਅਰਥਾਂ ਵਿੱਚ ਅਧਿਆਪਕ ਹੋਵੇ ਆ ਗਿਆ ਤਾਂ ਸਮਝੋ ਤੁਹਾਡੀ ਜ਼ਿੰਦਗੀ ਬਣ ਗਈ।

ਅਧਿਆਪਕ ਦਰਅਸਲ ਤੁਹਾਨੂੰ ਉਸ ਜੋਰੀ ਵਾਂਗ ਸ਼ਿੰਗਾਰਦਾ ਹੈ ਜੋ ਹੀਰੇ ਨੂੰ ਉਸਦੀ ਖੂਬਸੂਰਤੀ ਦਿਖਾਉਂਦਾ ਹੈ। ਕਈ ਵਾਰ ਸਾਨੂੰ ਇਹ ਗੱਲਾਂ ਰਸਮੀ ਜਿਹੀਆਂ ਲੱਗਦੀਆਂ ਹਨ ਪਰ ਇਹ ਸੱਚ ਹੈ। ਅੱਜ ਅਧਿਆਪਕ ਦਿਵਸ ਤੇ ਮੈਂ ਤੁਹਾਡੇ ਨਾਲ ਆਪਣੇ ਇੱਕ ਪ੍ਰਿੰਸੀਪਲ ਮੈਡਮ ਦੀ ਗੱਲ ਸਾਂਝੀ ਕਰਨਾ ਚਾਹੁੰਦੀ ਹਾਂ। ਮੈਡਮ ਜਸਮੇਰ ਕੌਰ ਕੰਗ ਜੀ ਮੇਰੇ ਸਕੂਲ ਵਿੱਚ ਪ੍ਰਿੰਸੀਪਲ ਸਨ। ਮੈਂ ਆਪਣੇ ਸਾਰੀ ਜ਼ਿੰਦਗੀ ਵਿੱਚ ਅਜਿਹੀ ਕੋਈ ਔਰਤ ਨਹੀਂ ਦੇਖੀ। ਸਾਦਗੀ ਦੀ ਮੂਰਤ ਤੇ ਸਫ਼ਲਤਾ ਪ੍ਰਾਪਤ ਕਰ ਲੈਣ ਵਾਲੀ ਉਸ ਅਧਿਆਪਕਾਂ ਨੇ ਮੈਨੂੰ ਇਹ ਸਿਖਾਇਆ ਕਿ ਤੁਹਾਡੇ ਦਿੱਖ ਵੀ ਅਧਿਆਪਕ ਵਾਲੀ ਹੋਣੀ ਚਾਹੀਦੀ ਹੈ। ਤੁਸੀਂ ਸਿਰਫ ਉਹ ਨਹੀਂ ਸਿਖਾਉਂਦੇ ਜੋ ਤੁਸੀਂ ਬੋਲਦੇ ਹੋ ਤੁਸੀਂ ਉਹ ਵੀ ਸਿਖਾਉਂਦੇ ਹੋ ਜਿਵੇਂ ਤੁਸੀਂ ਰਹਿੰਦੇ ਹੋ। ਮੈਨੂੰ ਯਾਦ ਹੈ ਇੱਕ ਵਾਰ ਮੈਡਮ ਨੇ ਇਹ ਗੱਲ ਦੱਸੀ ਕਿ ਮੈਂ ਸਵੇਰੇ ਦੋ ਮੱਝਾਂ ਚੋ ਕੇ ਸਕੂਲ ਆਉਂਦੀ ਹਾਂ। ਸਕੂਲ ਦੇ ਵਿਦਿਆਰਥੀਆਂ ਲਈ ਇਹ ਬੜੀ ਹੈਰਾਨੀ ਦੀ ਗੱਲ ਸੀ। ਕਿ ਉਹਨਾਂ ਦੀ ਮੈਡਮ ਸਵੇਰੇ ਘਰ ਦਾ ਕੰਮ ਕਰਕੇ ਆਉਂਦੀ ਹੈ। ਪਰ ਯਕੀਨ ਮੰਨੋ ਇਸ ਗੱਲ ਨੇ ਉਹਨਾਂ ਦੀ ਖੂਬਸੂਰਤੀ ਨੂੰ ਹੋਰ ਵਧਾ ਦਿੱਤਾ। ਉਹਨਾਂ ਨੇ ਸਾਦਾ ਰਹਿਣਾ ਤੇ ਮਿੱਠਾ ਬੋਲਣਾ।ਉਹਨਾਂ ਦਾ ਇਹ ਗੁਣ ਆਤਮਸਾਤ ਕਰਨ ਦੀ ਬਹੁਤ ਕੋਸ਼ਿਸ਼ ਕੀਤੀ ਹੈ। ਉਹ ਸਾਨੂੰ ਸਾਰੇ ਵਿਦਿਆਰਥੀਆਂ ਨੂੰ ਬਹੁਤ ਪਿਆਰ ਕਰਦੇ ਸਨ। ਜਦੋਂ ਅਧਿਆਪਕ ਬੱਚਿਆਂ ਨੂੰ ਅਪਣਾ ਲੈਂਦਾ ਹੈ ਤਾਂ ਬੱਚੇ ਵੀ ਉਸਨੂੰ ਅਪਣਾਉਂਦੇ ਹਨ। ਜੇਕਰ ਅਧਿਆਪਕ ਇਹ ਸੋਚੇ ਕਿ ਉਹ ਬੱਚਿਆਂ ਤੋਂ ਦੂਰੀ ਬਣਾ ਕੇ ਰੱਖੇ ਤੇ ਆਪਣੇ ਆਪ ਨੂੰ ਇੱਕ ਅਥੋਰਟੀ ਸਮਝੇ ਫਿਰ ਬੱਚਿਆਂ ਦੀ ਜ਼ਿੰਦਗੀ ਨਹੀਂ ਬਦਲ ਸਕਦਾ। ਜੇ ਅਧਿਆਪਕ ਬਾਰੇ ਲਿਖਣ ਲੱਗਾ ਤਾਂ ਪੂਰੀ ਕਿਤਾਬ ਲਿਖ ਸਕਦੀ ਹਾਂ। ਇਹ ਹਮੇਸ਼ਾ ਯਾਦ ਰੱਖੋ ਕਿ ਬੱਚੇ ਮਾਂ ਬਾਪ ਨਾਲੋਂ ਜ਼ਿਆਦਾ ਆਪਣੇ ਅਧਿਆਪਕ ਦੀ ਗੱਲ ਮੰਨਦੇ ਹਨ। ਇਸ ਲਈ ਤੁਹਾਡਾ ਰੁਤਬਾ ਕੀ ਹੈ ਇਸ ਗੱਲ ਨੂੰ ਸਮਝੋ। ਅਧਿਆਪਨ ਇੱਕ ਕਿੱਤਾ ਨਹੀਂ ਹੈ। ਅਧਿਆਪਨ ਜੀਵਨ ਜਾਚ ਹੈ।

ਜੇ ਤੁਸੀਂ ਸਹੀ ਰੂਪ ਵਿੱਚ ਅਧਿਆਪਕ ਬਣ ਗਏ ਤਾਂ ਜ਼ਿੰਦਗੀ ਤੁਹਾਨੂੰ ਉਹ ਸ਼ਾਂਤੀ ਦੇਵੇਗੀ ਜੋ ਰਿਸ਼ੀ ਮੁਨੀਆਂ ਤੇ ਤਪੱਸਵੀਆਂ ਨੂੰ ਮਿਲਦੀ ਹੈ।

ਅੱਜ ਅਧਿਆਪਕ ਦਿਵਸ ਤੇ ਮੌਕੇ ਤੇ ਸਭ ਅਧਿਆਪਕਾਂ ਨੂੰ ਮੁਬਾਰਕਾਂ ਦਿੰਦੀ ਹਾਂ। ਪਰਮਾਤਮਾ ਨੇ ਤੁਹਾਨੂੰ ਧਰਤੀ ਤੇ ਇੱਕ ਵਿਸ਼ੇਸ਼ ਕਾਰਜ ਲਈ ਭੇਜਿਆ ਹੈ। ਉਹ ਮਿੱਟੀ ਜਿਸ ਤੋਂ ਉਸਨੇ ਇਹ ਆਕਾਰ ਬਣਾਏ ਹਨ ਉਹਨਾਂ ਆਕਾਰਾਂ ਨੂੰ ਵਿਚਾਰ ਦੇਣਾ ਤੁਹਾਡਾ ਕੰਮ ਹੈ।

ਹਰਪ੍ਰੀਤ ਕੌਰ ਸੰਧੂ

# ਵਿਸ਼ਵਾਸ਼...

ਪ੍ਰੀਤ ਦਾ ਵਿਆਹ ਹੋਇਆ ਤਾਂ ਪਹਿਲੇ ਦਿਨ ਹੀ ਉਸਦਾ ਪਤੀ ਗੁਰਦਾਸ ਉਸਨੂੰ ਪੁੱਛਣ ਲੱਗ ਪਿਆ...ਅੱਜ ਸ਼ਗਨ ਵੇਲੇ ਉਹ ਪਟਿਆਂ ਵਾਲਾ ਮੁੰਡਾ ਜੋ ਤੇਰੇ ਨਾਲ ਹੱਸ-ਹੱਸ ਕੇ ਗੱਲਾਂ ਕਰਦਾ ਸੀ, ਉਹ ਕੌਣ ਸੀ....ਪ੍ਰੀਤ ਨੇ ਸਹਿਜੇ ਹੀ ਕਿਹਾ...ਉਹ... ਉਹ ਤਾਂ ਗੁਰਮੀਤ ਵੀਰਾ ਸੀ... ਮੇਰੇ ਵੱਡੇ ਵੀਰ ਦਾ ਦੋਸਤ। ਗੁਰਦਾਸ ਨੇ ਤੁਰੰਤ ਅਗਲਾ ਸਵਾਲ ਕਰ ਦਿੱਤਾ। ਤੇਰੇ ਉਹਦੇ ਨਾਲ ਕੀ ਸੰਬੰਧ ਆ... ਤੂੰ ਬੜੀ ਖੁਸ਼ ਹੋ ਕੇ ਗੱਲਾਂ ਮਾਰਦੀ ਸੀ ਉਹਦੇ ਨਾਲ...ਪ੍ਰੀਤ ਥੋੜ੍ਹੀ ਹੈਰਾਨ ਹੋਈ...ਗੁਰਦਾਸ, ਕੀ ਮਤਲਬ ਆ ਤੇਰਾ.. ਤੂੰ ਕਹਿਣਾ ਕੀ ਚਾਹੁਣਾ, ਗੁਰਦਾਸ ਨੇ ਮੂੰਹ ਵੱਟਕੇ ਕਿਹਾ...ਮਤਲਬ ਸਾਫ਼ ਆ... ਉਹ ਤੇਰੇ ਭਰਾ ਦਾ ਦੋਸਤ ਆ...ਤੇਰਾ ਕੀ ਲੱਗਦਾ।

ਪ੍ਰੀਤ ਨੇ ਕਿਹਾ ਉਹ ਮੇਰਾ ਭਰਾ ਲੱਗਦਾ, ਮੈਂ ਉਹਦੇ ਰੱਖੜੀ ਬੰਨ੍ਹਦੀ ਆਂ...ਗੁਰਦਾਸ ਚੁੱਪ ਹੋ ਗਿਆ ਪਰ ਉਸ ਚੁੱਪ ਵਿੱਚ ਵਿਸ਼ਵਾਸ਼ ਨਹੀਂ ਸੀ...ਸ਼ੱਕ ਸੀ, ਉਸ ਰਾਤ ਪ੍ਰੀਤ ਨੂੰ ਮਹਿਸੂਸ ਹੋਇਆ ਕਿ ਜਿਸ ਘਰ ਨੂੰ ਉਹ ਆਪਣਾ ਘਰ ਸਮਝਕੇ ਆਈ ਹੈ ਸ਼ਾਇਦ ਉੱਥੇ ਉਸਨੂੰ ਆਪਣੇ ਹਰ ਕਦਮ ਦਾ ਹਿਸਾਬ ਦੇਣਾ ਪਵੇਗਾ।

ਸਮਾਂ ਲੰਘਦਾ ਗਿਆ..ਗੁਰਦਾਸ ਦਾ ਸ਼ੱਕ ਵੀ ਵੱਧਦਾ ਗਿਆ, ਪ੍ਰੀਤ ਜੇ ਫੋਨ ਉੱਤੇ ਆਪਣੀ ਸਹੇਲੀ ਨਾਲ ਗੱਲ ਕਰ ਲੈਂਦੀ ਤਾਂ ਪੁੱਛਿਆ ਜਾਂਦਾ। ਕੀਹਦੇ ਨਾਲ ਗੱਲ ਕਰ ਰਹੀ ਸੀ...ਜੇ ਪੇਕਿਆਂ ਤੋਂ ਫੋਨ ਆ ਜਾਂਦਾ ਤਾਂ...ਐਨਾ ਚਿਰ ਕੀ ਗੱਲਾਂ ਕਰਦੀ ਸੀ। ਪ੍ਰੀਤ ਕਦੇ ਤਿਆਰ ਹੋ ਕੇ ਬਾਹਰ ਆਉਂਦੀ ਤਾਂ ਗੁਰਦਾਸ ਕਹਿ ਦਿੰਦਾ...ਐਨਾ ਹਾਰ-ਸ਼ਿੰਗਾਰ ਕਰਨ ਦੀ ਕੀ ਲੋੜ ਆ।

ਕਦੇ ਉਹ ਨਵਾਂ ਸੂਟ ਪਾ ਲੈਂਦੀ ਤਾਂ ਉਹ ਕਹਿੰਦਾ...ਇਹ ਕੱਪੜੇ ਬਦਲ ਲੈ... ਸਾਦਾ ਕੁਝ ਪਾ...ਪ੍ਰੀਤ ਪੁੱਛਦੀ...ਕਿਉਂ...ਗੁਰਦਾਸ ਦਾ ਜਵਾਬ ਹੁੰਦਾ, ਮੈਨੂੰ ਪਸੰਦ ਨਹੀਂ...ਬੱਸ... ਗੁਰਦਾਸ ਦੀਆਂ ਇਹ ਗੱਲਾਂ ਹੌਲੀ-ਹੌਲੀ ਪ੍ਰੀਤ ਦੀ ਜ਼ਿੰਦਗੀ ਦੇ ਸਾਰੇ ਰੰਗ ਖੋਹਣ ਲੱਗ ਪਈਆਂ ਸਨ।



ਜਿਹੜੀ ਕੁੜੀ ਵਿਆਹ ਤੋਂ ਪਹਿਲਾਂ ਸ਼ੀਸ਼ੇ ਅੱਗੇ ਖੜ੍ਹਕੇ ਵਾਲ ਵਾਹੁਦੀ ਹੋਈ ਗੀਤ ਗਾਇਆ ਕਰਦੀ ਸੀ ਹੁਣ ਸ਼ੀਸ਼ੇ ਅੱਗੋਂ ਵੀ ਜਲਦੀ ਲੰਘ ਜਾਂਦੀ। ਜਿਹੜੀ ਕੁੜੀ ਨੂੰ ਰੰਗ-ਬਰੰਗੇ ਸੂਟ ਪਾਉਣ ਦਾ ਸ਼ੌਕ ਸੀ ਹੁਣ ਅਲਮਾਰੀ ਵਿੱਚ ਪਏ ਸੂਟਾਂ ਨੂੰ ਹੱਥ ਲਾਕੇ ਫਿਰ ਵਾਪਸ ਰੱਖ ਦਿੰਦੀ, ਪ੍ਰੀਤ ਨੂੰ ਆਪਣੇ ਹੀ ਘਰ ਵਿੱਚ ਘੁੱਟਣ ਮਹਿਸੂਸ ਹੋਣ ਲੱਗ ਪਈ ਸੀ।

ਇੱਕ ਦਿਨ ਉਸਦੀ ਸਹੇਲੀ ਨਿੰਮੀ ਉਸਨੂੰ ਮਿਲਣ ਆਈ, ਪ੍ਰੀਤ ਨੇ ਉਸਨੂੰ ਦੇਖਿਆ ਤਾਂ ਅੱਖਾਂ ਭਰ ਲਈਆਂ, ਨਿੰਮੀ ਨੇ ਪੁੱਛਿਆ...ਕੀ ਹੋਇਆ ਪ੍ਰੀਤ....ਪ੍ਰੀਤ ਨੇ ਕਿਹਾ... ਨਿੰਮੀ..ਮੈਂ ਆਪਣੇ ਘਰ ਵਿੱਚ ਰਹਿੰਦੀ ਆਂ...ਪਰ ਮੈਨੂੰ ਲੱਗਦਾ ਜਿਵੇਂ ਮੈਂ ਕਿਸੇ ਕੈਦਖਾਨੇ ਵਿੱਚ ਰਹਿੰਦੀ ਹੋਵਾਂ।

ਪ੍ਰੀਤ ਨੇ ਕਿਹਾ...ਮੇਰੇ ਉੱਤੇ ਕਿਸੇ ਨੇ ਅੱਜ ਤੱਕ ਹੱਥ ਨਹੀਂ ਚੁੱਕਿਆ... ਪਰ ਹਰ ਰੋਜ਼ ਮੇਰੇ ਸ਼ੌਕਾਂ ਉੱਤੇ, ਮੇਰੇ ਹੱਸਣ ਉੱਤੇ, ਮੇਰੇ ਕੱਪੜਿਆਂ ਉੱਤੇ, ਮੇਰੇ ਰਿਸ਼ਤਿਆਂ ਉੱਤੇ ਸਵਾਲ ਚੁੱਕੇ ਜਾਂਦੇ ਨੇ, ਮੈਨੂੰ ਸਮਝ ਨਹੀਂ ਆਉਂਦੀ ਮੈਂ ਗਲਤ ਕੀ ਕਰ ਰਹੀ ਆਂ..ਮੈਂ ਤਾਂ ਸਿਰਫ਼ ਇਹ ਚਾਹੁੰਦੀ ਆਂ ਕਿ ਮੇਰਾ ਪਤੀ ਮੇਰੇ ਉੱਤੇ ਵਿਸ਼ਵਾਸ ਕਰੇ।

ਨਿੰਮੀ ਨੇ ਪ੍ਰੀਤ ਨੂੰ ਕਿਹਾ ਕਿ... ਤੂੰ ਚੁੱਪ ਨਾ ਕਰ... ਤੂੰ ਗੁਰਦਾਸ ਨਾਲ ਗੱਲ ਕਰ....ਉਸ ਦਿਨ ਪ੍ਰੀਤ ਨੇ ਫੈਸਲਾ ਕੀਤਾ ਕਿ ਉਹ ਚੁੱਪ ਰਹਿਕੇ ਆਪਣੀ ਜ਼ਿੰਦਗੀ ਨਹੀਂ ਗੁਜ਼ਾਰੇਗੀ...ਰਾਤ ਨੂੰ ਗੁਰਦਾਸ ਜਦੋਂ ਘਰ ਆਇਆ ਤਾਂ ਪ੍ਰੀਤ ਨੇ ਕਿਹਾ...ਗੁਰਦਾਸ, ਅੱਜ ਮੈਂ ਤੇਰੇ ਨਾਲ ਇੱਕ ਗੱਲ ਕਰਨੀ ਆ।

ਗੁਰਦਾਸ ਕਹਿਣ ਲੱਗਾ...ਤੂੰ ਕੀ ਗੱਲ ਕਰਨੀ ਆ..ਪ੍ਰੀਤ ਬੋਲੀ....ਮੈਂ ਤੇਰੀ ਪਤਨੀ ਆਂ... ਤੇਰੀ ਜਾਇਦਾਦ ਨਹੀਂ...ਗੁਰਦਾਸ ਹੈਰਾਨ ਹੋਕੇ ਉਸ ਵੱਲ ਦੇਖਣ ਲੱਗਾ...ਪ੍ਰੀਤ ਨੇ ਕਿਹਾ..ਮੈਂ ਤੈਨੂੰ ਕਦੇ ਇਹ ਨਹੀਂ ਪੁੱਛਿਆ ਕਿ ਤੂੰ ਕਿਸ ਨਾਲ ਹੱਸਕੇ ਗੱਲ ਕਰਦਾ ਏਂ, ਤੇਰੇ ਦੋਸਤ ਕੌਣ ਨੇ, ਤੂੰ ਕੀ ਪਾਉਂਦਾ ਏਂ, ਕਿੱਥੇ ਜਾਂਦਾ ਏਂ ਕਿਉਂਕਿ ਮੈਂ ਤੇਰੇ ਉੱਤੇ ਵਿਸ਼ਵਾਸ ਕਰਦੀ ਆਂ।

ਗੁਰਦਾਸ ਕੁਝ ਬੋਲਣ ਲੱਗਾ ਪਰ ਪ੍ਰੀਤ ਨੇ ਉਸਨੂੰ ਰੋਕ ਦਿੱਤਾ..ਪਰ ਤੂੰ ਮੇਰੇ ਉੱਤੇ ਹਰ ਵੇਲੇ ਸ਼ੱਕ ਕਰਦਾ ਏਂ, ਤੂੰ ਮੇਰੇ ਕੱਪੜੇ ਤੈਅ ਕਰਦਾ ਏਂ, ਮੇਰਾ ਹਾਰ-ਸ਼ਿੰਗਾਰ ਤੈਅ ਕਰਦਾ ਏਂ, ਮੇਰੇ ਰਿਸ਼ਤੇ ਤੈਅ ਕਰਦਾ ਏਂ...ਇੱਥੋਂ ਤੱਕ ਕਿ ਮੇਰਾ ਹਾਸਾ ਵੀ ਤੈਨੂੰ ਮਨਜ਼ੂਰ ਨਹੀਂ....ਗੁਰਦਾਸ ਵਿਆਹ ਦਾ ਮਤਲਬ ਇਹ ਨਹੀਂ ਕਿ ਇੱਕ ਬੰਦਾ ਦੂਜੇ ਦੀ ਜ਼ਿੰਦਗੀ ਦਾ ਮਾਲਕ ਬਣ ਜਾਵੇ, ਵਿਆਹ ਦਾ ਮਤਲਬ ਤਾਂ ਇਹ ਆ ਕਿ ਦੋਵੇਂ ਇੱਕ-ਦੂਜੇ ਦੀ ਇੱਜ਼ਤ ਕਰਨ, ਇੱਕ-ਦੂਜੇ ਉੱਤੇ ਭਰੋਸਾ ਕਰਨ।

ਗੁਰਦਾਸ ਚੁੱਪ ਬੈਠਾ ਰਿਹਾ...ਉਸਨੂੰ ਪ੍ਰੀਤ ਨਾਲ ਕੀਤੇ ਮਾੜੇ ਵਿਵਹਾਰ ਦਾ ਅਹਿਸਾਸ ਹੋਇਆ। ਉਸਨੇ ਪ੍ਰੀਤ ਨੂੰ ਪੁੱਛਿਆ...ਪ੍ਰੀਤ... ਤੂੰ ਐਨੀ ਦੁਖੀ ਰਹਿੰਦੀ ਸੀ...ਪ੍ਰੀਤ ਨੇ ਕਿਹਾ...ਹਾਂ। ਬਹੁਤ...ਤੂੰ ਮੈਨੂੰ ਪਹਿਲਾਂ ਕਿਉਂ ਨਹੀਂ ਦੱਸਿਆ....ਪ੍ਰੀਤ ਬੋਲੀ...ਕਿਉਂਕਿ ਮੈਂ ਸੋਚਦੀ ਰਹੀ ਕਿ ਸ਼ਾਇਦ ਇੱਕ ਦਿਨ ਤੈਨੂੰ ਆਪ ਸਮਝ ਆ ਜਾਵੇਗੀ ਕਿ ਮੈਂ ਤੇਰੀ ਹਾਂ... ਪਰ ਮੇਰੀ ਆਪਣੀ ਵੀ ਇੱਕ ਜ਼ਿੰਦਗੀ ਹੈ।

ਉਸ ਰਾਤ ਗੁਰਦਾਸ ਨੇ ਪ੍ਰੀਤ ਨਾਲ ਕੋਈ ਬਹਿਸ ਨਹੀਂ ਕੀਤੀ, ਉਹ ਚੁੱਪ ਕਰਕੇ ਸੌਂ ਗਿਆ...ਅਗਲੇ ਦਿਨ ਜਦੋਂ ਪ੍ਰੀਤ ਤਿਆਰ ਹੋ ਕੇ ਬਾਹਰ ਆਈ ਤਾਂ ਗੁਰਦਾਸ ਨੇ ਕਿਹਾ...ਤੂੰ ਬਹੁਤ ਸੋਹਣੀ ਲੱਗ ਰਹੀ ਏਂ...ਪ੍ਰੀਤ ਨੇ ਉਸ ਵੱਲ ਦੇਖਿਆ... 'ਤੇ ਦੋਨੋ ਜਣੇ ਹੱਸ ਪਏ...ਗੁਰਦਾਸ ਨੇ ਉਸਦਾ ਹੱਥ ਫੜਕੇ ਕਿਹਾ...ਮੈਨੂੰ ਡਰ ਸੀ ਕਿ ਕਿਤੇ ਮੈਂ ਤੈਨੂੰ ਗੁਆ ਨਾ ਬੈਠਾਂ... ਪਰ ਮੈਨੂੰ ਇਹ ਸਮਝ ਨਹੀਂ ਸੀ ਆਉਂਦੀ ਕਿ ਮੇਰੇ ਸ਼ੱਕ ਕਰਕੇ ਮੈਂ ਤੈਨੂੰ ਆਪਣੇ ਤੋਂ ਦੂਰ ਕਰ ਰਿਹਾ ਸੀ।

ਪ੍ਰੀਤ ਨੇ ਮੁਸਕਰਾਹਟ ਬਿਖੇਰਦਿਆਂ ਕਿਹਾ...ਭਰੋਸਾ ਹੋਵੇ ਤਾਂ ਰਿਸ਼ਤਾ ਮਜ਼ਬੂਤ ਹੁੰਦਾ... ਸ਼ੱਕ ਹੋਵੇ ਤਾਂ ਆਪਣੇ ਬੰਦੇ ਵੀ ਪਰਾਏ ਲੱਗਣ ਲੱਗ ਪੈਂਦੇ ਨੇ, ਉਸ ਦਿਨ ਤੋਂ ਗੁਰਦਾਸ ਨੇ ਆਪਣੇ ਅੰਦਰ ਬਦਲਾਅ ਲਿਆਉਣਾ ਸ਼ੁਰੂ ਕੀਤਾ ਕਿਉਂਕਿ ਉਸਨੂੰ ਸਮਝ ਆ ਗਈ ਸੀ ਕਿ ਪਿਆਰ ਕਿਸੇ ਨੂੰ ਬੰਨ੍ਹਕੇ ਰੱਖਣ ਦਾ ਨਾਮ ਨਹੀਂ... ਪਿਆਰ ਤਾਂ ਉਹ ਹੈ ਜਿਸ ਵਿੱਚ ਸਾਹਮਣੇ ਵਾਲਾ ਤੁਹਾਡੇ ਕੋਲ ਰਹਿੰਦਿਆਂ ਵੀ ਆਪਣੇ ਆਪ ਨੂੰ ਅਜ਼ਾਦ ਮਹਿਸੂਸ ਕਰੇ।

ਲਿਖਤ- ਅਵਤਾਰ ਸਿੰਘ ਧਾਲੀਵਾਲ

# ਟੱਬਰ ਦੀ ਚਾਹ...



ਆਹੋ ਆਹੋ ਉਹ ਅਣਪੜ੍ਹ ਐ, ਬੇ ਅਕਲ...ਕਿਉਂ ਕਿ ਉਹ ਤੜਕੇ ਚਾਰ ਵਜੇ ਉਠਦੀ ਹੈ। ਸਾਰੇ ਟੱਬਰ ਦੀ ਚਾਹ ਬਣਾ ਕੇ ਹਰੇਕ ਨੂੰ ਬਿਸਤਰੇ 'ਚ ਪਏ ਨੂੰ ਫੜਾਉਂਦੀ ਐ...ਚਾਹ ਵੀ ਹਰੇਕ ਜੀਅ ਨੂੰ ਅੱਡੋ ਅੱਡ ਦੀ... ਕਿਸੇ ਨੂੰ ਸੌਂਫ ਵਾਲੀ ਕਿਸੇ ਨੂੰ ਘੱਟ ਮਿੱਠਾ, ਕਿਸੇ ਨੂੰ ਵੱਧ, ਜਵਾਕਾਂ ਨੂੰ ਬੁੱਕਲਾਂ ਵਿੱਚ ਚੱਕ ਚੱਕ ਕੇ... ਅਣਪੜ੍ਹ ਐ ਨਾ, ਏਸੇ ਕਰਕੇ।ਫੇਰ ਦੋ ਕਨਾਲਾਂ ਵਿਹੜਾ ਸੰਭਰਦੀ ਹੈ ਕੋਡੀ ਢੂਈ, ਉਹਨੂੰ ਕੀ ਪਤਾ ਇਸ ਤਰ੍ਹਾਂ ਰੀੜ੍ਹ ਦੀ ਹੱਡੀ ਚ ਨੁਕਸ ਪੈ ਜਾਂਦਾ, ਫੇਰ ਚਾਰ ਪੰਜ ਧਾਰਾਂ ਕੱਢਦੀ, ਜਵਾਕ ਤੱਤਾ ਠੰਡਾ ਪਾਣੀ ਪਰਖਦੇ ਆ, ਮੰਮਾ ਥੋਨੂੰ ਤਾਂ ਭੋਰਾ ਨੀ ਪਤਾ ਕਿਹੜੇ ਮੌਸਮ ਚ ਕਿਹੋ ਜਿਹਾ ਪਾਣੀ ਵਰਤੀਦੈ, ਆਹੋ ਜੇ ਪੜ੍ਹੀ ਹੁੰਦੀ ਤਾਂ ਪਤਾ ਹੁੰਦਾ, ਫੇਰ ਵੀ ਹਰੇਕ ਦੇ ਰੁਮਾਲਾਂ ਤੱਕ ਲੀੜੇ ਪ੍ਰੈਸ ਕਰ ਟਾਈਮ ਨਾਲ ਤਿਆਰ ਕਰ ਦਿੰਦੀ ਆ... ਨਾਲੋਂ ਨਾਲ ਦੋ ਤਿੰਨ ਸਬਜ਼ੀਆਂ ਬਣਾ ਬੁਰਕੀਆਂ ਮੂੰਹ ਚ ਪਾਉਂਦੀ ਹੈ। ਅੱਗਿਉਂ ਸੌ ਨਖਰੇ ਹੁੰਦੇ ਹਨ। ਟਾਈਮ ਨਾਲ ਸਕੂਲ ਤੋਰ ਫੇਰ ਸ਼ੁਰੂ ਹੁੰਦੀ ਹੈ ਉਸਦੀ ਅਸਲ ਗੁੱਡ ਮੋਰਨਿੰਗ।

ਦੁੱਧ ਰਿੜਕਣ ਤੋਂ ਲੈ ਕੇ ਗਿਆਰ੍ਹਾਂ-ਬਾਰਾਂ ਜੀਆਂ ਤੇ ਪੰਜ-ਸੱਤ ਦਿਹਾੜੀਆਂ ਦਾ ਲੰਗਰ ਲਹੁੰਦੀ ਐ, ਕੋਈ ਪ੍ਰਵਾਹ ਨਹੀਂ ਗਰਮੀ ਤੇ ਸਰਦੀ ਦੀ, ਪਤਾ ਈ ਹੈ ਨਹੀਂ ਕਿਉਂ ਕਿ ਪੜੀ ਹੁੰਦੀ ਤਾਂ ਰੁੱਤਾਂ ਦੀ ਜਾਣਕਾਰੀ ਹੁੰਦੀ। ਸਾਰਿਆਂ ਨੂੰ ਰੋਟੀ ਖਵਾ, ਭਾਂਡਿਆਂ ਦੇ ਦੋ ਟੋਕਰੇ ਮਾਂਜ ਧੋ, ਫੇਰ ਬੱਠਲ ਚੱਕ ਲੈਂਦੀ ਹੈ। ਦਸ ਪੰਦਰਾਂ ਪਸ਼ੂਆਂ ਦਾ ਕੱਲੀ ਗੋਹਾ ਕੂੜਾ ਸਿੱਟ ਨਾਲ ਪਾਥੀਆਂ ਪੱਥਦੀ ਹੈ। ਚਾਹੇ ਮੁੜ੍ਹਕੇ ਨਾਲ ਸਾਰੇ ਲੀੜੇ ਭਿੱਜ ਜਾਣ ਉਸ ਨੂੰ ਕੋਈ ਫਿਕਰ ਨਹੀਂ।

ਫਿਕਰ ਤਾਂ ਅਕਸਰ ਪੜ੍ਹੇ-ਲਿਖੇ ਲੋਕਾਂ ਨੂੰ ਹੁੰਦੀ ਹੈ, ਅਣਪੜ੍ਹ ਗਵਾਰਾਂ ਨੂੰ ਥੋੜੀ, ਦੋ ਕੁ ਘੰਟਿਆਂ ਚ ਸਾਰਾ ਕੰਮ ਨਿਬੇੜ ਮਿੰਟੋ ਮਿੰਟੀ ਪਤਾ ਨੀ ਕਿੱਥੋਂ ਪੰਡ ਧੋਣ ਵਾਲੇ ਕੱਪੜਿਆਂ ਦੀ ਕੱਠੀ ਕਰ ਲਿਆਉਂਦੀ ਹੈ। ਤਕੜੀ ਝੁੱਟੀ ਲੀੜਿਆਂ ਤੇ ਲਾ, ਧੋਕੇ ਸੁੱਕਣੇ ਪਾ, ਨਾਲ ਈ ਨਹਾ ਕੇ, ਦੋ ਰੋਟੀਆਂ ਹੱਥ ਤੇ ਧਰ ਟੈਲੀਵਿਜ਼ਨ ਮੂਹਰੇ ਆ ਬੈਠਦੀ ਹੈ। ਭਲਾਂ ਕੋਈ ਇਸ ਤਰਾਂ ਰੋਟੀ ਖਾਂਦਾ ਹੁੰਦਾ ਨਾ ਥਾਲੀ, ਨਾ ਮੇਜ਼, ਨਾ ਕੁਰਸੀ, ਆਹੋ ਅਣਪੜ੍ਹ ਨੂੰ ਖਾਣਾ ਖਾਣ ਦੇ ਤਰੀਕਿਆਂ ਦਾ ਕਿੱਥੋਂ ਪਤਾ! ਬੱਸ ਇਹਨਾਂ ਦਾ ਤਾਂ ਸੀਰੀਅਲ ਨਾ ਲੰਘ ਜਾਵੇ ਬੱਸ।

ਕਰਦੇ ਕਰਾਉਂਦੇ ਡੇਢ ਦੋ ਵੱਜ ਜਾਂਦੇ। ਰੋਟੀ ਖਾ ਥੋੜੀ ਸੁਸਤੀ ਚੜ੍ਹਦੀ ਹੈ। ਜੀਅ ਕਰਦਾ ਦੋ ਘੰਟੇ ਸੁੱਤਾ ਜਾਵੇ ਪਰ ਓਦੋਂ ਤੱਕ ਬਾਹਰ ਬਾਪੂ ਕੋਲ ਕਿਸੇ ਦੇ ਆਉਣ ਦੀ ਅਵਾਜ ਸੁਣਦੀ ਹੈ ਤਾਂ ਝੱਟ ਪਾਣੀ ਤੇ ਫੇਰ ਚਾਹ ਹਾਜ਼ਰ ਹੁੰਦੀ ਹੈ, ਫੇਰ ਸੋਚਦੀ ਚੱਲ ਹੁਣ ਕੀ ਸੌਣਾ, ਮਸ਼ੀਨ ਡਾਹ ਉਧੜੇ ਪਾਟੇ ਕੱਪੜਿਆਂ ਦੇ ਟਾਂਕਾ ਟੱਲਾ ਲਾ ਲਿਆ ਜਾਵੇ। ਹਾਲੇ ਕੰਮ ਅੱਧ ਵਿਚਾਲੇ ਈ ਹੁੰਦਾ ਕਿ ਜਵਾਕ ਸਕੂਲੋਂ ਆ ਜਾਂਦੇ ਹਨ।

ਮੈਨੂੰ ਲੱਗਦਾ ਗੱਲ ਲੰਬੀ ਹੁੰਦੀ ਜਾਂਦੀ ਹੈ, ਅਣਪੜ੍ਹ ਔਰਤ ਦੀ ਕਹਾਣੀ ਬੜੀ ਲੰਬੀ ਹੈ, ਸ਼ਾਮ ਵਾਲਾ ਹਾਲ ਕਦੇ ਫੇਰ ਬਿਆਨ ਕਰਾਂਗਾ। ਅੱਜ ਏਨਾ ਹੀ।

ਲਿਖਤ- ਰਾਜਿੰਦਰ ਸਿੰਘ ਢਿੱਲੋਂ ਬਾਜਾਖਾਨਾ

# ਗੀਤ

ਲੇਖ ਕਦੇ ਪੁੱਤਰਾਂ ਦੇ ਲਿਖਦੀ ਜੇ ਮਾਂ।
ਅਪਣਾਂ ਭਵਿੱਖ ਕਰ ਦੇਂਦੀ ਪੁੱਤਾਂ ਨਾਂ।

ਪਿਆ ਦੇਂਦੀ ਖੁਸ਼ੀਆਂ ਨੀਰ ਵਿੱਚ
ਘੋਲ ਕੇ।
ਹਾਸੇ ਪਾਉਂਦੀ ਝੋਲੀ ਉਹ
ਜਿੰਦ ਨਾਲ ਤੋਲ ਕੇ
ਕਹੇ ਰੋਂਦਾ ਪੁੱਤ ਵੇਖ ਹਾਏ ਮੈਂ ਮਰ
ਜਾਂ।
ਅਪਣਾ......
ਜਿਉਂਦੀ ਸਾਹੀਂ ਪੁੱਤਾਂ ਦੇ ਨਿੱਤ ਸੁੱਖ
ਮੰਗਦੀ

ਵਾਰੇ ਮੁਸਕਾਨਾਂ ਜੇ ਪੰਘੂੜੇ ਕੋਲੋਂ
ਲੰਘਦੀ
ਪਵੇ ਜਿੰਦ ਵਾਰਨੀ ਜੇ,ਕਰੂਗੀ ਨਾ
ਨਾਂਹ।
ਅਪਣਾ...,,
ਮਾਂ ਦਾ ਹੈ ਰੁਤਬਾ ਪੁੱਤਾਂ ਨਾਲ ਮਿਲਦਾ
ਰੱਬ ਪੂਰਾ ਕਰਦਾ ਏ ਸੁਪਨਾ ਜੋ
ਦਿਲ ਦਾ
ਧੀਆਂ ਪੁੱਤਾਂ ਲਈ ਰਹੇ ਬਣ ਸਦਾ
ਛਾਂ।
ਅਪਣਾ......

ਬੁੱਕਲ ਉਹਦੀ ਆਸਰਾ ਰੀਝਾਂ ਨੂੰ
ਪੁਗਾਉਂਦੀ ਹੈ
ਝਿੜਕਦੀ ਪਿਆਰਦੀ ਦੁਲਾਰੇ ਗਲ ਲਾਉਂਦੀ ਹੈ
ਨਾ ਹੋਰ ਕਿਸੇ ਰਿਸ਼ਤੇ ਦੀ ਏਨੀ ਉੱਚੀ ਥਾਂ।
ਅਪਣਾ......
ਤੇਰੇ ਆਪਾ ਵਾਰੂ ਜਜ਼ਬੇ ਦਾ ਕਰਾਂ
ਸਤਿਕਾਰ
ਹੋਵੇ ਜਨਮ ਦੋਬਾਰਾ ਮਾਂ ਹੋਵੇਂ ਹਰ
ਵਾਰ
ਹੋਊ ਕੋਮਲ ਦੀ ਐਸੀ ਮਾਏ ਜ਼ਿੰਦਗੀ ਨੂੰ ਹਾਂ।
ਅਪਣਾ...,

ਸਤਿਨਾਮ ਸਿੰਘ ਕੋਮਲ

# ਸੂਰਤ ਬਨਾਮ ਸੀਰਤ

ਅਮਨ ਜਿਹੜੀ ਕਿ ਸੂਰਤ ਪੱਖੋਂ ਬਹੁਤੀ ਸੋਹਣੀ ਨਹੀਂ ਸੀ ਪਰ ਇੱਕ ਵਧੀਆਂ ਅਹੁਦੇ ਤੇ ਤਾਇਨਾਤ ਸੀ, ਅੱਜ ਆਪਣੀ ਡਿਊਟੀ ਤੇ ਬੈਠੀ ਸੀ । ਅਚਾਨਕ ਕਿਸੇ ਮੁਟਿਆਰ ਨੇ ਅੰਦਰ ਆਉਣ ਲਈ ਪੁੱਛਿਆਂ ਤੇ ਅਮਨ ਨੇ ਆਗਿਆ ਦਿੱਤੀ। ਅੰਦਰ ਆਉਂਦੇ ਹੀ ਉਹ ਮੁਟਿਆਰ ਬੋਲੀ, "ਭੈਣ ਜੀ ! ਵਿਧਵਾ ਪੈਨਸ਼ਨ ਲਗਵਾਉਣੀ ..ਕੋਈ ਹੀਲਾ ਕਰੋ...ਬਹੁਤ ਔਖਾ ਮੇਰਾ।" ਅਮਨ ਇੱਕ ਦਮ ਸੁੰਨ ਹੋ ਗਈ ਕਿਉਂਕਿ ਇਹ ਅਵਾਜ ਤਾਂ ਉਸਦੀ ਬਚਪਨ ਦੀ ਸਹੇਲੀ ਲਾਲੀ ਦੀ ਸੀ ਤੇ ਜਦੋਂ ਉਸਨੇ ਧਿਆਨ ਨਾਲ ਵੇਖਿਆ ਸੱਚੀ ਹੀ ਲਾਲੀ ਸੀ ਉਹ ਲਾਲੀ ਜਿਹੜੀ ਸਾਰੇ ਪਿੰਡ ਦੀਆਂ ਕੁੜੀਆਂ ਤੋ ਸੁਨੱਖੀ ਸੀ । ਉਸਨੂੰ ਦੇਖਦੇ ਹੀ ਅਮਨ ਦੀਆਂ ਅੱਖਾਂ ਸਾਹਮਣੇ ਅਤੀਤ ਘੁੰਮਣ ਲੱਗ ਜਾਂਦਾ ਹੈ ਕਿ ਕਿਵੇਂ ਉਹ ਬਚਪਨ ਤੋਂ ਕਾਲਜ਼ ਦੀ ਪੜ੍ਹਾਈ ਤੱਕ ਇਕੱਠੀਆਂ ਰਹੀਆਂ ਪਰ ਲਾਲੀ ਨੂੰ ਆਪਣੀ ਖੂਬਸੂਰਤੀ ਦਾ ਬਹੁਤ ਮਾਣ ਸੀ ਇਸ ਲਈ ਅਕਸਰ ਹੀ ਉਹ ਅਮਨ ਦਾ ਮਜ਼ਾਕ ਬਣਾ ਦਿੰਦੀ ਤੇ ਉਸਨੂੰ ਅਕਸਰ ਕਹਿੰਦੀ ,"ਅਮਨ ! ਹੈ ਤਾਂ ਤੂੰ ਮੇਰੀ ਸਹੇਲੀ ..ਪਰ ਜਦੋਂ ਮੇਰੇ ਨਾਲ ਹੁੰਦੀ ਤਾਂ ਮੈਨੂੰ ਨਜ਼ਰ ਬੱਟੂ ਲੱਗਦੀ। ਅਮਨ ਸਬਰ ਦਾ ਘੁੱਟ ਭਰ ਲੈਂਦੀ । ਅਮਨ ਆਰਥਿਕ ਪੱਖ ਤੋ ਵੀ ਕਮਜ਼ੋਰ ਸੀ ਇਸ ਲਈ ਪੜਾਈ ਪੂਰੀ ਕਰਨ ਤੋਂ ਬਾਅਦ ਉਸਨੇ ਨੌਕਰੀ ਕਰਨ ਦੀ ਸੋਚੀ ਪਰ ਬਦਕਿਸਮਤੀ ਨਾਲ ਕਿਸੇ ਪਾਸੇ ਨੌਕਰੀ ਨਾ ਮਿਲੀ । ਫਿਰ ਇੱਕ ਦਿਨ ਕਿਸੇ ਅਖ਼ਬਾਰ ਵਿੱਚ ਇਸ਼ਤਿਹਾਰ ਵੇਖਿਆ ਕਿ ਸ਼ਹਿਰ ਵਿੱਚ ਕਿਸੇ ਸੰਸਥਾ ਨੂੰ ਰੀਸੈਪਸ਼ਨ ਲਈ ਇੱਕ ਲੜਕੀ ਦੀ ਜਰੂਰਤ ਤੇ ਅਮਨ ਸਾਰੀ ਯੋਗਤਾ ਪੂਰੀ ਕਰਦੀ ਸੀ । ਇਸ ਲਈ ਉਸ ਨੇ ਅਪਲਾਈ ਕੀਤਾ ਤੇ ਫਿਰ ਇੰਟਰਵਿਊ ਲਈ ਬੁਲਾਵਾ ਆਉਣ ਤੇ ਜਾਣ ਦੀ ਤਿਆਰੀ ਕਰ ਰਹੀ ਸੀ ਤੇ ਲਾਲੀ ਵੀ ਉਸ ਨਾਲ ਜਾਣ ਲਈ ਤਿਆਰ ਹੋ ਗਈ। ਅਮਨ ਨੇ ਇੰਟਰਵਿਊ ਵਿੱਚ ਪੁੱਛੇ ਸਾਰੇ ਸਵਾਲਾਂ ਦੇ ਜਵਾਬ ਸਹੀ ਦੇ ਦਿੱਤੇ । ਇੰਟਰਵਿਊ ਵਾਲੇ ਅਧਿਕਾਰੀ ਨੇ ਅਮਨ ਨੂੰ ਪੁੱਛਿਆਂ ਕਿ ਤੁਹਾਡੇ ਨਾਲ ਜਿਹੜੀ ਲੜਕੀ ਆਈ ਉਹ ਇੰਟਰਵਿਊ ਕਿਉਂ ਨਹੀਂ ਦੇ ਰਹੀ ? ਤਾਂ ਅਮਨ ਨੇ ਕਿਹਾ ਕਿ ਉਹ ਤਾਂ ਸਿਰਫ ਉਸਦੇ ਨਾਲ ਆਈ ਤਾਂ ਅਧਿਕਾਰੀ ਨੇ ਅਮਨ ਨੂੰ ਕਿਹਾ, ," ਭਾਵੇਂ ਤੁਸੀ ਚੰਗੇ ਅੰਕ ਪ੍ਰਾਪਤ ਕੀਤੇ ਹੋਏ ਤੇ ਮੇਰੇ ਸਾਰੇ ਸਵਾਲਾਂ ਦੇ ਜਵਾਬ ਵੀ ਠੀਕ ਦਿੱਤੇ.. ਪਰ ! ਤੁਹਾਡੀ ਪਰਸਨੈਲਿਟੀ ਨਹੀਂ ਤੇ ਤੁਹਾਡੇ ਨਾਲ ਵਾਲੀ ਕੁੜੀ ਤੁਹਾਡੇ ਤੋ ਜਿਆਦਾ ਜੱਚਦੀ ਹੈ ਇਸ ਲਈ ਅਸੀਂ ਇਹ ਨੌਕਰੀ ਉਸ ਨੂੰ ਦੇਣਾ ਪਸੰਦ ਕਰਾਂਗੇ ।" ਲਾਲੀ ਦੀ ਖੁਸੀ ਦਾ ਕੋਈ ਟਿਕਾਣਾ ਨਾ ਰਿਹਾ ਤੇ ਉਹ ਅਮਨ ਨੂੰ ਕਹਿਣ ਲੱਗੀ , " ਵੇਖ ਮੇਰੀ ਕਿਸਮਤ ! ਮੈਂ ਕੋਈ ਸਰਟੀਫਿਕੇਟ ਵੀ ਨਹੀਂ ਸੀ ਲਿਆਈ..ਪਰ ਤਾਂ ਵੀ ਇਹਨਾਂ ਨੇ ਮੈਨੂੰ ਚੁਣਿਆ ..ਹੁਣ ਤਾਂ ਮੈਨੂੰ ਡਰ ਲੱਗਦਾ ਕਿਧਰੇ ਤੈਨੂੰ ਵੇਖਣ ਆਇਆ ਮੁੰਡਾ ਮੈਨੂੰ ਹੀ ਪਸੰਦ ਨਾ ਕਰ ਲਵੇ ।" ਅਮਨ ਦਾ ਦਿਲ ਟੁੱਟ ਗਿਆ ਉਹ ਘਰ ਆ ਕੇ ਮਾਂ ਕੋਲ ਰੋਣ ਲੱਗੀ ਤੇ ਕਹਿਣ ਲੱਗੀ " ਵੇਖ ਮਾਂ ! ਸਾਡਾ ਸਮਾਜ ਇੱਥੇ ਸੀਰਤ ਦੀ ਨਹੀਂ ਸੂਰਤ ਦੀ ਕਦਰ ਕਰਦਾ ਹੈ ... ਅੱਜ ਬਾਜ਼ਾਰ ਵਿੱਚ ਹਰ ਕੋਈ ਔਰਤ ਨੂੰ ਵਸਤੂ ਦੇ ਤੌਰ ਤੇ ਪੇਸ਼ ਕਰਦਾ ..ਹਰ ਕੋਈ ਚਾਹੁੰਦਾ ਕਿ ਉਹਨਾਂ ਦੇ ਕਾਉਂਟਰ ਤੇ ਇੱਕ ਸੋਹਣੀ ਮੁਟਿਆਰ ਬੈਠੀ ਹੋਵੇ ..ਹਰ ਪਾਸੇ ਸੋਹਣੀ ਸੂਰਤ ਦੀਆਂ ਹੀ ਮੰਗਾਂ ਨੇ ਤੇ ਮੇਰੇ ਵਰਗੀਆਂ ਬਦਸੂਰਤ ਜਿਹਨਾਂ ਕੋਲ ਸੀਰਤ ਹੈ ਉਹਨਾਂ ਨੂੰ ਕੋਈ ਨਹੀਂ ਪੁੱਛਦਾ ...ਪਰ ਮੈਂ ਮਿਹਨਤ ਕਰਾਂਗੀ ਤੇ ਇੱਕ ਦਿਨ ਜਰੂਰ ਕਿਸੇ ਕੰਮ ਤੇ ਲੱਗਣਾ ।" ਲਾਲੀ ਸੋਹਣੀ ਹੋਣ ਕਾਰਨ ਉਸਨੂੰ ਕਿਸੇ ਅਮੀਰ ਘਰ ਦੇ ਮੁੰਡੇ ਨੇ ਪਸੰਦ ਕਰ ਲਿਆ ਤੇ ਉਸਦਾ ਵਿਆਹ ਹੋ ਗਿਆ ਤੇ ਅਮਨ ਮੇਹਨਤ ਕਰਕੇ ਇੱਕ ਵਧੀਆ ਅਹੁਦੇ ਤੇ ਆ ਗਈ । ਪਰ ਅੱਜ ਲਾਲੀ ਦਾ ਇਹ ਹਾਲ ! ਅਮਨ ਨੇ ਲਾਲੀ ਨੂੰ ਪੁੱਛਿਆ ਕਿ ਅਜਿਹਾ ਕੀ ਹੋ ਗਿਆ ਜਿਸ ਕਰਕੇ ਉਸਦਾ ਇਹ ਹਾਲ ਹੋ ਗਿਆ ਤਾਂ ਲਾਲੀ ਨੇ ਦੱਸਿਆ ਕਿ ਭਾਵੇਂ ਉਹ ਅਮੀਰ ਘਰ ਵਿਆਹੀ ਸੀ ਪਰ ਪਤੀ ਨਸ਼ੇੜੀ ਨਿਕਲਿਆਂ ਤੇ ਸਭ ਕੁਝ ਵੇਚ ਦਿੱਤਾ ਤੇ ਹੁਣ ਰੱਬ ਨੂੰ ਪਿਆਰਾ ਹੋ ਗਿਆ ਤੇ ਹੁਣ ਲਾਲੀ ਕੋਲ ਨਾ ਕੋਈ ਰੋਟੀ ਦਾ ਸਾਧਨ ਸੀ ਤੇ ਨਾ ਹੀ ਪਹਿਲਾ ਵਾਲੀ ਖੂਬਸੂਰਤੀ ਕਿਉਂਕਿ ਵਧਦੀ ਉਮਰ ਉਸਦੀ ਸੋਹਣੀ ਸੂਰਤ ਨੂੰ ਸੰਭਾਲ ਨਾ ਸਕੀ । ਅਮਨ ਨੇ ਇਹ ਸਭ ਸੁਣ ਕੇ ਠੰਡਾ ਹੋਕਾ ਭਰਿਆ ਤੇ ਲਾਲੀ ਦੀ ਫਾਈਲ ਤੇ ਕਾਰਵਾਈ ਕਰਨ ਲੱਗ ਗਈ । ਇੰਨੇ ਨੂੰ ਇੱਕ ਬਹੁਤ ਹੀ ਸੋਹਣਾ ਸੁਨੱਖਾ ਆਦਮੀ ਅਮਨ ਦੇ ਕਮਰੇ ਅੰਦਰ ਆਇਆ ਤੇ ਅਮਨ ਨੇ ਲਾਲੀ ਨੂੰ ਦੱਸਿਆ ਕਿ ਇਹ ਉਸਦਾ ਪਤੀ ਹੈ ਜਿਹੜਾ ਕਿ ਆਪਣੀ ਡਿਊਟੀ ਤੋਂ ਬਾਅਦ ਅਮਨ ਨੂੰ ਲੈਣ ਆਇਆ ਸੀ । ਲਾਲੀ ਜਿਹੜੀ ਹਮੇਸ਼ਾ ਆਪਣੀ ਸੋਹਣੀ ਸੂਰਤ ਦੇ ਨਸ਼ੇ ਵਿੱਚ ਰਹਿੰਦੀ ਸੀ ਆਪ ਮਤੀ ਸੋਚਣ ਲੱਗੀ ," ਇਹ ਉਹ ਅਮਨ ਹੈ ਮੈਂ ਜਿਸਦਾ ਹਮੇਸ਼ਾ ਹੀ ਉਸਦੀ ਬਦਸੂਰਤੀ ਕਰਕੇ ਮਜ਼ਾਕ ਉਡਾਇਆ .. ਭਾਵੇਂ ਇਸ ਕੋਲ ਸੋਹਣੀ ਸੂਰਤ ਨਹੀਂ ਸੀ ਪਰ ਇਸਦੀ ਸੀਰਤ ਸੋਹਣੀ ਸੀ ਤੇ ਇਸ ਸੀਰਤ ਕਰਕੇ ਹੀ ਅੱਜ ਇਸ ਕੋਲ ਉਹ ਸਭ ਕੁਝ ਜਿਹੜਾ ਮੈਨੂੰ ਆਪਣੀ ਸੋਹਣੀ ਸੂਰਤ ਕਰਕੇ ਕਦੇ ਨੀ ਮਿਲਿਆ .. ਸੋਹਣੀ ਨੌਕਰੀ ..ਸੋਹਣਾ ਪਤੀ ਤੇ ਸੋਹਣੀ ਜਿੰਦਗੀ..ਸੱਚਮੁੱਚ ਹੀ ਮੁੱਲ ਹਮੇਸ਼ਾ ਸੋਹਣੀ ਸੀਰਤ ਦਾ ਹੀ ਪੈਂਦਾ ।" ਲਾਲੀ ਨੇ ਅੱਖਾਂ ਵਿੱਚ ਹੰਝੂ ਭਰੇ ਤੇ ਫਾਈਲ ਦੇ ਕੇ ਕਾਹਲੀ ਨਾਲ ਕਮਰੇ ਵਿੱਚੋ ਬਾਹਰ ਆ ਗਈ ।



ਪਰਮਜੀਤ ਕੌਰ

# ਬਦਲਦੀਆਂ ਰੀਤਾਂ

ਮੀਤਾਂ 4 ਸਾਲਾਂ ਬਾਅਦ ਇੰਡੀਆ ਆਈ ਕੈਨੇਡਾ ਦੀ ਪੀ ਆਰ (PR) ਲੈਕੇ।ਹੁਸ਼ਿਆਰ ਸੀ ਪੜ੍ਹਾਈ 'ਚ।ਪਹਿਲੀ ਤੋਂ 12ਵੀਂ ਤਕ ਕਿਸੇ ਨੂੰ ਆਗਾਹ ਨੀ ਲੰਘਣ ਦਿੱਤਾ। ਸੁਪਨੇ ਵੱਡੇ ਸੀ ਬਚਪਨ ਤੋਂ। ਪੁਲਿਸ ਅਫਸਰ ਜਾਂ IAS ਅਫਸਰ ਬਣਨ ਦੇ ਤਾਕਿ ਇਨਸਾਫ ਦੀ ਤਕੜੀ ਹੱਥ 'ਚ ਫੜ੍ਹ ਸਕੇ ਤੇ ਦੇਸ਼ 'ਚ ਵੱਧ ਰਹੀਆਂ ਕੁਰੀਤੀਆਂ ਨੂੰ ਠੱਲ ਪਾ ਸਕੇ।

12ਵੀਂ ਦੇ ਰਿਜ਼ਲਟ ਤੋਂ ਬਾਅਦ ਆਪਣੀ ਖਾਹਿਸ਼ ਜਤਾਇਣ ਤੋਂ ਪਹਿਲਾਂ ਈ ਬਾਪੂ ਨੇ ਆਪਣੇ ਦਿਲ ਦੀ ਕਹਿ ਛੱਡੀ।

"ਪੁੱਤਰਾ ! ਤੇਰੇ ਲਈ ਆਈਲੈਟਸ ਦਾ ਇਮਤਿਹਾਨ ਤਾਂ ਖੱਬੇ ਹੱਥ ਦੀ ਮਾਰ ਆ। ਕਈ ਵੱਡੇ ਵੱਡੇ ਘਰਾਂ ਦੇ ਰਿਸ਼ਤੇ ਆ ਰਹੇ। ਤੈਨੂੰ ਕਨੇਡਾ ਭੇਜਣਗੇ ਆਪਣੇ ਖਰਚੇ ਤੇ।ਸਾਰੀ ਗਰੀਬੀ ਧੋਤੀ ਜਾਏਗੀ ਤੇ ਅਸੀਂ ਵੀ ਸੋਹਣੇ ਦਿਨ ਵੇਖ ਲਾਂਗੇ"।

ਬੇਬਸੀ ਦੇ ਅੱਥਰੂ ਰੋਕਦਿਆਂ ਉਹਨੇ ਕਿਹਾ

" ਬਾਪੂ ! ਮੈ ਕੈਨੇਡਾ ਜਾਊਂਗੀ ਪਰ ਵਿਆਹ ਕਰਾਕੇ ਤੇ ਕਿਸੇ ਦਾ ਅਹਿਸਾਨ ਲੈਕੇ ਨਹੀਂ। ਤੂੰ ਕਰਜਾ ਚੁੱਕ ਲਾ ਜਾਂ ਟੋਟਾ ਜਮੀਨ ਦਾ ਬੇਚ ਦੇ। ਤਾਰ ਦੇਊਂਗੀ ਸਾਰਾ"।

ਧੀਅ ਦੇ ਦਿੱਤੇ ਭਰੋਸੇ ਤੇ ਹਿੱਸੇ ਆਂਦੀ ਜਮੀਨ ਵੇਚ ਕੈਨੇਡਾ ਭੇਜ ਦਿਤਾ ਸੀ ਮੀਤਾਂ ਨੂੰ। ਦਿਲ ਲਾ ਆਪਣਾ ਕੋਰਸ ਵਕਤ ਸਿਰ ਪੂਰਾ ਕਰ, ਵਰਕ ਪਰਮਿਟ ਚ ਕੰਮ ਕਰਦਿਆਂ ਛੋਟੇ ਭਰਾ ਤੇ ਭੈਣ ਦੀ ਪੜ੍ਹਾਈ ਚ ਪੂਰੀ ਮਦਦ ਕੀਤੀ। ਪ੍ਰੇਰਨਾ ਸਰੋਤ ਬਣਕੇ ਰਹੀ ਉਹਨਾਂ ਲਈ ਤੇ ਹਰ ਵਾਰ ਹੱਲਾ ਸ਼ੇਰੀ ਦੇਂਦੀ।

" ਬਹੁਤ ਹੁਸ਼ਿਆਰ ਓ ਤੁਸੀਂ। ਆਪਣੇ ਦੇਸ਼ ਚ ਰਹਿਕੇ ਉਹ ਕਰਨਾ ਜੋ ਮੈਂ ਸੁਪਨਾ ਲਿਆ ਸੀ। ਆਪਣੇ ਪੰਜਾਬ ਦੇ ਰਿਸ਼ਵਤਖੋਰੀ ਭ੍ਰਿਸ਼ਟਾਚਾਰੀ ਦੇ ਧੱਬੇ ਦੂਰ ਕਰਕੇ ਰੰਗਲਾ ਪੰਜਾਬ ਬਣਾਣਾ"।

ਕੱਲ੍ਹ ਪਹੁੰਚਦਿਆਂ ਈ ਮੀਤਾਂ ਸਾਰਾ ਪਿੰਡ ਘੁੰਮ ਆਈ। ਅੱਜ ਰੱਖੜੀ ਦਾ ਦਿਹਾੜਾ, ਜਿਹਨੂੰ ਭੈਣ-ਭਰਾ ਦੇ ਨਿੱਘੇ ਪਿਆਰ ਦੇ ਬੰਧਨ ਦਾ ਦਿਨ ਕਹਿੰਦੇ।ਵੀਰ ਭੈਣ ਨੂੰ ਹਰ ਤਰਾਂ ਦੀ ਰਾਖੀ ਦਾ ਭਰੋਸਾ ਦੁਆਂਦਾ ਤੇ ਹਰ ਦੁੱਖ ਸੁੱਖ ਚ ਨਾਲ ਖੜ੍ਹਣ ਦਾ ਵਾਅਦਾ ਕਰਦਾ। ਬਣਦਾ ਸਰਦਾ ਤੋਹਫਾ ਵੀ ਦਿੰਦਾ ਰੱਖੜੀ ਬੰਨ੍ਹਾਕੇ।

ਪਰਿਵਾਰ ਨਹਾ ਧੋਕੇ ਬੈਠ ਗਿਆ। ਬਾਪੂ ਸ਼ਹਿਰੋਂ ਮਿਠਾਈ ਲੈ ਆਇਆ, ਮਾਂ ਨੇ ਪਿਆਰ ਨਾਲ ਹਲਵਾ ਬਣਾਇਆ।ਨਿੱਕੀ ਨੇ 2 ਰੱਖੜੀਆਂ ਕੱਢ ਪਲੇਟ ਚ ਰੱਖੀਆਂ

" ਭੈਣ ! ਇੱਕ ਮੈਂ ਬੰਨ੍ਹ ਦਿੰਦੀ ਆ ਵੀਰ ਦੇ ਤੇ ਇਕ ਤੂੰ ਬੰਨ ਦੇ"

ਮੀਤਾਂ ਨੇ ਆਪਣੀ ਵਾਲੀ ਰੱਖੜੀ ਛੋਟੇ ਵੀਰ ਦੇ ਹੱਥ ਫੜਾ ਦਿਤੀ। ਆਪਣਾ ਗੁੱਟ ਅੱਗੇ ਕਰਦਿਆਂ ਕਿਹਾ "ਇਹ ਤੁਸੀਂ ਦੋਨੋਂ ਮੇਰੇ ਬੰਨ੍ਹੋਗੇ। ਤੇ ਮੈਂ ਪ੍ਰਣ ਕਰਦੀਂ ਆਂ ਕਿ ਹਮੇਸ਼ਾਂ ਤੁਹਾਡੀ ਢਾਲ ਬਣਕੇ ਰਾਖੀ ਕਰਾਂਗੀ।ਆਹ ਮੇਰੇ ਵਲੋਂ 5-5 ਹਜ਼ਾਰ ਰੱਖੜੀ ਬੰਨ੍ਹਾਈ ਦੇ"

ਬਾਪੂ ਦੇ ਮੂੰਹੋ ਇੱਕਦਮ ਨਿਕਲਿਆ

" ਮੀਤਾਂ ਇਹ ਰੀਤ ਤਾਂ--------"

ਪਿਆਰ ਨਾਲ ਘੁੱਟ ਬਾਪੂ ਨੂੰ ਕਹਿੰਦੀ

"ਬਾ-ਅ-ਪੂ ! ਬਦਲਦੇ ਹਾਲਾਤਾਂ ਨਾਲ ਰੀਤਾਂ ਨੂੰ ਵੀ ਬਦਲਾ ਲਈਦਾ"।

ਲਿਖਤ- ਹਰਜੀਤ ਸੈਣੀ

# ਬਾਹਲਾ ਚੁਸਤ ਦਰੁਸਤ...



ਦਸ ਕੁ ਸਾਲ ਉਮਰ ਹੋਵੇਗੀ ਪਰ ਵੇਖਣ ਨੂੰ ਬਾਹਲਾ ਚੁਸਤ ਦਰੁਸਤ ਲੱਗਦਾ ਸੀ.. !

ਗੁਰੂਦੁਆਰੇ ਓਧਰ ਤਾਬਿਆ ਤੇ ਬੈਠਾ ਸਿੰਘ ਵਾਕ ਲੈਣ ਲੱਗਦਾ ਕੇ ਏਧਰ ਅਛੋਪਲੇ ਜਿਹੇ ਮੱਥਾ ਟੇਕ ਅੰਦਰ ਆ ਸੰਗਤ ਵਿਚ ਆਣ ਬੈਠਦਾ..ਫੇਰ ਅੱਖੀਆਂ ਮੀਟ ਬਾਣੀ ਸੁਣਦਾ ਤੇ ਮਗਰੋਂ ਹੱਥ ਸੁੱਚੇ ਕਰ ਦੇਗ ਵਰਤਾਉਣ ਲੱਗ ਜਾਂਦਾ !

ਫੇਰ ਅਖੀਰ ਨੂੰ ਖੁਦ ਪ੍ਰਸ਼ਾਦ ਲੈ ਕੇ ਕਾਹਲੀ ਨਾਲ ਬਾਹਰ ਰਖਿਆ ਬਸਤਾ ਚੁੱਕ ਅੱਖੋਂ ਓਹਲੇ ਹੋ ਜਾਂਦਾ..ਰੋਜ ਦੀ ਬੱਸ ਇਹੋ ਰੁਟੀਨ ਸੀ ਉਸਦੀ !

ਸ਼ਾਇਦ ਨਾਲਦੇ ਪਾਸੇ ਬਣੇ ਸਕੂਲ ਵਿਚ ਪੜਨ ਜਾਇਆ ਕਰਦਾ ਸੀ !

ਅਜੀਬ ਜਿਹੀ ਖਿੱਚ ਸੀ ਉਸਦੇ ਕਿਰਦਾਰ ਵਿਚ..ਕਈ ਵਾਰ ਇੰਝ ਲੱਗਦਾ ਜਿੱਦਾਂ ਹੱਸਣ ਖੇਡਣ ਦੀ ਉਮਰ ਵਿਚ ਕੋਈ ਸਿਆਣੀ ਜਿਹੀ ਸੋਚ ਭਾਰੂ ਹੋ ਗਈ ਹੋਵੇ.. !

ਇੱਕ ਦਿਨ ਬਾਹਰੋਂ ਧੀ ਦਾ ਫੋਨ ਆਇਆ..ਆਖਣ ਲੱਗੀ ਬੀਜੀ ਤੁਹਾਡੇ ਦੋਹਤੇ ਨੂੰ ਪੱਗ ਬਨਾ ਦਿੱਤੀ ਏ..ਹੁਣ ਕਿਸੇ ਦਿਨ ਗੁਰੂ ਘਰ ਇਸਦੇ ਨਾਮ ਦੀ ਭੇਟਾ ਚਾੜ ਅਰਦਾਸ ਕਰਵਾ ਦਿਓ.. !

ਅਤੀਤ ਦੀ ਬੁੱਕਲ ਵਿਚ ਜਾਂਦੀ ਹੋਈ ਸੋਚੀ ਪੈ ਗਈ..ਅਜੇ ਕੱਲ ਦੀਆਂ ਤੇ ਗੱਲਾਂ ਨੇ ਜਦੋਂ ਡਾਕਟਰ ਨੇ ਝੋਲੀ ਪਾਇਆ ਸੀ ਤੇ ਅੱਜ ਸੱਤ ਸਮੁੰਦਰ ਪਾਰ ਸਿਰ ਤੇ ਗੁਰਾਂ ਦੀ ਬਖਸੀ ਹੋਈ ਦਸਤਾਰ ਵੀ ਸਜਾ ਲਈ..ਮਲੋ ਮੱਲੀ ਹੰਜੂ ਵਗ ਤੁਰੇ !

ਅਗਲੇ ਦਿਨ ਸਵਖਤੇ ਉਠੀ..ਪਾਠ ਕੀਤਾ..ਹੱਥੀਂ ਦੇਗ ਤਿਆਰ ਕੀਤੀ ਤੇ ਫੇਰ ਪਰਸ ਵਿਚ ਦੋ ਹਜਾਰ ਦਾ ਨੋਟ ਪਾ ਗੁਰੂ ਘਰ ਵੱਲ ਨੂੰ ਹੋ ਤੁਰੀ ! ਕੀ ਵੇਖਿਆ ਕੇ ਅੱਜ ਉਹ ਲੰਗਰ ਵਾਲੇ ਪਾਸੇ ਵੱਲ ਚੁੱਪਚਾਪ ਬੈਠਾ ਹੋਇਆ ਸੀ..ਵਿਲੱਖਣ ਗੱਲ..ਅੱਜ ਸਿਰ ਤੇ ਨਿੱਕੀ ਜਿਹੀ ਦਸਤਾਰ ਵੀ ਸਜਾਈ ਹੋਈ ਸੀ !

ਇੰਝ ਨਿਮੋਝੂਣੇ ਹੋ ਕੇ ਬੈਠਣ ਦੀ ਵਜਾ ਪੁੱਛਣ ਕੋਲ ਗਈ..ਏਨੇ ਨੂੰ ਉਸਦੇ ਨਾਲਦੇ ਦੌੜੇ ਦੌੜੇ ਅੰਦਰ ਆਏ ਤੇ ਪੁੱਛਣ ਲੱਗੇ ਸਕੂਲੇ ਨਹੀਓ ਜਾਣਾ ?"

ਬਿੰਦ ਕੁ ਧਿਆਨ ਉਤਾਂਹ ਵੱਲ ਨੂੰ ਕੀਤਾ ਤੇ ਆਖਣ ਲੱਗਾ "ਨਹੀਂ ਅੱਜ ਨਹੀ..ਮੇਰੇ ਕੋਲ ਦੇਣ ਜੋਗੀ ਫੀਸ ਹੈਨੀ..ਨਾਲ ਹੀ ਫੇਰ ਨੀਵੀਂ ਪਾ ਲਈ !

ਤੇ ਇਹ ਪੱਗ ਕਿਥੋਂ ਲਈ" ?

"ਫੀਸ ਵਾਲੇ ਪੈਸਿਆਂ ਦੀ ਹੀ ਲਈ..ਗਿਆਨੀ ਜੀ ਆਖਦੇ ਸਨ ਪੂਰੀ ਦਸਤਾਰ ਸਜਾ ਕੇ ਆਇਆ ਕਰ..ਮੇਰਾ ਵੀ ਬੜਾ ਜੀ ਕਰਿਆ ਕਰਦਾ ਸੀ ਕੇ ਬੰਨ ਕੇ ਆਇਆ ਕਰਾਂ.. !

ਫੇਰ ਤਾਂ ਅੱਜ ਪੱਕੀ ਕੁੱਟ ਪਊ..ਘਰੋਂ ਵੀ ਤੇ ਸਕੂਲੋਂ ਵੀ..ਏਨੀ ਗੱਲ ਆਖ ਉਹ ਸਾਰੇ ਹੱਸਦੇ ਹੋਏ ਬਾਹਰ ਵੱਲ ਨੂੰ ਦੌੜ ਗਏ ਤੇ ਉਹ ਕੁਝ ਸੋਚ ਮੁੜ ਲੰਗਰ ਦੇ ਜੂਠੇ ਭਾਂਡੇ ਮਾਂਜਣ ਵਿਚ ਰੁੱਝ ਗਿਆ !

ਅੱਖਾਂ ਸਾਹਵੇਂ ਵਾਪਰੇ ਇਸ ਕਰਾਮਾਤੀ ਬਿਰਤਾਂਤ ਨੂੰ ਦੇਖ ਕਾਲਜੇ ਦਾ ਰੁੱਗ ਜਿਹਾ ਭਰਿਆ ਗਿਆ..ਓਸੇ ਵੇਲੇ ਉਸਨੂੰ ਬਾਹੋਂ ਫੜ ਉਠਾ ਆਪਣੇ ਨਾਲ ਤੋਰ ਲਿਆ..ਫੇਰ ਜੋ ਹੋਇਆ ਉਹ ਤੇ ਬੜੀ ਲੰਮੀ ਵਿਥਿਆ ਏ ਪਰ ਉਸਦੇ ਸਕੂਲ ਦੀ ਪੂਰੇ ਸਾਲ ਦੀ ਫੀਸ ਤਾਰ ਕੇ ਮੁੜਦੀ ਹੋਈ ਨੂੰ ਅੱਜ ਇੰਝ ਲੱਗ ਰਿਹਾ ਸੀ ਜਿਦਾਂ ਹੁਣੇ ਹੁਣੇ ਹੀ ਦੋਹਤੇ ਨੂੰ ਪੱਗ ਬਣਾਈ ਤੇ ਇੱਕ ਵੱਡਾ ਸਾਰਾ ਸ਼ਗਨ ਪਾ ਕੇ ਮੁੜੀ ਹੋਵਾਂ !

ਹਰਪ੍ਰੀਤ ਸਿੰਘ ਜਵੰਦਾ

# ਵਿਸਕਾਨਸਿਨ ਦੀ ਰਾਜਧਾਨੀ,
# ਝੀਲਾਂ 'ਚ ਵੱਸਦਾ ਮੈਡੀਸਿਨ ਸਿਟੀ

## ਅਮਰੀਕਾ ਵਿੱਚ ਪੰਜਾਬੀਆਂ ਦੀ ਸ਼ਾਨ ਵੱਖਰੀ

### ਮੇਰੀ ਅਮਰੀਕਾ ਯਾਤਰਾ ਦੇ ਅੰਗ ਸੰਗ









ਜਗਰੂਪ ਸਿੰਘ ਜਰਖੜ ਦੀ ਵਿਸ਼ੇਸ਼ ਰਿਪੋਰਟ

ਮੈਨੂੰ ਆਪਣੀ ਅਮਰੀਕਾ ਯਾਤਰਾ ਦੌਰਾਨ ਪਹਿਲੀ ਵਾਰ ਵਿਸਕੌਨਸਿਨ ਸਟੇਟ ਵੇਖਣ ਦਾ ਮੌਕਾ ਮਿਲਿਆ। ਵਿਸਕੌਨਸਿਨ ਸਟੇਟ ਵਿੱਚ ਵੱਸਦੇ ਮੈਡੀਸਨ ਸਿਟੀ ਨੂੰ "ਝੀਲਾਂ ਦਾ ਸ਼ਹਿਰ" ਕਿਹਾ ਜਾਂਦਾ ਹੈ। ਇਹ ਵਿਸਕਾਨਸਿਨ ਰਾਜ ਦੀ ਰਾਜਧਾਨੀ ਹੈ ਅਤੇ ਦੋ ਵੱਡੀਆਂ ਝੀਲਾਂ – ਲੇਕ ਮੈਂਡੋਟਾ ਅਤੇ ਲੇਕ ਮੋਨੋਨਾ ਦੇ ਵਿਚਕਾਰ ਬਣੇ ਇਸਥਮਸ (ਜ਼ਮੀਨ ਦੀ ਤੰਗ ਪੱਟੀ) ਉੱਤੇ ਸਥਿਤ ਹੈ। ਇਹ ਭੂਗੋਲਿਕ ਵਿਸ਼ੇਸ਼ਤਾ ਮੈਡੀਸਨ ਨੂੰ ਹੋਰ ਸ਼ਹਿਰਾਂ ਤੋਂ ਵੱਖਰੀ ਪਛਾਣ ਦਿੰਦੀ ਹੈ।

ਮੈਡੀਸਿਨ ਸ਼ਹਿਰ ਪੰਜ ਝੀਲਾਂ ਨਾਲ ਘਿਰਿਆ ਹੋਇਆ ਹੈ: ਝੀਲ ਮੈਂਡੋਟਾ, ਝੀਲ ਮੋਨੋਨਾ, ਝੀਲ ਕੈਗੋਨਸਾ, ਝੀਲ ਵੌਬੇਸਾ ਅਤੇ ਝੀਲ ਵਿੰਗਰਾ ਇਸ ਸ਼ਹਿਰ ਨੂੰ ਵਿਲੱਖਣ ਪਹਿਚਾਣ ਦਿੰਦੀਆਂ ਹਨ।

ਮੈਡੀਸਨ ਦੀ ਸਥਾਪਨਾ ਸੰਨ 1836 ਵਿੱਚ ਕੀਤੀ ਗਈ ਅਤੇ ਇਸਨੂੰ ਅਮਰੀਕਾ ਦੇ ਚੌਥੇ ਰਾਸ਼ਟਰਪਤੀ ਜੇਮਜ਼ ਮੈਡੀਸਨ ਦੇ ਨਾਮ 'ਤੇ ਰੱਖਿਆ ਗਿਆ ਸੀ। 1838 ਵਿੱਚ ਇਸਨੂੰ ਵਿਸਕਾਨਸਿਨ ਖੇਤਰ ਦੀ ਰਾਜਧਾਨੀ ਘੋਸ਼ਿਤ ਕੀਤਾ ਗਿਆ ਅਤੇ 1848 ਵਿੱਚ ਜਦੋਂ ਵਿਸਕਾਨਸਿਨ ਰਾਜ ਬਣਿਆ ਤਾਂ ਮੈਡੀਸਨ ਇਸਦੀ ਸਥਾਈ ਰਾਜਧਾਨੀ ਬਣਿਆ।

ਮੈਡੀਸਨ ਵਿਖੇ ਵਿਸਕਾਨਸਿਨ–ਮੈਡੀਸਨ ਯੂਨੀਵਰਸਿਟੀ (UW-Madison) ਸਥਿਤ ਹੈ, ਜੋ ਦੁਨੀਆ ਦੀਆਂ ਚੋਟੀ ਦੀਆਂ ਯੂਨੀਵਰਸਿਟੀਆਂ ਵਿੱਚੋਂ ਇੱਕ ਹੈ। 1848 ਵਿੱਚ ਸਥਾਪਿਤ ਇਸ ਯੂਨੀਵਰਸਿਟੀ ਵਿੱਚ ਲਗਭਗ 48,000 ਵਿਦਿਆਰਥੀ ਪੜ੍ਹਦੇ ਹਨ।

ਮੈਡੀਸਨ ਨੂੰ "ਪਾਰਕਾਂ ਦਾ ਸ਼ਹਿਰ" ਵੀ ਕਿਹਾ ਜਾਂਦਾ ਹੈ। ਇੱਥੇ 260 ਤੋਂ ਵੱਧ ਪਾਰਕ, 200 ਕਿਲੋਮੀਟਰ ਤੋਂ ਵੱਧ ਸਾਈਕਲ ਅਤੇ ਪੈਦਲ ਮਾਰਗ ਹਨ। ਸ਼ਹਿਰ ਦੀ ਅਬਾਦੀ ਲਗਭਗ 3 ਲੱਖ ਦੇ ਕਰੀਬ ਹੈ, ਜਦੋਂ ਕਿ ਮੈਡੀਸਨ ਮੈਟਰੋ ਖੇਤਰ ਵਿੱਚ 6.8 ਲੱਖ ਤੋਂ ਵੱਧ ਲੋਕ ਵਸਦੇ ਹਨ।

ਪਿਛਲੇ ਇੱਕ ਦਹਾਕੇ ਵਿੱਚ ਮੈਡੀਸਨ ਅਤੇ ਖਾਸ ਕਰਕੇ ਫਿਚਬਰਗ, ਵਿਸਕਾਨਸਿਨ ਵਿੱਚ ਪੰਜਾਬੀ ਭਾਈਚਾਰਾ ਲਗਾਤਾਰ ਵੱਧ ਰਿਹਾ ਹੈ। ਫਿਚਬਰਗ, ਜੋ ਮੈਡੀਸਨ ਦੇ ਦੱਖਣ ਵਿੱਚ 10 ਮੀਲ ਦੂਰ ਹੈ, ਹੁਣ ਪੰਜਾਬੀ ਪਰਿਵਾਰਾਂ ਦਾ ਇੱਕ ਵੱਡਾ ਕੇਂਦਰ ਬਣ ਚੁੱਕਾ ਹੈ।

**ਵਿਸ਼ਵ ਪ੍ਰਸਿੱਧ UW–ਮੈਡੀਸਨ ਯੂਨੀਵਰਸਿਟੀ – ਵਿਸਕਾਨਸਿਨ ਦੀ ਸ਼ਾਨ**

**ਮੈਡੀਸਨ (ਵਿਸਕਾਨਸਿਨ) –** ਵਿਸਕਾਨਸਿਨ ਯੂਨੀਵਰਸਿਟੀ, ਮੈਡੀਸਨ ਦੀ ਸਥਾਪਨਾ 1848 ਵਿੱਚ ਹੋਈ, ਉਸੇ ਸਾਲ ਜਦੋਂ ਵਿਸਕਾਨਸਿਨ ਅਮਰੀਕਾ ਦਾ 30ਵਾਂ ਸੂਬਾ ਬਣਿਆ। ਇਹ ਸੰਯੁਕਤ ਰਾਜ ਦੀ ਸਭ ਤੋਂ ਪੁਰਾਣੀਆਂ ਜਨਤਕ ਰਿਸਰਚ ਯੂਨੀਵਰਸਿਟੀਆਂ ਵਿੱਚੋਂ ਇੱਕ ਹੈ।

**ਗਲੋਬਲ ਪੱਧਰ 'ਤੇ ਮਾਨਤਾ:** UW–ਮੈਡੀਸਨ 2025 ਵਿੱਚ ਦੁਨੀਆ ਦੀਆਂ ਚੋਟੀ 30 ਯੂਨੀਵਰਸਿਟੀਆਂ ਵਿੱਚ ਸ਼ਾਮਲ ਹੈ – ਗਲੋਬਲ ਰੈਂਕ 30 ਹੈ । ਇਹ ਦੁਨੀਆ ਦੀਆਂ ਚੋਟੀ 0.2% ਯੂਨੀਵਰਸਿਟੀਆਂ ਵਿੱਚ ਆਉਂਦੀ ਹੈ। 20 ਨੋਬਲ ਪੁਰਸਕਾਰ ਜੇਤੂ ਇਸ ਯੂਨੀਵਰਸਿਟੀ ਨੇ ਪੈਦਾ ਕੀਤੇ ਹਨ। ਪੰਜਾਬੀਆਂ ਲਈ ਕੰਪਿਊਟਰ ਵਿਗਿਆਨੀ ਗੁਰਿੰਦਰ ਸਿੰਘ ਸੋਹੀ ਇਸ ਯੂਨੀਵਰਸਿਟੀ ਵਿੱਚ ਉਸ ਰੁਤਬੇ ਤੇ ਰਹਿ ਕੇ ਪੰਜਾਬੀਆਂ ਦੀ ਸ਼ੋਭਾ ਨੂੰ ਵਧਾ ਰਹੇ ਹਨ।

**ਅਕਾਦਮਿਕ ਤੇ ਖੋਜ:** ਇਸ ਯੂਨੀਵਰਸਿਟੀ ਵਿੱਚ 13 ਸਕੂਲ/ਕਾਲਜ, 136 ਅੰਡਰਗ੍ਰੈਜੂਏਟ ਅਤੇ 120 ਡਾਕਟਰੇਟ ਪ੍ਰੋਗਰਾਮਾਂ ਨਾਲ 48,000+ ਵਿਦਿਆਰਥੀ ਇੱਥੇ ਅਧਿਐਨ ਕਰਦੇ ਹਨ। 2024 ਵਿੱਚ ਯੂਨੀਵਰਸਿਟੀ ਨੇ ਖੋਜ 'ਤੇ 1.5 ਬਿਲੀਅਨ ਡਾਲਰ ਖਰਚ ਕੀਤੇ, ਜਿਸ ਨਾਲ ਇਹ ਅਮਰੀਕਾ ਦੀਆਂ ਚੋਟੀ ਦੀਆਂ 5 ਖੋਜ–ਸਰਗਰਮ ਯੂਨੀਵਰਸਿਟੀਆਂ ਵਿੱਚ ਸ਼ਾਮਲ ਹੈ। ਬਲੱਡ ਟਰਾਂਸਮਿਸ਼ਨ ਦੇ ਵਿੱਚ ਵਰਤਿਆ ਜਾਣਾ ਵਾਲਾ ਹਪੇਰਨ ਜੀਵ ਰਸਾਇਨਿਕ ਯੋਗ ਦੀ ਖੋਜ ਵੀ ਇਸ ਯੂਨੀਵਰਸਿਟੀ ਨੇ ਹੀ ਕੀਤੀ ਹੈ ।

**ਵਿਸਕਾਨਸਿਨ ਆਈਡੀਆ:** ਇਹ ਵਿਚਾਰ 1904 ਤੋਂ UW–ਮੈਡੀਸਨ ਦੀ ਪਹਿਚਾਣ ਹੈ – ਕਿ ਯੂਨੀਵਰਸਿਟੀ ਦੀ ਖੋਜ ਅਤੇ ਸਿੱਖਿਆ ਦਾ ਲਾਭ ਸਿੱਧੇ ਰਾਜ ਅਤੇ ਦੇਸ਼ ਦੇ ਲੋਕਾਂ ਤੱਕ ਪਹੁੰਚਣਾ ਚਾਹੀਦਾ ਹੈ।

ਪੰਜਾਬੀ ਵਿਦਿਆਰਥੀਆਂ ਦਾ ਵੱਧਦਾ ਯੋਗਦਾਨ: ਹਾਲ ਦੇ ਸਾਲਾਂ ਵਿੱਚ ਪੰਜਾਬ ਤੋਂ ਆਉਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਤੇਜ਼ੀ ਨਾਲ ਵਧੀ ਹੈ। ਇੰਜੀਨੀਅਰਿੰਗ, ਡੇਟਾ ਸਾਇੰਸ, ਖੇਤੀ ਵਿਗਿਆਨ ਅਤੇ ਜਨ ਸਿਹਤ ਵਿੱਚ ਪੰਜਾਬੀ ਵਿਦਿਆਰਥੀ ਖੋਜ ਅਤੇ ਲੀਡਰਸ਼ਿਪ ਵਿੱਚ ਅੱਗੇ ਹਨ।

**ਮੈਡੀਸਨ ਸਿਟੀ 'ਚ ਗੁਰਦੁਆਰਾ ਸਾਹਿਬ ਦੀ ਸਥਾਪਨਾ**

**ਮੈਡੀਸਨ (ਵਿਸਕਾਨਸਿਨ) –** ਵਿਸਕਾਨਸਿਨ ਦੀ ਰਾਜਧਾਨੀ ਮੈਡੀਸਨ ਅਤੇ ਫਿਚਬਰਗ ਦੇ ਰਹਿੰਦੇ ਪੰਜਾਬੀ ਭਾਈਚਾਰੇ ਲਈ ਇੱਕ ਇਤਿਹਾਸਕ ਪਲ ਉਦੋਂ ਆਇਆ ਜਦੋਂ ਸਿੱਖ ਸੋਸਾਇਟੀ ਆਫ ਵਿਸਕਾਨਸਿਨ ਦੇ ਨਵੇਂ ਗੁਰਦੁਆਰਾ ਸਾਹਿਬ ਦਾ ਉਦਘਾਟਨ 6970 Century Ave, Middleton ਵਿਖੇ ਕੀਤਾ ਗਿਆ।

ਸਿੱਖ ਸੋਸਾਇਟੀ ਆਫ ਵਿਸਕਾਨਸਿਨ ਦੀ ਸਥਾਪਨਾ ਸਾਲ 1997 ਵਿੱਚ ਹੋਈ ਸੀ। ਮੈਡੀਸਨ–ਫਿਚਬਰਗ ਖੇਤਰ ਵਿੱਚ ਵਸਦੇ ਪੰਜਾਬੀ ਪਰਿਵਾਰਾਂ ਨੇ ਇਕੱਠੇ ਹੋ ਕੇ ਧਾਰਮਿਕ, ਸੱਭਿਆਚਾਰਕ ਅਤੇ ਸਮਾਜਿਕ ਸੇਵਾਵਾਂ ਲਈ ਇਸ ਸੰਸਥਾ ਦੀ ਨੀਂਹ ਰੱਖੀ। ਪਿਛਲੇ 28 ਸਾਲਾਂ ਤੋਂ ਇਹ ਸੰਸਥਾ ਗੁਰਦੁਆਰਾ ਸੇਵਾ, ਪੰਜਾਬੀ ਸਕੂਲ ਅਤੇ ਸਮਾਜ ਸੇਵਾ ਦੇ ਕੰਮ ਲਗਾਤਾਰ ਕਰ ਰਹੀ ਹੈ। ਹੁਣ 6300 ਵਰਗ ਫੁੱਟ ਦੀ ਨਵੀਂ ਇਮਾਰਤ ਵਿੱਚ ਦਰਬਾਰ ਹਾਲ, ਵੱਡਾ ਲੰਗਰ ਹਾਲ, ਲਾਇਬ੍ਰੇਰੀ, ਪੰਜਾਬੀ ਭਾਸ਼ਾ ਕਲਾਸਰੂਮ ਅਤੇ ਕਮਿਊਨਿਟੀ ਹਾਲ ਤਿਆਰ ਕੀਤੇ ਗਏ ਹਨ। ਸੁਰਿੰਦਰਪਾਲ ਸਿੰਘ ਪਾਂਗਲੀ , ਅਤੇ ਹਰਜਿੰਦਰਪਾਲ ਸਿੰਘ ਪਾਂਗਲੀ ਗੁਰੂ ਘਰ ਦੇ ਮੁੱਖ ਸੇਵਾਦਾਰ ਦੀ ਸੇਵਾ ਨਿਭਾ ਰਹੇ ਹਨ।

ਹਰ ਐਤਵਾਰ ਦਾ ਗੁਰੂ ਘਰ ਦਾ ਲੰਗਰ 200 ਤੋਂ ਵੱਧ ਸੰਗਤਾਂ ਲਈ ਤਿਆਰ ਕੀਤਾ ਜਾਂਦਾ ਹੈ।

**ਪੰਜਾਬੀ ਭਾਈਚਾਰਾ ਮੈਡੀਸਨ–ਫਿਚਬਰਗ:** ਮੈਡੀਸਨ ਅਤੇ ਫਿਚਬਰਗ ਖੇਤਰ ਵਿੱਚ ਹੁਣ 1000 ਤੋਂ 1200 ਦੇ ਕਰੀਬ ਪੰਜਾਬੀ ਪਰਿਵਾਰ ਵਸਦੇ ਹਨ, ਜੋ ਕਿ ਆਈ ਟੀ, ਹੈਲਥਕੇਅਰ, ਸਿੱਖਿਆ ਅਤੇ ਕਾਰੋਬਾਰ ਦੇ ਖੇਤਰਾਂ ਵਿੱਚ ਕੰਮ ਕਰਦੇ ਹਨ। ਉੱਘੀ ਲੋਕ ਗਾਇਕਾ ਸਤਵਿੰਦਰ ਬਿੱਟੀ ਉਸਦਾ ਪਤੀ ਕੁਲਰਾਜ ਸਿੰਘ ਵੀ ਮੈਡੀਸਿਨ ਸਿਟੀ ਲਾਗੇ ਰੌਕਫੋਰਡ ਵਿਖੇ ਰਹਿੰਦੇ ਹਨ। ਸਾਡਾ ਬੱਚੇ ਰਾਜਦੀਪ ਸਿੰਘ ਖੰਗੂੜਾ ਰਿਸਰਚ ਫੈਲੋ (ਸਾਇੰਸਦਾਨ) ਅਤੇ ਹਰਨੀਤ ਕੌਰ ਯੂ ਡਬਲਯੂ ਮੈਡੀਸਿਨ ਯੂਨੀਵਰਸਿਟੀ ਵਿੱਚ ਉੱਚ ਮੁਕਾਮ ਤੇ ਬਿਰਾਜਮਾਨ ਹੋਕੇ ਪੰਜਾਬੀਆਂ ਦਾ ਮਾਣ ਵਧਾ ਰਹੇ ਹਨ। ਯੂਨਿਟੀ ਪੁਆਇੰਟ ਹੈਲਥ ਦੇ ਬੇਬੀ ਵੈਲਬੋਰਡ ਤੇ ਜੋਰਾਵਰ ਸਿੰਘ ਖੰਗੂੜਾ ਨੂੰ ਆਪਣੀ ਫੋਟੋ ਲਵਾਉਣ ਦਾ ਮਾਣ ਮਿਲਿਆ ਹੈ। ਧਨਾਢ ਰੱਖੜਿਆਂ ਦੀ ਧਾਲੀਵਾਲ ਫੈਮਿਲੀ, ਗਿੱਲ ਪਿੰਡ ਵਾਲਾ ਕਬੱਡੀ ਪ੍ਰਮੋਟਰ ਬ੍ਰੈਟੀ ਗਿੱਲ ਦਾ ਪ੍ਰਵਾਰ ਵੀ ਇਥੇ ਹੀ ਮਲਵਾਕੀ ਵਿਖੇ ਹੀ ਵੱਸਦਾ ਹੈ। ਬਾਲੀਵੁੱਡ ਦੀ ਚਰਚਿਤ ਹਿੰਦੀ ਫਿਲਮ " ਸੁਹਾਗ "ਵਿੱਚ ਫਿਲਮ ਕਲਾਕਾਰ ਅਮਿਤਾਬ ਬਚਨ ਦੇ ਨਾਲ ਭੰਗੜਾ ਪਾਉਣ ਵਾਲਾ ਪੰਜਾਬੀ ਸਟਾਰ ਪਰਮਿੰਦਰ ਸਿੰਘ ਵਾਲੀਆ ਵੀ ਇਸ ਸਟੇਟ ਵਿੱਚ ਹੀ ਰਹਿੰਦਾ ਹੈ।

ਇਸ ਤੋਂ ਇਲਾਵਾ ਇਸ ਖੇਤਰ ਵਿੱਚ ਹਿੰਦੂ ਭਾਈਚਾਰੇ ਲਈ ਏ.ਐਚ.ਏ. ਸ਼ਿਵ–ਵਿਸ਼ਨੂੰ ਮੰਦਰ 2138 S Fish Hatchery Rd, Fitchburg, WI ਵਿਖੇ ਸਥਿਤ ਹੈ।

ਜਗਰੂਪ ਸਿੰਘ ਜਰਖੜ ਖੇਡ ਪ੍ਰਮੋਟਰ/ਲੇਖਕ
98143–00722

# "ਇੰਡੋ ਅਮਰੀਕਨ ਯੈਲੋ ਪੇਜ ਡਾਇਰੈਕਟਰੀ" ਦਾ ਸਿਲਵਰ ਜੁਬਲੀ ਸਮਾਗਮ 12 ਸਤੰਬਰ ਨੂੰ ਸਿਆਟਲ ਵਿਖੇ



ਸਿਆਟਲ ਵਿੱਚ ਵੱਸਦੇ ਪੰਜਾਬੀ ਭਾਈਚਾਰੇ ਦੀਆਂ ਤੰਦਾਂ ਨੂੰ ਆਪਸ ਵਿੱਚ ਜੋੜਨ ਅਤੇ ਉਹਨਾਂ ਦੇ ਕਾਰੋਬਾਰਾਂ ਨੂੰ ਮਜਬੂਤ ਕਰਨ ਦੇ ਇਰਾਦਿਆਂ ਨਾਲ ਢਾਈ ਦਹਾਕੇ ਪਹਿਲਾਂ ਸ਼ੁਰੂ ਹੋਈ " ਇੰਡੋ ਅਮਰੀਕਨ ਯੈਲੋ ਪੇਜ ਡਾਇਰੈਕਟਰੀ" ਦਾ 25ਵਾਂ ਸਿਲਵਰ ਜੁਬਲੀ ਸਮਾਗਮ 12 ਸਤੰਬਰ ਦਿਨ ਸ਼ਨੀਵਾਰ ਨੂੰ ਸ਼ਾਮ 4 ਤੋਂ 8 ਵਜੇ ਤੱਕ ਗੋਲਡਨ ਇੰਡੀਆ ਕਰੀ ਹਾਊਸ 23811 ਵੈਲੀ ਕੈਂਟ ਸਿਆਟਲ ਵਿਖੇ ਵਸਦੇ ਸਮੁੱਚੇ ਪੰਜਾਬੀ ਭਾਈਚਾਰੇ ਦੀਆਂ ਮੋਹਤਵਾਰ ਹਸਤੀਆਂ ਦੀ ਹਾਜ਼ਰੀ ਵਿੱਚ ਮਨਾਇਆ ਜਾਵੇਗਾ। ਇਸ ਮੌਕੇ ਇੰਡੋ ਅਮਰੀਕਨ ਯੇਲੋ ਪੇਜ ਡਾਇਰੈਕਟਰੀ ਦੇ ਮੁੱਖ ਸੰਸਥਾਪਕ ਬਲਜੀਤ ਸਿੰਘ ਸੈਂਹਬੀ ਨੇ ਦੱਸਿਆ ਕਿ ਗੁਰੂ ਸਾਹਿਬ ਦੀ ਰਹਿਮਤ ਨਾਲ ਅਮਰੀਕਾ ਵਿੱਚ ਖਾਸ ਕਰਕੇ ਸਿਆਟਲ ਵਿੱਚ ਵੱਸਦੇ ਪੰਜਾਬੀ ਭਾਈਚਾਰੇ ਨੂੰ ਇੱਕ ਡਾਇਰੈਕਟਰੀ ਦੇ ਰੂਪ ਵਿੱਚ ਪਰੋਣ ਦੀ ਸੇਵਾ ਲਈ ਹੈ ਉਹ ਕਾਬਿਲੇ ਤਰੀਫ ਹੈ। ਇਸ ਇੰਡੋ ਅਮਰੀਕਨ ਯੈਲੋ ਪੇਜ ਡਾਇਰੈਕਟਰੀ ਵਿੱਚ ਸਿਆਟਲ ਦੇ ਸਮੂਹ ਗੁਰਦੁਆਰਾ ਸਾਹਿਬ , ਸਮੂਹ ਸਕੂਲ, ਨਾਮੀ ਬਿਜਨਸਮੈਨ, ਡਾਕਟਰ ਸਾਹਿਬਾਨ, ਸਮਾਜਿਕ ਅਤੇ ਵਪਾਰਕ ਕਾਰੋਬਾਰੀਆਂ, ਖੇਡ ਗਤੀਵਿਧੀਆਂ ਆਦਿ ਲੋਕਾਂ ਦੀਆਂ ਹੋਰ ਲੋਕਾਂ ਗਤੀ ਵਿਧੀਆ, ਪ੍ਰਾਪਤੀਆਂ, ਫੋਨ ਨੰਬਰਾਂ, ਯਾਦਗਾਰੀ ਤਸਵੀਰਾਂ ਨੂੰ ਦਰਸਾਉਂਦੀ ਦਸਤਾਵੇਜ਼ੀ ਇਤਿਹਾਸ ਦਾ ਪੰਨਾ ਬਣਦੀ ਹੈ ਅਤੇ ਸਮੁੱਚੇ ਭਾਈਚਾਰੇ ਨੂੰ ਇੱਕ ਕਿਤਾਬ ਦੇ ਰੂਪ ਵਿੱਚ ਇਕੱਠਾ ਕਰਦੀ ਹੈ। ਓਨਾਂ ਦੱਸਿਆ ਕਿ ਇੰਡੋ ਅਮਰੀਕਨ ਯੇਲੋ ਪੇਜ ਡਾਇਰੈਕਟਰੀ ਦਾ ਮੁੱਖ ਮਕਸਦ ਸਮੂਹ ਪੰਜਾਬੀ ਭਾਈਚਾਰਕ ਸਾਂਝ ਨੂੰ ਮਜਬੂਤ ਕਰਨਾ, ਆਪਸ ਵਿੱਚ ਮੇਲ ਮਿਲਾਪ ਵਧਾਉਣਾ , ਤਰੱਕੀ ਦੀਆਂ ਲੀਹਾਂ ਤੇ ਪਾਉਣਾ ਹੈ। ਹਰ ਸਾਲ ਇਸ ਡਇਰੈਕਟਰੀ ਦੇ ਸਮਾਜ ਵਿੱਚ ਸਾਰਿਥਕ ਨਤੀਜੇ ਮਿਲਦੇ ਹਨ।

ਸਿਲਵਰ ਜੁਬਲੀ ਸਮਾਗਮ ਦੌਰਾਨ ਜਿੱਥੇ ਗ੍ਰੈਂਡ ਸਪਾਂਸਰ ਡਾਕਟਰ ਪ੍ਰਿੰਸੀ ਰਿਖੀ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨਗੇ ਉੱਥੇ ਪੰਜਾਬ ਤੋਂ ਉਚੇਚੇ ਤੌਰ ਤੇ ਆਏ ਉੱਘੇ ਖੇਡ ਪ੍ਰਮੋਟਰ ,ਖੇਡ ਲੇਖਕ ਜਗਰੂਪ ਸਿੰਘ ਜਰਖੜ ਵੀ ਵਿਸ਼ੇਸ਼ ਮਹਿਮਾਨ ਵਜੋਂ ਪਹੁੰਚਣਗੇ। ਇਸ ਮੌਕੇ ਜਿੱਥੇ ਪੰਜਾਬੀ ਸੱਭਿਆਚਾਰ ਨਾਲ ਸੰਬੰਧਤ ਗੀਤ ਸੰਗੀਤ ਦਾ ਵਿਸ਼ੇਸ਼ ਪ੍ਰਬੰਧ ਹੋਵੇਗਾ ਉੱਥੇ ਆਏ ਸਮੂਹ ਮਹਿਮਾਨਾਂ ਲਈ ਰਾਤ ਦੇ ਖਾਣੇ ( ਡਿਨਰ) ਦਾ ਵੀ ਵਿਸ਼ੇਸ਼ ਪ੍ਰਬੰਧ ਕੀਤਾ ਜਾਵੇਗਾ। ਸਿਲਵਰ ਜੁਬਲੀ ਸਮਾਗਮ ਦੀਆਂ ਤਿਆਰੀਆਂ ਪੂਰੇ ਜੋਰਾਂ ਤੇ ਚੱਲ ਰਹੀਆਂ ਹਨ। ਇਸ ਵਾਰੀ ਇੰਡੋ ਅਮਰੀਕਨ ਯੈਲੋ ਪੇਜ ਡਾਇਰੈਕਟਰੀ ਦਾ ਸਮਾਗਮ ਯਾਦਗਾਰੀ ਪੈੜਾਂ ਪਾ ਕੇ ਸਮਾਪਤ ਹੋਵੇਗਾ । ਇਸ ਮੌਕੇ ਮੁੱਖ ਸਹਿਯੋਗੀ ਸੱਜਣ ਅਤੇ ਸਿਆਟਲ ਭਾਈਚਾਰੇ ਦੀਆਂ ਮਹਾਨ ਸ਼ਖਸੀਅਤਾਂ ਦਾ ਵਿਸ਼ੇਸ਼ ਸਨਮਾਨ ਵੀ ਕੀਤਾ ਜਾਵੇਗਾ।



ਜਗਰੂਪ ਸਿੰਘ ਜਰਖੜ
+91–98143–00722

# ਜਗਤ ਪੰਜਾਬੀ ਸਭਾ ਅਤੇ ਓਨਟਾਰੀਓ ਫਰੈਂਡਜ਼ ਕਲੱਬ ਵੱਲੋਂ ਕਵੀ ਦਰਬਾਰ ਆਯੋਜਿਤ



ਬਰੈਂਪਟਨ : ਜਗਤ ਪੰਜਾਬੀ ਸਭਾ ਕੈਨੇਡਾ ਅਤੇ ਓਂਟਾਰਿਓ ਫਰੈਂਡਜ਼ ਕਲੱਬ ਵੱਲੋਂ ਜਗਤ ਪੰਜਾਬੀ ਸਭਾ ਦੇ ਦਫ਼ਤਰ, 134 ਕੈਨੇਡੀ ਰੋਡ ਸਾਊਥ, ਬਰੈਂਪਟਨ ਵਿਖੇ ਸ਼ਾਨਦਾਰ ਕਵੀ ਦਰਬਾਰ ਕਰਵਾਇਆ ਗਿਆ। ਇਸ ਸਮਾਗਮ ਵਿੱਚ ਕਵੀਆਂ ਅਤੇ ਮੈਂਬਰਾਂ ਨੇ ਉਤਸ਼ਾਹ ਨਾਲ ਹਿੱਸਾ ਲਿਆ। ਕਵੀ ਦਰਬਾਰ ਦੇ ਮੁੱਖ ਮਹਿਮਾਨ ਉੱਘੇ ਲੇਖਕ ਅਤੇ ਸੰਪਾਦਕ ਪਾਲ ਸਿੰਘ ਨੌਲੀ ਸਨ। ਉਨ੍ਹਾਂ ਨੇ ਆਪਣੇ ਪ੍ਰਭਾਵਸ਼ਾਲੀ ਭਾਸ਼ਣ ਵਿੱਚ ਵਾਤਾਵਰਨ ਦੀ ਸੰਭਾਲ ਅਤੇ ਦਰਿਆਵਾਂ ਦੇ ਪਾਣੀਆਂ ਨਾਲ ਸਬੰਧਤ ਗੰਭੀਰ ਮੁੱਦਿਆਂ ਬਾਰੇ ਵਿਚਾਰ ਸਾਂਝੇ ਕੀਤੇ।

ਸਮਾਗਮ ਵਿੱਚ ਅਮਰ ਸਿੰਘ ਭੁੱਲਰ, ਸਰਪ੍ਰਸਤ ਜਗਤ ਪੰਜਾਬੀ ਸਭਾ, ਸਰਦੂਲ ਸਿੰਘ ਥਿਆੜਾ, ਪ੍ਰਧਾਨ ਜਗਤ ਪੰਜਾਬੀ ਸਭਾ, ਸੰਤੋਖ ਸਿੰਘ ਸੰਧੂ, ਪ੍ਰਧਾਨ ਓਂਟਾਰਿਓ ਫਰੈਂਡਜ਼ ਕਲੱਬ, ਅਜੈਬ ਸਿੰਘ ਚੱਠਾ, ਚੇਅਰਮੈਨ ਜਗਤ ਪੰਜਾਬੀ ਸਭਾ ਅਤੇ ਅਮਰੀਕ ਸਿੰਘ ਗੋਗਨਾ, ਸਰਪ੍ਰਸਤ ਓਂਟਾਰਿਓ ਫਰੈਂਡਜ਼ ਕਲੱਬ ਸਮੇਤ ਕਈ ਪ੍ਰਮੁੱਖ ਸ਼ਖ਼ਸੀਅਤਾਂ ਨੇ ਹਾਜ਼ਰੀ ਭਰੀ। ਨਾਮਵਰ ਸ਼ਾਇਰ ਜਸਪਾਲ ਦੇਸੂਵੀ ਦੀ ਸੰਚਾਲਨਾ ਹੇਠ ਕਵੀ ਦਰਬਾਰ ਦੌਰਾਨ ਡਾ. ਕੁਲਦੀਪ ਕੌਰ ਗਿੱਲ, ਹਰਜੀਤ ਕੌਰ ਗਿੱਲ, ਮਨਿੰਦਰਜੀਤ ਕੌਰ ਪੂਰਨ, ਗੁਰਮੇਲ ਸਿੰਘ ਢਿੱਲੋਂ, ਕਰਤਾਰ ਸਿੰਘ ਔਲਖ, ਰੂਬੀ ਕਰਤਾਰਪੁਰੀ, ਹਰਜੀਤ ਕੌਰ, ਪ੍ਰਭਜੋਤ ਸਿੰਘ ਰਠੌਰ, ਪਿਆਰਾ ਸਿੰਘ ਕੁੱਦੋਵਾਲ ਤੇ ਰਮਿੰਦਰ ਵਾਲੀਆ ਨੇ ਆਪਣੀਆਂ ਰਚਨਾਵਾਂ ਪੇਸ਼ ਕਰਕੇ ਸਰੋਤਿਆਂ ਦਾ ਮਨ ਮੋਹਿਆ।

ਸਮਾਗਮ ਦੌਰਾਨ ਨਛੱਤਰ ਸਿੰਘ ਮਾਨ ਤੇ ਭੁਪਿੰਦਰ ਸਿਘ ਬਾਜਵਾ, ਮੁੱਖ ਸਲਾਹਕਾਰ ਜਗਤ ਪੰਜਾਬੀ ਸਭਾ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਅਮਰ ਸਿੰਘ ਭੁੱਲਰ ਵੱਲੋਂ ਦਰਸ਼ਨ ਸਿੰਘ ਧਾਲੀਵਾਲ ਦੁਆਰਾ ਐਲਾਨੀ ਗਈ 15,000 ਡਾਲਰ ਦੀ ਸਹਾਇਤਾ ਰਾਸ਼ੀ ਦਾ ਡਰਾਫਟ ਚੇਅਰਮੈਨ ਅਜੈਬ ਸਿੰਘ ਚੱਠਾ ਨੂੰ ਸੌਂਪਿਆ ਗਿਆ। ਇਸ ਮੌਕੇ ਉਨਾਂ ਦੀ ਸ਼ੌਰਟ ਮੂਵੀ 'ਟੀਚਰ' ਨੇ ਵੀ ਵਾਹਵਾ ਪ੍ਰਸੰਸਾ ਖੱਟੀ।










